# ਤਵਾਰੀਖ਼ ਬੋਲਦੀ ਹੈ

## ਤੇ ਹੋਰ ਨਾਟਕ

(ਨਾਟਕ ਸੰਗ੍ਰਹਿ)

ਪਰਮਿੰਦਰ ਕੌਰ ਸਵੈਚ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

**ਤਵਾਰੀਖ਼ ਬੋਲਦੀ ਹੈ**
**ਤੇ ਹੋਰ ਨਾਟਕ**
(ਨਾਟਕ ਸੰਗ੍ਰਹਿ)

**ਪਰਮਿੰਦਰ ਕੌਰ ਸਵੈਚ**
14070 King Road
Surrey B. C., V3R 0M1, Canada
Res Phone No. 604 584 6651
Cell Phone no 604 760 4794
Email: pswaich@hotmail.com

© ਲੇਖਕ

ਪਹਿਲੀ ਵਾਰ : 2016

**ਪ੍ਰਕਾਸ਼ਕ** : **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ।
ਫੋਨ : 01679-241744, 233244 ਫੈਕਸ : 241744
Email: tarksheel@gmail.com
www.thepunjabi.com

**ਛਾਪਕ** : **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ** : 150/-, ਡਾਲਰ 10

---

*© 2016 All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਕੈਨੇਡਾ ਦੀ ਗੁੰਜ਼ਲਦਾਰ ਜ਼ਿੰਦਗੀ ਦੇ ਸਮੇਂ ਵਿੱਚੋਂ ਸਮਾਂ ਕੱਢ ਕੇ
ਰੰਗ ਮੰਚ ਨੂੰ ਜ਼ਿੰਦਾ ਰੱਖਣ ਵਾਲੇ ਸੁਹਿਰਦ ਰੰਗਕਰਮੀਆਂ ਦੇ ਨਾਂ

## ਲੇਖਿਕਾ ਦੀਆਂ ਹੋਰ ਪੁਸਤਕਾਂ

| | | | |
|---|---|---|---|
| 1. | ਮਖੌਟਿਆਂ ਦੇ ਆਰ ਪਾਰ | (ਕਾਵਿ ਸੰਗ੍ਰਹਿ) | (2010) |
| 2. | ਭਲਾ ਮੈਂ ਕੌਣ | (ਨਾਟ-ਸੰਗ੍ਰਹਿ) | (2009) |
| 3. | ਬਲ਼ਦੇ ਬਿਰਖ | (ਨਾਟ-ਸੰਗ੍ਰਹਿ) | (2011) |
| 4. | ਲਹਿਰਾਂ ਦੀ ਵੇਦਨਾ | (ਕਾਵਿ-ਸੰਗ੍ਰਹਿ) | (2016) |

# ਭੂਮਿਕਾ

ਮੈਂ ਪਰਮਿੰਦਰ ਕੌਰ ਸਵੈਚ ਨੂੰ ਕਵਿਤਰੀ, ਨਾਟਕਕਾਰ, ਨਾਟ ਨਿਰਦੇਸ਼ਕਾ ਅਤੇ ਤਰਕਸ਼ੀਲ-ਔਰਤ-ਕਿਰਤੀ ਆਗੂ ਵੱਜੋਂ ਜਾਣਦਾ ਹਾਂ। ਉਸ ਦਾ ਜਨਮ, ਪਾਲਣ ਪੋਸ਼ਣ ਅਤੇ ਜੀਵਨ ਦੀਆਂ ਪੱਕੀਆਂ ਗੰਢਾਂ ਵਾਲਾ ਘਰ ਰਾਜਨੀਤੀ ਨਾਲ ਓਤਪੋਤ ਹਨ। ਰਾਜਨੀਤਕ ਪਰਿਵਾਰ ਵਿੱਚ ਜੁਆਨ ਹੋਈ ਪਰਮਿੰਦਰ ਅਤੇ ਉਸ ਦਾ ਪਤੀ ਮਲਕੀਤ ਸਿੰਘ ਪੰਜਾਬ ਦੀ ਵਿਦਿਆਰਥੀ ਲਹਿਰ ਵਿੱਚ ਸਰਗਰਮ ਰਹੇ ਹਨ। ਫਿਰ ਉਹ ਕੈਨੇਡਾ ਪੁੱਜ ਗਏ। ਮਲਕੀਤ ਸਿੰਘ ਮਕਾਨ ਉਸਾਰੀ ਦੇ ਕਿੱਤੇ ਵਿੱਚ ਹੋਣ ਕਰਕੇ ਉਹ ਘਰੋਂ ਕਾਫੀ ਸੌਖੀ ਹੈ। ਇਸ ਆਰਥਿਕ ਖੁਸ਼ਹਾਲੀ ਦੇ ਬਾਵਜੂਦ ਉਹ ਮਾਰਕਸਵਾਦੀ ਫਲਸਫੇ ਤੇ ਸਿਆਸਤ ਦੀ ਝੰਡਾਬਰਦਾਰ ਹੈ।

ਉਹ ਕੈਨੇਡਾ ਦੀ ਧਰਤੀ ’ਤੇ ਰਾਜਨੀਤੀ ਵੀ ਕਰਦੀ ਹੈ, ਤਰਕਵਾਦ ਦੀ ਲਹਿਰ ਨੂੰ ਤਕੜਾ ਕਰਨ ਲਈ ਵੀ ਡਟੀ ਹੋਈ ਹੈ ਅਤੇ ਰੈਡੀਕਲ ਰਾਜਨੀਤੀ ਲਈ ਉਹ ਕਵਿਤਾ ਵਰਗੀ ਸੂਖ਼ਮ ਵਿਧਾ ਨੂੰ ਹਥਿਆਰ ਵੱਜੋਂ ਅਤੇ ਕਨੈਡਿਆਈ ਪੰਜਾਬੀ/ਭਾਰਤੀ ਆਵਾਮ ਨੂੰ ਸਿੱਧਾ ਸੰਬੋਧਨ ਹੋਣ ਲਈ ਰੰਗਮੰਚ ਦੀ ਵੀ ਵਰਤੋਂ ਕਰਦੀ ਹੈ। ਉਹ ਆਰਥਿਕ ਸਮਾਜਕ ਤੇ ਰਾਜਨੀਤਿਕ ਨਾਬਰਾਬਰੀ ਵਾਲੇ ਢਾਂਚੇ, ਧਾਰਮਿਕ ਦੰਭ ਅਤੇ ਫ਼ਿਰਕਾਪ੍ਰਸਤੀ ਨੂੰ ਪਸੰਦ ਨਹੀਂ ਕਰਦੀ ਸਗੋਂ ਇਨ੍ਹਾਂ ਅਲਾਮਤਾਂ ਨੂੰ ਨੰਗਾ ਕਰਨ ਵਿੱਚ ਯਤਨਸ਼ੀਲ ਰਹਿੰਦੀ ਹੈ। ਉਸ ਦੇ ਸੁਪਨਿਆਂ ਦਾ ਰਾਜ ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ ਵਾਲਾ ਹੈ। ਇਸੇ ਸੇਧ ਵਿੱਚ ਉਹ ਕਵਿਤਾ ਤੇ ਨਾਟਕ ਦੀ ਸਿਰਜਣਾ ਕਰਦੀ ਹੈ। ਉਹ ਆਪਣੀ ਰਾਜਨੀਤਿਕ ਵਿਚਾਰ ਕਹਿਣ ਵਿੱਚ ਇੰਨੀ ਸਖਤ ਏ ਕਿ ਉਹ ਬਹੁਤੀ ਵਾਰ ਕਾਵਿਕਤਾ ਅਤੇ ਨਾਟਕੀਅਤਾਂ ਦੇ ਅੰਸ਼ਾਂ ਦੀ ਪ੍ਰਵਾਹ ਨਹੀਂ ਕਰਦੀ, ਸਗੋਂ ਆਪਣੀ ਧੁਨ ਵਿੱਚ ਅੱਗੇ ਤੁਰੀ ਜਾਂਦੀ ਹੈ।

‘ਤਵਾਰੀਖ਼ ਬੋਲਦੀ ਹੈ’ ਨਾਟ-ਸੰਗ੍ਰਹਿ ਵਿੱਚ ਪਰਮਿੰਦਰ ਭੈਣ ਜੀ ਨੇ ਇੱਕ ਪੂਰਾ ਨਾਟਕ ‘ਤਵਾਰੀਖ਼ ਬੋਲਦੀ ਹੈ, ਦੋ ਇਕਾਂਗੀ ‘ਭਗਤ ਸਿੰਘ ਇੱਕ ਸੋਚ’, ‘ਇਨਸਾਫ਼’ ਅਤੇ ਚਾਰ ਸਕਿੱਟਾਂ ‘ਮਸੋਸਿਆ ਮੂੰਹ’, ‘ਚਾਦਰ ਤੋਂ ਬਾਹਰ’, ‘ਰਿਸਕ’ ਅਤੇ ‘ਨਵੀਆਂ ਰਾਹਾਂ’ ਸ਼ਾਮਿਲ ਕੀਤੇ ਹਨ। ਉਸਦੀ ਇਹ ਨਾਟ ਸਿਰਜਣਾ ਕੈਨੇਡਾ ਦੀ ਦੌੜ ਭੱਜ ਵਾਲੀ ਜ਼ਿੰਦਗੀ ਅਤੇ ਲੋੜਾਂ ਵਿੱਚੋਂ ਹੋਈ ਲੱਗਦੀ ਹੈ। ਉਸ ਦੀਆਂ ਚਾਰ ਸਕਿੱਟਾਂ ਚਲੰਤ ਲੋਕ ਮਸਲਿਆਂ ਅਤੇ ਸਦੀਵੀ ਸਮਾਜਕ ਤੇ ਮਾਨਵੀ ਸਰੋਕਾਰਾਂ ਨੂੰ ਲੈ ਕੇ ਰਚੀਆਂ ਹੋਈਆਂ ਹਨ।

‘ਮਸੋਸਿਆਂ ਮੂੰਹ’ ਵਿੱਚ ਉਹ ਕੈਨੇਡਾ ਦੀ ਲੰਬੀ ਤੇ ਅਕਾਊ ਇਲਾਜ ਪ੍ਰਣਾਲੀ ’ਤੇ ਵਿਅੰਗ ਕੱਸਦੀ ਹੈ। ‘ਚਾਦਰ ਤੋਂ ਬਾਹਰ’ ਸਕਿੱਟ ਵਿੱਚ ਉਹ ਪੰਜਾਬੀਆਂ ਦੇ ਵਿਆਹਾਂ ਸ਼ਾਦੀਆਂ ਉੱਤੇ ਹੁੰਦੇ ਬੇਲੋੜੇ ਖਰਚੇ ਅਤੇ ਵਾਧੂ ਰੀਤੀ ਰਿਵਾਜ਼ਾਂ ਉੱਤੇ ਚਿੰਤਾ ਕਰਦੀ ਨਜ਼ਰ ਆਉਂਦੀ ਹੈ ਅਤੇ ਉਨ੍ਹਾਂ ਨੂੰ ਸਮਝੌਤੀਆਂ ਦਿੰਦੀ ਹੈ। ਅੱਜ ਦੇ ਵਿਗਿਆਨ ਦੇ ਯੁੱਗ ਵਿੱਚ ਵੀ ਪੰਜਾਬੀ ਮਨੁੱਖ ਧੀ ਪੁੱਤਰ ਦੀ ਪੈਦਾਇਸ਼ ਲਈ ਤਾਂਤਰਿਕਾਂ ’ਤੇ ਟੇਕ

ਰੱਖਦਾ ਹੈ। 'ਰਿਸਕ' ਵਿੱਚ ਵੀ ਤਿੰਨ ਮੁੰਡਿਆਂ ਦੀ ਇੱਕ ਮਾਂ ਬੁੱਢੇ ਬਾਰੇ ਧੀ ਲਈ ਇੱਕ ਸਾਧ ਦੇ ਕਹਿਣ 'ਤੇ ਰਿਸਕ ਲੈ ਲੈਂਦੀ ਹੈ ਪਰ ਨਤੀਜਾ ਉਲਟ ਆਉਣ 'ਤੇ ਮੱਥਾ ਹੀ ਫੜ ਕੇ ਨਹੀਂ ਬਹਿੰਦੀ ਸਗੋਂ ਸਾਧ ਦੀਆਂ ਦੌੜਾਂ ਵੀ ਲੁਆਉਂਦੀ ਹੈ। ਔਰਤ ਦੀ ਅਖੌਤੀ ਆਜ਼ਾਦੀ ਨੂੰ ਲੈ ਕੇ ਉਸ 'ਨਵੀਆਂ ਰਾਹਾਂ' ਰਾਹੀਂ ਔਰਤ ਨੂੰ ਨਵਾਂ ਰਾਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਇਕਾਂਗੀ 'ਭਗਤ ਸਿੰਘ ਇੱਕ ਸੋਚ' ਸ਼ਹੀਦ ਭਗਤ ਸਿੰਘ ਦੇ ਨਾਸਤਿਕ ਵਿਚਾਰਾਂ ਨੂੰ ਲੈ ਕੇ ਲਿਖਿਆ ਹੋਇਆ ਹੈ। ਜਦੋਂ ਜੇਲ੍ਹ ਵਿੱਚ ਸਾਡੇ ਸਤਿਕਾਰ ਯੋਗ ਗ਼ਦਰੀ ਕਾਰਕੁਨ ਅਤੇ ਸਿੱਖੀ ਵਿੱਚ ਪੂਰੇ ਭਾਈ ਰਣਧੀਰ ਸਿੰਘ ਨੂੰ ਭਗਤ ਸਿੰਘ ਨੇ ਮਿਲਣਾ ਚਾਹਿਆ ਸੀ ਤਦ ਭਗਤ ਸਿੰਘ ਦੇ ਕੇਸ ਕੱਟੇ ਹੋਣ ਕਾਰਨ ਭਾਈ ਜੀ ਨੇ ਮਿਲਣ ਤੋਂ ਨਾਂਹ ਕਰ ਦਿੱਤੀ ਸੀ। ਉਸ ਵਕਤ ਭਾਈ ਜੀ ਦੇ ਜਵਾਬ ਵਿੱਚ ਭਗਤ ਸਿੰਘ ਨੇ 'ਮੈਂ ਨਾਸਤਿਕ ਕਿਉਂ ਹਾਂ' ਲੇਖ ਲਿਖਿਆ ਸੀ। ਪਰਮਿੰਦਰ ਭੈਣ ਜੀ ਨੇ ਇਸ ਲੇਖ ਨੂੰ ਕੇਂਦਰ ਵਿੱਚ ਰੱਖ ਕੇ ਇਸ ਇਕਾਂਗੀ ਦੀ ਸਿਰਜਣਾ ਕੀਤੀ ਹੈ। ਭਗਤ ਸਿੰਘ ਦੇ ਨਾਸਤਿਕ ਵਿਚਾਰਾਂ ਅਤੇ ਮੌਤ ਵੇਲੇ ਵੀ ਨਾ ਲਿਫਣ ਨੂੰ ਵਡਿਆਇਆ ਹੈ। ਨਾਟਕਕਾਰਾਂ ਨੂੰ ਜੇਲ੍ਹ ਦੇ ਸਫ਼ਾਈ ਸੇਵਕ ਬੋਘੇ ਰਾਹੀਂ ਕਹਾਣੀ ਨੂੰ ਤੋਰਿਆ ਹੈ। ਜਿਵੇਂ ਇਨਕਲਾਬੀ ਦਲ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਗਤ ਸਿੰਘ ਅਤੇ ਬੀ. ਕੇ. ਦੱਤ ਨੂੰ ਅਸੈਂਬਲੀ ਬੰਬ ਵੇਲੇ ਚੁਣਿਆ ਸੀ, ਉਸੀ ਤਰ੍ਹਾਂ ਪਰਮਿੰਦਰ ਮੰਚ 'ਤੇ ਭਗਤ ਸਿੰਘ ਰਾਂਹੀਂ ਹੀ ਉਸਦੇ ਵਿਚਾਰਾਂ ਨੂੰ ਪੇਸ਼ ਕਰਦੀ ਹੈ। ਉਹ ਅਜਿਹੀ ਇਤਿਹਾਸਕ ਘਟਨਾ ਨੂੰ ਅੱਜ ਦੇ ਸਮਿਆਂ ਨਾਲ ਜੋੜ ਕੇ ਪੇਸ਼ ਕਰਦੀ ਹੈ। ਜਦੋਂ ਭਗਤ ਸਿੰਘ ਦਾ ਭੋਗ ਗੁਰਦੁਆਰੇ ਰਖਵਾਇਆ ਜਾਂਦਾ ਹੈ। ਉਸਦਾ ਹਰ ਨਾਟਕ, ਇਕਾਂਗੀ ਅਤੇ ਸਕਿੱਟ ਅੱਜ ਦੇ ਸਮੇਂ ਨੂੰ ਸੰਬੋਧਨ ਹੈ।

ਉਸ ਦਾ ਇੱਕ ਹੋਰ ਇਕਾਂਗੀ 'ਇਨਸਾਫ਼' ਜੋ ਗੁਰਪ੍ਰੀਤ ਸਿੰਘ ਦੀ ਅੰਗਰੇਜ਼ੀ ਕਹਾਣੀ 'ਜਸਟਿਸ' ਉੱਤੇ ਅਧਾਰਤ ਹੈ, ਵੀ ਧਿਆਨ ਮੰਗਦਾ ਹੈ। ਇਹ ਇਕਾਂਗੀ ਉਨ੍ਹਾਂ ਸਿੱਖ ਪਰਿਵਾਰਾਂ ਦੀ ਮਨੋਦਸ਼ਾ ਬਿਆਨ ਕਰਦਾ ਹੈ, ਜਿਹੜੇ 1984 ਤੋਂ ਅੱਜ ਤੱਕ ਇਨਸਾਫ਼ ਦੀ ਉਡੀਕ ਵਿੱਚ ਬਿਰਖ ਹੋ ਗਏ ਹਨ। ਉਹ ਸਦੀਆਂ ਤੋਂ ਦਿੱਲੀ ਵਿੱਚ ਘੁੱਗ ਵਸ ਰਹੇ ਸਨ। ਪਰ ਸਿੱਖ ਹੋਣ ਦੇ ਦੋਸ਼ ਵਿੱਚ ਮਾਰੇ, ਵੱਢੇ ਤੇ ਲੁੱਟੇ ਗਏ। ਦੇਸ਼ ਵਿੱਚ ਕਦੇ ਉਸ ਕਾਂਗਰਸ ਪਾਰਟੀ ਦਾ ਰਾਜ ਆਉਂਦਾ ਹੈ ਜਿਸ ਉੱਤੇ ਸਿੱਖ ਨਸਲਕੁਸ਼ੀ ਦਾ ਦੋਸ਼ ਲੱਗਦਾ ਹੈ, ਕਦੇ ਧਰਮ ਨਿਰਪੱਖ ਪਾਰਟੀਆਂ ਦਾ ਰਾਹ ਆਉਂਦਾ ਹੈ ਅਤੇ ਕਦੇ ਇਸ ਨਸਲਕੁਸੀ ਦਾ ਵਿਰੋਧ ਕਰਨ ਵਾਲੀ ਤੇ ਇਸ ਉਤੇ ਸਿਆਸਤ ਕਰਨ ਵਾਲੀ ਰਾਜਧਾਨੀ ਦਾ ਰਾਜ ਆਇਆ ਪਰ ਰਾਜਧਾਨੀ ਦੇ ਸਿੱਖ ਨੂੰ ਕਿਸੇ ਪਾਰਟੀ ਨੇ ਇਨਸਾਫ਼ ਨਹੀਂ ਦਿੱਤਾ। ਪਰਮਿੰਦਰ ਦਾ ਸਿੱਖ ਪਾਤਰ ਵੀ ਇਸੇ ਇਨਸਾਫ਼ ਲਈ ਤੜਫ਼ ਰਿਹਾ ਹੈ।

ਇਸ ਨਾਟ ਪੁਸਤਕ ਵਿੱਚ ਉਸਨੇ ਇੱਕ ਹੋਰ ਇਤਿਹਾਸਕ ਨਾਟਕ 'ਤਵਾਰੀਖ਼ ਬੋਲਦੀ ਹੈ' ਸ਼ਾਮਿਲ ਕੀਤਾ ਹੈ। ਪਰਮਿੰਦਰ ਨੇ ਇਹ ਨਾਟਕ ਗ਼ਦਰ ਦੀ ਸੌ ਸਾਲਾ ਜਨਮ ਸ਼ਤਾਬਦੀ 'ਤੇ ਲਿਖਿਆ ਸੀ ਅਤੇ ਮੰਚਤ ਵੀ ਕੀਤਾ ਸੀ। ਇਸ ਨਾਟਕ ਦੇ ਅਨੇਕਾਂ ਦ੍ਰਿਸ਼ ਹਨ। ਐਨੀਆਂ ਘਟਨਾਵਾਂ ਨੂੰ ਮੰਚ ਉੱਤੇ ਪੇਸ਼ ਕਰਨਾ ਕਠਿਤ ਕਾਰਜ਼ ਹੁੰਦਾ ਹੈ। ਘਟਨਾਵਾਂ ਦੀ ਬਹੁਤਾਤ ਕਿਤੇ ਰੜਕਦੀ ਵੀ ਹੈ ਪਰ ਗੀਤ-ਸੰਗੀਤ ਅਤੇ ਸੂਤਰਧਾਰ

ਵਹਾਅ ਮੱਠਾ ਨਹੀਂ ਪੈਣ ਦਿੰਦੇ, ਸਗੋਂ ਨਾਟਕ ਨੂੰ ਅੱਗੇ ਤੋਰੀ ਰੱਖਦੇ ਹਨ। ਇਸ ਨਾਟਕ ਵਿੱਚ ਅਮਰੀਕਾ ਵਿੱਚ ਭਾਰਤੀ ਕਾਮਿਆਂ ਦੀ ਬੇਰੁਜ਼ਗਾਰੀ ਤੇ ਬੇਕਦਰੀ ਕਾਰਨ ਗੁਲਾਮੀ ਦਾ ਅਹਿਸਾਸ ਹੋਣਾ, ਗ਼ਦਰ ਪਾਰਟੀ ਦਾ ਬਣਨਾ, ਭਾਰਤ ਵਿੱਚ ਗ਼ਦਰ ਮਚਵਾਉਣ ਲਈ ਤੁਰਨਾ, ਮਨੀਲਾ ਵਿੱਚ ਪਤੀ ਦੇ ਖਿਲਾਫ਼ ਗੁਲਾਬ ਕੌਰ ਦਾ ਡੱਟਣਾ, ਅੰਗਰੇਜ਼ਪ੍ਰਸਤ ਬੇਲਾ ਸਿੰਘ ਵੱਲੋਂ ਅੰਗਰੇਜ਼ ਅਫ਼ਸਰ ਹਾਪ ਕਿਨਸਨ ਦਾ ਕਤਲ, ਅਦਾਲਤੀ ਕਾਰਵਾਈ, ਮੇਵਾ ਸਿੰਘ ਨੂੰ ਫ਼ਾਂਸੀ, ਕੈਨੇਡਾ ਵਿੱਚ ਕਾਮਾਗਾਟਾ ਮਾਰੂ ਜਹਾਜ਼, ਬੱਜਬਜ ਘਾਟ ਦੀ ਘਟਨਾ, ਦੇਸ਼ ਵਿੱਚ ਗ਼ਦਰ ਮਚਾਉਣਾ, ਫਾਂਸੀਆਂ ਲਟਕਣਾ, ਦੇਸ਼ ਅਜ਼ਾਦ ਹੋਣਾ, ਸੰਤਾਲੀ ਦੇ ਦੰਗੇ ਫ਼ਸਾਦ ਅਤੇ ਮਾਰਕਸੀ ਲੈਨਿਨੀ ਦੌਰ ਵੇਲੇ ਬਾਬਾ ਬੂਝਾ ਸਿੰਘ ਦੀ ਸ਼ਹਾਦਤ ਤੱਕ ਇਹ ਨਾਟਕ ਫੈਲਿਆ ਹੋਇਆ ਹੈ।

ਇਸ ਨਾਟਕ ਵਿੱਚ ਵੱਡੀਆਂ ਇਤਿਹਾਸਕ ਘਟਨਾਵਾਂ ਵਾਂਗ ਵੱਡੇ ਆਗੂ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ, ਸਰਾਭਾ, ਲਾਲਾ ਹਰਦਿਆਲ ਤੋਂ ਲੈ ਕੇ ਬਾਬਾ ਬੂਝਾ ਸਿੰਘ ਤੱਕ ਅਤੇ ਅਨੇਕਾਂ ਅੰਗਰੇਜ਼ ਅਫ਼ਸਰ ਇਸ ਨਾਟਕ ਦੇ ਪਾਤਰ ਹਨ। ਜ਼ਿਆਦਾ ਘਟਨਾਵਾਂ ਅਤੇ ਪਾਤਰਾਂ ਦੇ ਬਾਵਜੂਦ ਵੀ ਨਾਟਕ ਖਿਲਰਿਆ ਨਹੀਂ। ਜਿੱਥੇ ਵੀ ਕਿਤੇ ਝੋਲ ਮਾਰਨ ਲੱਗਦਾ ਹੈ ਉੱਥੇ ਹੀ ਗੀਤ-ਸੰਗੀਤ ਸਹਾਰਾ ਬਣ ਜਾਂਦੇ ਹਨ। ਇੰਨੇ ਇਤਿਹਾਸ ਅਤੇ ਪਾਤਰਾਂ ਨੂੰ ਕਲੇਵਾਰ ਵਿੱਚ ਲੈਣਾ ਤੇ ਸਾਂਭਣਾ ਨਾਟਕਕਾਰਾਂ ਦੀ ਸੂਰਮਗਤੀ ਲੱਗਦੀ ਹੈ। ਪਹਿਲੇ ਗ਼ਦਰ ਦੇ ਕੇਂਦਰ ਵਿੱਚ ਆਜ਼ਾਦੀ ਸੀ ਪਰ ਲੇਖਿਕਾ ਨੇ ਆਜ਼ਾਦੀ ਦੇ ਨਾਲ ਇਨਕਲਾਬ ਨੂੰ ਵੀ ਸ਼ਾਮਿਲ ਕਰ ਲਿਆ ਹੈ। ਪਰਮਿੰਦਰ ਕੌਰ ਸਵੈਚ ਕੋਲ ਨਾਟਕ ਲਿਖਣ ਦੀ ਪ੍ਰਤਿਭਾ ਹੈ, ਸਾਫ ਸੁਥਰੀ ਦ੍ਰਿਸ਼ਟੀ ਹੈ ਤੇ ਰੰਗਮੰਚ ਦੀਆਂ ਬਰੀਕੀਆਂ ਵੀ ਹਨ। ਪੰਜਾਬੀ ਨਾਟ ਜਗਤ ਨੂੰ ਉਸ ਕੋਲੋਂ ਬਹੁਤ ਅੱਛੀਆਂ ਨਾਟ ਸਕਰਿਪਟਾਂ ਦੀ ਆਸ ਹੈ। ਇਸੇ ਆਸ ਵਿੱਚ।

**-ਅਜਮੇਰ ਸਿੱਧੂ**
ਫੋਨ : 94630-63990

# ਇੱਕ ਕਲਾਕਾਰ ਦੀ ਕਲਮ ਤੋਂ ਪਰਮਿੰਦਰ ਲਈ ਕੁੱਝ ਸ਼ਬਦ

ਮੈਂ ਪਰਮਿੰਦਰ ਨੂੰ ਕੋਈ ਦਸ ਕੁ ਸਾਲਾਂ ਦਾ ਜਾਣਦਾ ਹਾਂ, ਮੇਰੇ ਖਿਆਲ ਵਿੱਚ ਪਰਮਿੰਦਰ ਕਵਿੱਤਰੀ, ਨਾਟਕਕਾਰ, ਤਰਕਸ਼ੀਲਤਾ ਤੇ ਵਿਗਿਆਨਕ ਦ੍ਰਿਸ਼ਟੀ ਤੇ ਆਮ ਲੋਕਾਂ ਦੀ ਚਲਦੀ ਫਿਰਦੀ ਇੱਕ ਵਧੀਆ ਸੋਚ ਹੈ। ਇਹ ਈਸਟ ਇੰਡੀਅਨ ਡੀਫੈਂਸ ਕਮੇਟੀ ਤੇ ਤਰਕਸ਼ੀਲ ਸੁਸਾਇਟੀ ਲਈ ਬਹੁਤ ਹੀ ਵਧੀਆ ਤੇ ਅਣਥੱਕ, ਮੂਹਰਲੀਆਂ ਸਫਾਂ ਵਿੱਚ ਕੰਮ ਕਰਨ ਵਾਲੀ ਸ਼ਖਸ਼ੀਅਤ ਹੈ। ਇਹ ਕਮਿਊਨਿਟੀ ਦੀਆਂ ਕਾਫੀ ਜਥੇਬੰਦੀਆਂ ਜਿਹੜੀਆਂ ਲੋਕਾਂ ਲਈ ਕੰਮ ਕਰਦੀਆਂ ਹਨ, ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੀ ਹੈ। ਇੱਕ ਤਿੰਨ ਬੱਚਿਆਂ ਦੀ ਮਾਂ ਹੋਣ ਤੇ ਆਪਣੇ ਜੀਵਨ ਸਾਥੀ ਨਾਲ ਦਿਨ ਰਾਤ ਕੰਮ ਕਰਨ ਦੇ ਬਾਵਜੂਦ ਲੋਕਾਂ ਦੀ ਜਿੱਥੇ ਵੀ ਕੋਈ ਗੱਲ ਹੁੰਦੀ ਹੈ ਉੱਥੇ ਇਸਦਾ ਮੌਜੂਦ ਹੋਣਾ ਲਾਜ਼ਮੀ ਹੁੰਦਾ ਹੈ ਤੇ ਇਸਦੀ ਮੌਜੂਦਗੀ ਲੋਕਾਂ ਦੀ ਇੱਛਾ ਵੀ ਹੁੰਦੀ ਹੈ।

ਇਸਦੇ ਪਹਿਲੇ ਦੋ ਨਾਟਕ ਸੰਗ੍ਰਹਿ 'ਭਲਾ ਮੈਂ ਕੌਣ' ਤੇ 'ਬਲ਼ਦੇ ਬਿਰਖ' ਵੱਲ ਨਿਗ੍ਹਾ ਮਾਰੀਏ ਤਾਂ ਉਸ ਵਿੱਚ ਇਸ ਦਾ ਅਸਲੀ ਰੂਪ ਦਿਖਾਈ ਦਿੰਦਾ ਹੈ। ਇੱਕ ਔਰਤ ਦੇ ਦਿਲ ਦੀ ਗੱਲ ਨੂੰ ਸਮਝਣ ਵਾਲੀ ਤੇ ਸਮਾਜ ਦੀਆਂ ਕੁਰੀਤੀਆਂ ਨੂੰ ਸਮਝ ਕੇ ਉਸ ਉੱਤੇ ਹੋ ਰਹੇ ਹਮਲਿਆਂ ਦੀ ਗਹਿਰਾਈ ਤੱਕ ਜਾ ਕੇ ਨਾਟਕਾਂ ਰਾਹੀਂ ਪੇਸ਼ ਕਰਕੇ ਇੱਕ ਵਧੀਆ ਸਮਾਜ ਸਿਰਜਣ ਦੀ ਗੱਲ ਕਰਦੀ ਵਿਖਾਈ ਦਿੰਦੀ ਹੈ। ਸ਼ਾਇਦ ਇਹ ਉਸਨੂੰ ਆਪਣੇ ਪੁਰਖਿਆਂ ਦਾਦਾ ਜੀ ਦੇ ਗ਼ਦਰੀ ਹੋਣ ਤੇ ਚਾਚਾ ਜੀ ਸ਼ਹੀਦ ਕਰਨੈਲ ਸਿੰਘ ਈਸੜੂ ਜਿਹੜੇ ਗੋਆ ਦੀ ਅਜ਼ਾਦੀ ਵਿੱਚ ਸ਼ਹੀਦ ਹੋਏ ਸਨ, ਉਹਨਾਂ ਤੋਂ ਮਿਲਿਆ ਹੈ।

ਜਿੱਥੇ ਇਹ ਨਾਟਕ ਵਧੀਆ ਤਰੀਕੇ ਨਾਲ ਲਿਖਦੀ ਹੈ, ਉੱਥੇ ਉਸਨੂੰ ਅਮਲੀ ਰੂਪ ਵਿੱਚ ਸਟੇਜ਼ ਤੇ ਲੈ ਕੇ ਆਉਣਾ ਤੇ ਨਵੇਂ ਨਵੇਂ ਕਲਾਕਾਰਾਂ ਨੂੰ ਖਾਸ ਕਰ ਕੈਨੇਡਾ ਦੇ ਜੰਮਪਲ ਬੱਚਿਆਂ ਤੋਂ ਨਾਟਕ ਕਰਵਾਉਣਾ, ਇਹਦੀ ਨਿਮਰਤਾ ਹੀ ਹੈ, ਸ਼ਾਇਦ ਇਹ ਇਸਨੇ ਗੁਰਸ਼ਰਨ ਭਾ ਜੀ ਤੋਂ ਗੁੜ੍ਹਤੀ ਲਈ ਹੈ। ਮੈਨੂੰ ਯਾਦ ਹੈ ਜਦੋਂ ਮੈਂ ਇਸ ਨਾਲ ਪਹਿਲਾ ਨਾਟਕ "ਤਵਾਰੀਖ਼ ਬੋਲਦੀ ਹੈ" ਖੇਡਿਆ। ਇਸ ਨਾਟਕ ਨੂੰ ਸਟੇਜ ਤੇ ਲਿਆਉਣ ਤੋਂ ਪਹਿਲਾਂ ਮੈਨੂੰ ਯਕੀਨ ਹੈ ਕਿ ਇਹ ਇੱਕ ਮਹੀਨਾ ਸੌਂ ਨਹੀਂ ਸੀ ਸਕੀ। ਮੇਰੇ ਕਹਿਣ ਦਾ ਭਾਵ ਕਿ ਇੱਕ ਅਣਥੱਕ ਤੇ ਕਦੇ ਵੀ ਮੱਥੇ ਵੱਟ ਨਾ ਪਾਉਣ ਵਾਲੀ ਤੇ ਹਮੇਸ਼ਾਂ ਖੁਸ਼ ਰਹਿਣ ਵਾਲੀ ਔਰਤ ਤੇ ਸਾਨੂੰ ਬਹੁਤ ਹੀ ਆਸਾਂ ਹਨ ਤੇ ਸਾਨੂੰ ਲੱਗਦਾ ਹੈ ਕਿ ਇਹ ਸਾਨੂੰ ਕਦੇ ਨਿਰਾਸ਼ ਨਹੀਂ ਹੋਣ ਦੇਵੇਗੀ।

ਲੋਕਾਂ ਦੇ ਰੋਜ਼ਾਨਾ ਮਸਲਿਆਂ ਉਪਰ ਇਸਦੀ ਕਲਮ ਕਿਸੇ ਨਾ ਕਿਸੇ ਰੂਪ ਵਿੱਚ ਚਲਦੀ ਰਹਿੰਦੀ ਹੈ। ਕੁੱਝ ਹਫ਼ਤੇ ਪਹਿਲਾਂ ਇਸਨੇ ਇੱਕ ਹੋਰ ਨਾਟਕ "ਭਗਤ ਸਿੰਘ ਇੱਕ ਸੋਚ" ਲਿਖ ਕੇ ਤੇ ਖੇਡ ਕੇ ਜਦੋਂ ਲੋਕਾਂ ਦੇ ਰੂਬਰੂ ਕੀਤਾ ਤਾਂ ਸੁਹਿਰਦ

ਲੋਕਾਂ ਨੇ ਇਸਦੀ ਵਿਲੱਖਣਤਾ ਬਾਰੇ ਸਾਡੇ ਨਾਲ ਗੱਲ ਬਾਤ ਕੀਤੀ। ਇਸ ਵਿੱਚ ਇਸਨੇ ਦੱਸਿਆ ਕਿ ਸਿਆਸਤਦਾਨ ਧਰਮ ਜਾਂ ਭਗਤ ਸਿੰਘ ਨੂੰ ਕਿਸ ਤਰ੍ਹਾਂ ਵਰਤਦੇ ਹਨ? ਭਗਤ ਸਿੰਘ ਦਾ ਅਸਲੀ ਕਿਰਦਾਰ ਜੋ ਉਸਦੀਆਂ ਹੱਥ ਲਿਖਤਾਂ ਵਿੱਚ ਪਿਆ ਹੈ ਨੂੰ ਲੋਕਾਂ ਤੇ ਬੱਚਿਆਂ ਨੂੰ ਦਿਲੋਂ ਅਪਨਾਉਣ ਦਾ ਸੱਦਾ ਦਿੱਤਾ। ਪਰਮਿੰਦਰ ਦਾ ਇੱਕ ਹੋਰ ਨਾਟਕ 'ਬਲ਼ਦੇ ਬਿਰਖ' ਵੀ ਮੈਨੂੰ ਕਰਨ ਦਾ ਮੌਕਾ ਮਿਲਿਆ ਉਸ ਵਿੱਚ ਸਾਡੇ ਸ਼ਹਿਰ ਸਰ੍ਹੀ ਦਾ ਭੱਖਦਾ ਮਸਲਾ, ਡਰੱਗ ਤੇ ਨਿੱਤ ਚਲਦੀ ਗੋਲ਼ੀ ਦੇ ਕਾਰਣਾਂ ਬਾਰੇ ਖੋਲ੍ਹ ਕੇ ਲਿਖਿਆ ਗਿਆ ਹੈ ਕਿ ਇਸ ਵਿੱਚ ਬੱਚੇ, ਮਾਪੇ ਜਾਂ ਸਿਸਟਮ ਕਿੰਨਾ ਕਿੰਨਾ ਕਸੂਰਵਾਰ ਹੈ।

ਮੈਨੂੰ ਯਾਦ ਹੈ ਕਿ ਪੰਜ ਕੁ ਸਾਲ ਪਹਿਲਾਂ ਮੈਂ ਤੇ ਮੇਰੀ ਪਤਨੀ, ਪਰਮਿੰਦਰ ਤੇ ਮਲਕੀਤ ਅਸੀਂ ਚਾਰੇ ਜਣੇ ਸ਼ਾਮ ਨੂੰ ਖਾਣਾ ਖਾ ਕੇ ਹਟੇ ਸੀ, ਮੇਰੇ ਮੂੰਹ ਵਿੱਚੋਂ ਅਚਾਨਕ ਹੀ ਨਿਕਲਿਆ ਕਿ ਪਰਮਿੰਦਰ ਤੁਸੀਂ ਮੈਨੂੰ ਬਾਪੂ ਕਿਹਾ ਕਰੋ। ਬੱਸ ਉਸ ਦਿਨ ਤੋਂ ਹੀ ਅਸੀਂ ਬਾਪੂ ਬਣ ਗਏ ਪਰਮਿੰਦਰ ਤੇ ਮਲਕੀਤ ਦੇ ਤੇ ਸਾਡੀ ਘਰਵਾਲੀ ਮਾਂ। ਜਦੋਂ ਵੀ ਪਰਮਿੰਦਰ ਮੈਨੂੰ ਬਾਪੂ ਕਹਿ ਕੇ ਬੁਲਾਉਂਦੀ ਹੈ ਤਾਂ ਇੱਕ ਨਿੱਘ ਜਿਹਾ ਆ ਜਾਂਦਾ ਹੈ ਤੇ ਇਸੇ ਕਰਕੇ ਮਾਣ ਨਾਲ ਮੈਂ ਕਹਿ ਸਕਦਾ ਹਾਂ ਕਿ ਪਰਮਿੰਦਰ ਦੀ ਕਲਮ ਹਮੇਸ਼ਾਂ ਦੱਬੇ, ਕੁਚਲੇ ਲੋਕਾਂ ਦੇ ਹੱਕ ਵਿੱਚ ਤੇ ਮਨੁੱਖ ਦੀ ਮਨੁੱਖ ਦੇ ਹੱਥੋਂ ਲੁੱਟ ਹੋਣ ਦੇ ਖਿਲਾਫ਼ ਤੇ ਇੱਕ ਵਧੀਆ ਸਮਾਜ ਸਿਰਜਣ ਦੇ ਲਈ ਜੋ ਵੀ ਇਸਨੂੰ ਲਿਖਣਾ ਚਾਹੀਦਾ ਹੈ ਇਹ ਜਰੂਰ ਲਿਖੇਗੀ।

- ***ਸੰਤੋਖ ਸਿੰਘ ਢੇਸੀ***

# ਰੰਗ ਮੰਚ ਦੇ ਸਫ਼ਰ ਤੇ

ਜ਼ਿੰਦਗੀ ਇੱਕ ਰੰਗ ਮੰਚ ਹੈ ਜਿਸਦਾ ਮੰਚਨ ਮਨੁੱਖ ਜ਼ਿੰਦਗੀ ਭਰ ਕਰਦਾ ਰਹਿੰਦਾ ਹੈ ਪਰ ਮੇਰੇ ਲਈ ਰੰਗ ਮੰਚ ਮੇਰੀ ਜ਼ਿੰਦਗੀ ਹੈ ਜਿਸ ਨਾਲ ਮੈਂ ਬਚਪਨ ਤੋਂ ਹੀ ਜੁੜ ਗਈ ਸੀ। ਕਾਲਜ ਦੇ ਦਿਨਾਂ ਵਿੱਚ ਜਦੋਂ ਪਹਿਲਾ ਨਾਟਕ 'ਦਾਜ ਦੀ ਲਾਹਨਤ' ਲਿਖਿਆ ਤਾਂ ਉਸ ਨੂੰ ਦੋ ਵਾਰ ਖੇਡਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਉਸਦੀਆਂ ਯਾਦਾਂ ਨੂੰ ਹੀ ਕੈਨੇਡਾ ਦੀ ਧਰਤੀ ਤੇ ਲੈ ਕੇ ਪਹੁੰਚ ਗਈ ਤੇ ਤਕਰੀਬਨ 15 ਸਾਲ ਸਾਹਿਤ ਨਾਲੋਂ ਹੀ ਟੁੱਟ ਗਈ। ਬਾਅਦ ਵਿੱਚ ਜਿਉਂ ਜਿਉਂ ਹੀਲੇ ਵਸੀਲੇ ਬਣਦੇ ਗਏ ਜਿਹਨਾਂ ਸਦਕਾ ਮੇਰਾ ਪਹਿਲਾ ਨਾਟ ਸੰਗ੍ਰਿਹ 'ਭਲਾ ਮੈਂ ਕੌਣ' ਦੂਸਰਾ 'ਬਲ਼ਦੇ ਬਿਰਖ' ਤੇ ਅੱਜ ਤੀਸਰਾ ਨਾਟ ਸੰਗ੍ਰਹਿ "ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ" ਪਾਠਕਾਂ ਦੀ ਝੋਲ਼ੀ ਪਾਉਣ ਜਾ ਰਹੀ ਹਾਂ। ਇਸ ਵਿੱਚ ਤਵਾਰੀਖ਼ ਬੋਲਦੀ ਹੈ ਵੱਡਾ ਨਾਟਕ ਹੈ, ਦੋ ਇਕਾਂਗੀ ਹਨ ਤੇ ਚਾਰ ਸਕਿੱਟਾਂ ਹਨ। ਇਹਨਾਂ ਦਸ ਬਾਰਾਂ ਸਾਲਾਂ ਤੋਂ ਜਦੋਂ ਤੋਂ ਮੈਂ ਦੁਆਰਾ ਨਾਟਕ ਲਿਖਣਾ ਸ਼ੁਰੂ ਕੀਤਾ ਹੈ ਤਾਂ ਇਸ ਨਾਟਕ ਸਾਹਿਤ ਦੀ ਗਹਿਰਾਈ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਹੀ ਹਾਂ। ਜਿੱਥੇ ਮੈਂ ਕੁੱਝ ਵਧੀਆ ਲਿਖਣਾ ਚਾਹੁੰਦੀ ਹਾਂ ਉੱਥੇ ਨਾਟਕਾਂ ਦਾ ਮੰਚਨ ਕਰਨਾ ਹੋਰ ਵੀ ਜਰੂਰੀ ਸਮਝਦੀ ਹਾਂ। ਨਾਟਕ ਸਾਹਿਤ (ਕਲਾ) ਅਜਿਹਾ ਸਾਹਿਤ ਨਹੀਂ ਜੋ ਸਿਰਫ ਕਿਤਾਬਾਂ ਦਾ ਮੁਹਤਾਜ ਹੀ ਹੋਵੇ, ਇਹ ਤਾਂ ਸਟੇਜ ਤੇ ਜਾ ਕੇ ਦਰਸ਼ਕਾਂ ਦੇ ਰੂਬਰੂ ਹੋ ਕੇ ਉਹਨਾਂ ਦੇ ਦਿਲਾਂ ਵਿੱਚ ਉਤਰਨ ਦੀ ਪ੍ਰਕਿਰਿਆ ਹੈ, ਜਿਸਨੂੰ ਜ਼ਿੰਦਾ ਰੱਖਣ ਲਈ ਮੈਂ ਹਰ ਸੰਭਵ ਕੋਸ਼ਿਸ਼ ਕਰਨਾ ਚਾਹੁੰਦੀ ਹਾਂ।

ਕਨੇਡਾ ਦੀ ਧਰਤੀ ਤੇ ਬਾਹਰੋਂ ਆ ਕੇ ਨਾਟਕ ਖੇਡ ਜਾਣੇ ਜਾਂ ਖਿਡਵਾ ਲੈਣੇ, ਬਹੁਤ ਹੀ ਸੌਖਾ ਤਰੀਕਾ ਹੈ ਕਿਉਂਕਿ ਤੁਹਾਨੂੰ ਬਹੁਤ ਸਾਰੇ ਸੰਪੋਂਸਰਜ਼ ਮਿਲ ਜਾਂਦੇ ਹਨ ਜੋ ਪੈਸੇ ਦੇ ਕੇ ਕੰਮ ਕਰਵਾ ਸਕਦੇ ਹਨ। ਪਰ ਇੱਥੋਂ ਦੀ ਧਰਤੀ ਬਾਰੇ ਨਾਟਕ ਲਿਖਣਾ ਕਿਉਂਕਿ ਮੇਰੀ ਸਮਝ ਮੁਤਾਬਕ ਨਾਟਕ ਸਾਡੀ ਆਮ ਜ਼ਿੰਦਗੀ ਵਿੱਚ ਆਉਣ ਵਾਲੀਆਂ ਸਮਾਜਿਕ, ਸਭਿਆਚਾਰਕ, ਧਾਰਮਿਕ, ਆਰਥਿਕ, ਰਾਜਨੀਤਕ ਤੇ ਘਰੇਲੂ ਸਮੱਸਿਆਵਾਂ ਬਾਰੇ ਜਾਗਰੂਕ ਕਰਨਾ ਤੇ ਉਹਨਾਂ ਦੇ ਹੱਲ ਬਾਰੇ ਸੋਚਣਾ ਹੁੰਦਾ ਹੈ ਪਰ ਇਹੋ ਜਿਹੇ ਸਾਮਰਾਜੀ ਮੁਲਕਾਂ ਵਿੱਚ ਆ ਕੇ ਜਿੱਥੇ ਮਜ਼ਦੂਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਮੇਰੀ ਲੁੱਟ ਕਿਵੇਂ ਤੇ ਕਦੋਂ ਤੇ ਕਿੱਥੇ ਹੁੰਦੀ ਹੈ। ਇੱਥੇ ਮਜ਼ਦੂਰ ਦੀ ਲੁੱਟ ਨੂੰ ਕੁਨੀਨ ਦੀ ਗੋਲ਼ੀ ਵਾਂਗ ਅੰਦਰ ਸੁੱਟਣ ਲਈ ਉੱਪਰ ਖੰਡ ਦਾ ਲੇਪ ਕਰ ਲਿਆ ਜਾਂਦਾ ਹੈ ਜੋ ਸੌਖੇ ਕਿਤੇ ਪਤਾ ਨਾ ਲੱਗੇ। ਜਿਹੜੇ ਲੋਕ ਸਿਰ ਸਿੱਟ ਕੇ ਘਰਾਂ ਦੀਆਂ ਕਿਸ਼ਤਾਂ ਦੇਣ ਵਿੱਚ ਮਗ਼ਰੂਰ ਇੱਕ ਤੋਂ ਦੂਜੀ ਤੇ ਦੂਜੀ ਤੋਂ ਤੀਜੀ ਸ਼ਿਫਟ ਵਿੱਚ ਦੌੜੇ ਜਾ ਰਹੇ ਹਨ ਉਹਨਾਂ ਕੋਲ ਸੋਚਣ, ਬੈਠਣ, ਦੇਖਣ ਤੇ ਸੁਣਨ ਦਾ ਸਮਾਂ ਕਿੱਥੇ ਹੈ। ਬਹੁਤੀ ਵਾਰੀ ਇਹ ਕਹਿਣਗੇ ਕਿ ਤੁਸੀਂ ਐਂਵੇ ਨੁਕਸ ਕੱਢਦੇ ਰਹਿੰਦੇ ਹੋ ਪਰ ਸਮਾਂ ਪਾ ਕੇ ਜਦੋਂ ਉਹ ਸਮੱਸਿਆਵਾਂ ਵਿਕਰਾਲ ਰੂਪ ਧਾਰਨ ਕਰਦੀਆਂ ਹਨ ਤਾਂ ਇਹ ਸੱਚ ਉਹਨਾਂ ਦੇ ਸਾਹਮਣੇ ਹੁੰਦਾ ਹੈ। ਨਾਟਕ ਦੇ ਰਾਹੀਂ ਸੁਨੇਹਾ ਦੇਣ ਲਈ, ਕਲਾਕਾਰਾਂ ਨੂੰ ਇਕੱਠੇ ਕਰਨਾ ਤੇ ਇਸ ਦਾ ਮੰਚਨ ਕਰਨਾ

ਹੋਰ ਵੀ ਔਖਾ ਕੰਮ ਹੈ ਪਰ ਜਿਹਨਾਂ ਲੋਕਾਂ ਦੇ ਹੱਡਾਂ ਵਿੱਚ ਰੰਗਮੰਚ ਰਚ ਜਾਵੇ ਉਹ ਕਿਵੇਂ ਨਾ ਕਿਵੇਂ ਇਹੋ ਜਿਹੀਆਂ ਮੁਸ਼ਕਲਾਂ ਦੇ ਹੱਲ ਲਈ ਹਰਵਕਤ ਤਤਪਰ ਰਹਿੰਦੇ ਹਨ। ਮੇਰਾ ਵੀ ਕੁੱਝ ਅਜਿਹਾ ਹੀ ਹਾਲ ਹੈ। ਨਾਟਕ ਖੇਡਣ ਤੋਂ ਇੱਕ ਹਫਤਾ ਪਹਿਲਾਂ ਇਹੀ ਸੋਚੀਦਾ ਹੈ ਕਿ ਇਹ ਅਖੀਰ ਹੈ ਇਸਤੋਂ ਅੱਗੇ ਇਹ ਫਾਹਾ ਨਹੀਂ ਲੈਣਾ ਪਰ ਜਿਸ ਦਿਨ ਨਾਟਕ ਹੋ ਜਾਂਦਾ ਹੈ ਫਿਰ ਅਗਲੇ ਦੀਆਂ ਤਿਆਰੀਆਂ ਸ਼ੁਰੂ।

ਇਸ ਕਿਤਾਬ ਦੇ ਨਾਟਕ ਲਿਖਣ ਵੇਲੇ ਮੇਰੀ ਜ਼ਿੰਦਗੀ ਦਾ ਇੱਕ ਅਨੋਖਾ ਅਨੁਭਵ ਸੀ ਕਿਉਂਕਿ ਇਸ ਵਿੱਚ 'ਤਵਾਰੀਖ਼ ਬੋਲਦੀ ਹੈ', 'ਭਗਤ ਸਿੰਘ ਇੱਕ ਸੋਚ' ਤੇ 'ਇਨਸਾਫ਼' ਤਿੰਨ ਇਤਿਹਾਸਕ ਨਾਟਕ ਹਨ ਜਿਹਨਾਂ ਨੂੰ ਮੈਂ ਅੱਜ ਦੀ ਗੱਲ ਨਾਲ ਜੋੜ ਕੇ ਲਿਖਿਆ ਹੈ। ਇਹਨਾਂ ਲਈ ਮੈਨੂੰ ਸੌ ਸਾਲ ਦੇ ਇਤਿਹਾਸ ਦੇ ਅੰਦਰ ਜਾ ਕੇ ਸਾਡੇ ਗ਼ਦਰੀ ਬਾਬਿਆਂ ਦੀਆਂ ਨਿੱਕੀਆਂ ਵੱਡੀਆਂ ਗੱਲਾਂ ਜਿਹਨਾਂ ਨੇ ਮੈਨੂੰ ਪ੍ਰਭਾਵਤ ਕੀਤਾ ਤੇ ਜਿਸ ਨਾਲ ਕੈਨੇਡਾ ਦੀ ਧਰਤੀ ਤੇ ਸਾਡੇ ਆਉਣ ਵਾਲੇ ਭਵਿੱਖ ਨੂੰ ਦੱਸਣ ਲਈ ਕਿ ਅਸੀਂ ਇੱਥੇ ਸੌਖਿਆਂ ਹੀ ਇਹ ਅਜ਼ਾਦੀ ਨਹੀਂ ਮਾਣ ਰਹੇ ਸਗੋਂ ਸੌ ਸਾਲਾਂ ਦੀ ਜਦੋਜਹਿਦ ਦਾ ਸਿੱਟਾ ਹੈ, ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਨਾਟਕ ਵਿੱਚ ਗ਼ਦਰੀ ਬਾਬੇ ਵਿਦੇਸ਼ਾਂ ਨੂੰ ਕਿਉਂ ਗਏ, ਕਿਉਂ ਮੁੜਕੇ ਭਾਰਤ ਗਏ, ਕੀ ਕੁੱਝ ਝੱਲਿਆ, ਕਿਵੇਂ ਕੁਰਬਾਨ ਹੋਏ, ਦੇਸ਼ ਅਜ਼ਾਦ ਹੋਇਆ ਤੇ ਅਜ਼ਾਦ ਭਾਰਤ ਵਿੱਚ 1970 ਵਿਆਂ ਵਿੱਚ 82 ਸਾਲ ਦੇ ਬੁੱਢੇ ਬਾਬਾ ਬੂਝਾ ਸਿੰਘ ਨੂੰ ਝੂਠੇ ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ। ਇਤਿਹਾਸ ਦੇ ਨਾਲ ਨਾਲ ਗ਼ਦਰੀ ਬਾਬਿਆਂ ਦੇ ਜੀਵਨ ਫਲਸਫੇ ਨੂੰ ਉਜਾਗਰ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ ਕਿਉਂਕਿ ਕੈਨੇਡਾ ਅਮਰੀਕਾ ਦੀ ਧਰਤੀ ਤੇ ਸ਼ੁਰੂ ਹੋਈ ਗ਼ਦਰ ਲਹਿਰ ਅੱਜ ਵੀ ਦੁਨੀਆਂ ਭਰ ਵਿੱਚ ਕਿਤੇ ਨਾ ਕਿਤੇ ਸੰਘਰਸ਼ਸ਼ੀਲ ਹੈ ਅਤੇ ਭਾਰਤ ਦੇ ਕਿਸੇ ਨਾ ਕਿਸੇ ਕੋਨੇ ਵਿੱਚ ਜਿਊਂਦੀ ਜਾਗਦੀ ਨਜ਼ਰ ਆਉਂਦੀ ਹੈ। ਜਿਸਨੇ ਆਪਣੇ ਹੱਕਾਂ ਦੀ ਲੜਾਈ ਦਾ ਮੁੱਢ ਤੋਰਿਆ ਸੀ। ਇਹ ਨਾਟਕ ਮੈਂ ਗ਼ਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਵਿੱਚ ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਦੀ ਮੰਗ ਤੇ ਲਿਖਿਆ ਅਤੇ ਦੋ ਵਾਰ ਮੰਚਤ ਵੀ ਕੀਤਾ ਗਿਆ। ਪਹਿਲੀ ਵਾਰ ਗੁਰਦੀਪ ਭੁੱਲਰ ਨੇ ਇਸਦੀ ਨਿਰਦੇਸ਼ਨਾ ਕੀਤੀ ਤੇ ਦੂਸਰੀ ਵਾਰ 2015 ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀਆਂ ਦੀ ਸ਼ਹਾਦਤ ਦੇ ਤੇ ਸ਼ਹੀਦ ਭਾਈ ਮੇਵਾ ਸਿੰਘ ਜਿਹੜੇ ਕਨੇਡੀਅਨ ਸ਼ਹੀਦ ਸਨ, ਨੂੰ ਸਮਰਪਤ ਕੀਤਾ ਗਿਆ ਸੀ। ਇਸਦੀ ਨਿਰਦੇਸ਼ਨਾ ਦਾ ਜਿੰਮਾ ਮੈਂ ਤੇ ਜਸਕਰਨ ਨੇ ਨਿਭਾਇਆ।

ਦੂਸਰਾ ਇਤਿਹਾਸਕ ਨਾਟਕ (ਇਕਾਂਗੀ) ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਨ ਨੂੰ ਮੁੱਖ ਰੱਖਕੇ ਪ੍ਰੋਗਰੈਸਿਵ ਆਰਟ ਕਲੱਬ ਦੀ ਮੰਗ ਨੂੰ ਮੁੱਖ ਰੱਖਦਿਆਂ ਇਕਬਾਲ ਪੁਰੇਵਾਲ ਦੇ ਸੁਝਾਵਾਂ ਦੇ ਤਹਿਤ ਲਿਖਿਆ ਤੇ ਖੇਡਿਆ ਗਿਆ। ਇਹ ਨਾਟਕ ਲਿਖ ਕੇ ਤੇ ਖੇਡ ਕੇ ਮੈਨੂੰ ਅੰਤਾਂ ਦੀ ਖੁਸ਼ੀ ਹੋਈ ਕਿ ਲੋਕਾਂ ਨੇ ਇਸਦੇ ਵੱਖਰੇ ਵਿਸ਼ੇ ਨੂੰ ਬਹੁਤ ਖੁਸ਼ੀ ਨਾਲ ਪ੍ਰਵਾਨ ਕੀਤਾ ਜਿਹੜੀ ਉਸਦੀ ਫਿਲਾਸਫੀ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਮੈਂ ਆਪਣੀ ਕਲਮ ਨਾਲ ਇਸਨੂੰ ਲੋਕਾਂ ਵਿੱਚ ਲਿਜਾਣ ਲਈ ਵੱਖਰਾ ਰਾਹ ਅਪਣਾਇਆ ਹੈ ਜਿਹੜੀ ਰੱਬ ਦੀ ਗੱਲ ਭਗਤ ਸਿੰਘ 80-85 ਸਾਲ ਪਹਿਲਾਂ ਕਰ ਗਿਆ, ਅਸੀਂ ਅੱਜ ਵੀ ਡਰੀ ਜਾਂਦੇ

ਹਾਂ। ਜੇ ਅਸੀਂ ਭਗਤ ਸਿੰਘ ਦੇ ਪੈਰੋਕਾਰ ਹਾਂ ਤਾਂ ਸਾਨੂੰ ਉਹਦੀ ਫਿਲਾਸਫੀ ਨੂੰ ਜਿਉਂ ਦੀ ਤਿਉਂ ਲੋਕਾਂ ਵਿੱਚ ਲਿਜਾਣਾ ਪਵੇਗਾ, ਮੈਂ ਕੋਸ਼ਿਸ਼ ਕੀਤੀ ਹੈ, ਤੁਸੀਂ ਦੱਸਣਾ ਕਿਵੇਂ ਲੱਗੀ।

ਤੀਸਰਾ ਨਾਟਕ (ਇਕਾਂਗੀ) 'ਇਨਸਾਫ਼' ਨਵੰਬਰ, 1984 ਦੇ ਕਤਲੇਆਮ ਦੇ ਅਪਾਹਜ਼ ਪੀੜਤ ਦੀ ਕਹਾਣੀ ਹੈ ਕਿ 30-32 ਸਾਲਾਂ ਤੋਂ ਉਹ ਕਿਵੇਂ ਇਨਸਾਫ ਲਈ ਦਰ-ਬਦਰ ਭਟਕਦਾ ਫਿਰਦਾ ਹੈ ਦਰਅਸਲ ਇਹ ਨਾਟਕ ਗੁਰਪ੍ਰੀਤ ਸਿੰਘ ਰੇਡਿਓ ਹੋਸਟ ਤੇ ਪੱਤਰਕਾਰ ਦੀ ਅੰਗਰੇਜ਼ੀ ਦੀ ਕਹਾਣੀ 'ਜਸਟਿਸ' ਦਾ ਪੰਜਾਬੀ ਅਨੁਵਾਦ ਤੇ ਨਾਟਕੀ ਰੂਪ ਹੈ। ਮੈਂ ਇਸ ਲਈ ਗੁਰਪ੍ਰੀਤ ਦਾ ਬਹੁਤ ਧੰਨਵਾਦ ਕਰਦੀ ਹਾਂ ਕਿ ਉਹਨਾਂ ਨੇ ਮੈਨੂੰ ਇਸਨੂੰ ਨਾਟਕੀ ਰੂਪ ਦੇਣ ਦੀ ਇਜ਼ਾਜਤ ਦਿੱਤੀ।

ਇਹਨਾਂ ਤੋਂ ਇਲਾਵਾ ਚਾਰ ਹੋਰ ਸਕਿੱਟਾਂ ਮੈਂ ਇਸ ਕਿਤਾਬ ਵਿੱਚ ਸ਼ਾਮਲ ਕੀਤੀਆਂ ਹਨ। "ਚਾਦਰ ਤੋਂ ਬਾਹਰ", "ਮਸੋਸਿਆ ਮੂੰਹ", "ਨਵੀਆਂ ਰਾਹਾਂ" ਤੇ "ਰਿਸਕ" ਇਹ ਸਾਰੀਆਂ ਹਲਕੀਆਂ ਫੁਲਕੀਆਂ ਕਨੇਡਾ ਦੀ ਜ਼ਿੰਦਗੀ ਨਾਲ ਸਬੰਧਤ ਹਨ ਅਤੇ ਔਰਤਾਂ ਦੇ ਇਕੱਠਾਂ ਵਿੱਚ ਕਈ ਕਈ ਵਾਰ ਮੰਚਤ ਕੀਤੀਆਂ ਗਈਆਂ ਹਨ। ਸਮਾਜ ਦੇ ਵਿੱਚ ਛੋਟੀਆਂ-ਛੋਟੀਆਂ ਗੱਲਾਂ ਜੋ ਕਈ ਵਾਰ ਮੈਨੂੰ ਚੁਭਦੀਆਂ ਹਨ ਉਹਨਾਂ ਲੋਕਾਂ ਨੂੰ ਕਹਿਣ ਲਈ ਨਾਟਕ ਦਾ ਜ਼ਰੀਆ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੁੰਦੀ ਹਾਂ ਜਦ ਨਾਟਕਾਂ ਦੀ ਕਿਤਾਬ ਛਪਵਾਉਣ ਦੀ ਗੱਲ ਤੁਰੀ ਤਾਂ ਮੇਰੀਆਂ ਇਹਨਾਂ ਛੋਟੀਆਂ-ਛੋਟੀਆਂ ਕਿਰਤਾਂ ਜਿਹੜੀਆਂ ਕਈ ਵਾਰ ਵੱਡੀ ਗੱਲ ਕਹਿ ਜਾਂਦੀਆਂ ਹਨ, ਨੂੰ ਵੀ ਮੈਂ ਵਿੱਚ ਸ਼ਾਮਲ ਕਰ ਲਿਆ। ਨਾਲੇ ਮਾਂ ਦੇ ਬੱਚੇ ਛੋਟੇ ਵੱਡੇ ਇੱਕੋ ਥਾਂ ਬਰਾਬਰ ਬਰਾਬਰ। ਉਂਜ਼ ਕਨੇਡਾ ਦੀ ਧਰਤੀ ਤੇ ਜਿੱਥੇ ਸਮੇਂ ਦੀ ਘਾਟ ਹੈ ਉੱਥੇ ਇਹ ਵੱਡੀ ਅਹਿਮੀਅਤ ਰੱਖਦੀਆਂ ਹਨ।

ਅੱਜ ਜਦੋਂ ਛੋਟੀਆਂ ਵੱਡੀਆਂ ਕਿਰਤਾਂ ਨੂੰ ਕਿਤਾਬੀ ਰੂਪ ਦੇਣ ਜਾ ਰਹੀ ਹਾਂ ਤਾਂ ਮੈਂ ਸਮਝਦੀ ਹਾਂ ਕਿ ਇਸਦੀ ਰਚਨਹਾਰੀ ਮੈਂ ਇਕੱਲੀ ਨਹੀਂ ਮੇਰੇ ਨਾਲ ਜੁੜਿਆ ਹਰ ਉਹ ਇਨਸਾਨ ਜਿਸਨੇ ਮੈਨੂੰ ਚੰਗੀ ਮਾੜੀ ਸਮਝ ਦਿੱਤੀ ਹੈ ਤੇ ਮੇਰਾ ਆਲਾ ਦੁਆਲਾ ਜਿਸਦੀ ਹੱਲਾਸ਼ੇਰੀ ਨਾਲ ਇਹ ਨਾਟਕ ਲਿਖੇ ਗਏ, ਖੇਡੇ ਗਏ ਤੇ ਮਾਣੇ ਗਏ ਉਹ ਸਾਰੇ ਹੀ ਵਧਾਈ ਦੇ ਪਾਤਰ ਹਨ ਤੇ ਮੈਂ ਕਲਾਕਾਰਾਂ ਦਾ ਧੰਨਵਾਦ ਕਰਦੀ ਹਾਂ ਜਿਹਨਾਂ ਦੀ ਅਣਥੱਕ ਮਿਹਨਤ ਸਦਕਾ ਇਹ ਲੋਕਾਂ ਦੇ ਰੂਬਰੂ ਹੋ ਸਕੇ ਹਨ। ਮੈਂ ਉਹਨਾਂ ਦੀ ਹਮੇਸ਼ਾਂ ਦੇਣਦਾਰ ਹਾਂ ਕਿਉਂਕਿ ਬਿਨ੍ਹਾਂ ਇਵਜ਼ (ਤਨਖਾਹ) ਫੋਕੀ ਸ਼ਾਬਾਸ਼ੇ ਲਈ ਐਨਾ ਸਮਾਂ ਕੱਢਣਾ ਬਹੁਤ ਹੀ ਔਖਾ ਕੰਮ ਹੈ ਪਰ ਮੈਨੂੰ ਮਾਣ ਹੈ ਕਿ ਉਹ ਹਮੇਸ਼ਾਂ ਮੇਰੇ ਨਾਲ ਤੁਰਦੇ ਹਨ।

ਕੁੱਝ ਜਥੇਬੰਦੀਆਂ ਜੋ ਬਹੁਤ ਸਾਲਾਂ ਤੋਂ ਮੇਰਾ ਸਾਥ ਦੇ ਰਹੀਆਂ ਹਨ, ਜਿਹਨਾਂ ਕਰਕੇ ਮੈਂ ਨਾਟਕ ਲਿਖਦੀ ਤੇ ਖੇਡਣ ਲਈ ਉਹ ਮੰਚ ਤੇ ਹੱਲਾਸ਼ੇਰੀ ਦਿੰਦੀਆਂ ਹਨ ਤੇ ਮੇਰੀਆਂ ਗਲਤੀਆਂ ਬਾਰੇ ਮੈਨੂੰ ਸੁਚੇਤ ਵੀ ਕਰਦੀਆਂ ਹਨ ਜਿਵੇਂ ਕਿ ਪ੍ਰੋਗਰੈਸਿਵ ਆਰਟ ਕਲੱਬ, ਈਸਟ ਇੰਡੀਅਨ ਡੀਫੈਂਸ ਕਮੇਟੀ, ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ, ਤਰਕਸ਼ੀਲ ਕਲਚਰਲ ਸੁਸਾਇਟੀ, ਸ਼ਹੀਦ ਮੇਵਾ ਸਿੰਘ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ, ਸ਼ਹੀਦ ਭਗਤ ਸਿੰਘ ਮੈਮੋਰੀਅਲ ਸੁਸਾਇਟੀ, ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ, ਸੰਗਮ ਸਿਸਟਰਜ਼, ਸਾਹਿਤ ਸਭਾ ਸਰ੍ਰੀ, ਕੇਂਦਰੀ ਲਿਖਾਰੀ ਸਭਾ,

ਲੇਖਕ ਮੰਚ ਆਦਿ, ਮੈਂ ਸਭ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ।

ਮੈਂ ਅਜਮੇਰ ਸਿੱਧੂ, ਜਸਵੀਰ ਮੰਗੂਵਾਲ ਤੇ ਸਾਰਾ ਭਾਬੀ ਜਿਹਨਾਂ ਨੇ ਇਸ ਕਿਤਾਬ ਨੂੰ ਛਪਵਾਉਣ ਲਈ ਬਹੁਤ ਸਾਥ ਦਿੱਤਾ ਹੈ ਮੈਂ ਉਹਨਾਂ ਦਾ ਧੰਨਵਾਦ ਕਰਦੀ ਹਾਂ। ਮੈਂ ਨਿਰਮਲ ਕਿੰਗਰਾ, ਇਕਬਾਲ ਪੁਰੇਵਾਲ, ਸੰਤੋਖ ਢੇਸੀ, ਹਰਭਜਨ ਚੀਮਾ, ਅਵਤਾਰ ਗਿੱਲ, ਸੁਰਿੰਦਰ ਹੀਰਾ ਜਿਹੜੇ ਗਾਹੇ ਵਗਾਹੇ ਮੇਰੀਆਂ ਗਲਤੀਆਂ ਦਰੁਸਤ ਕਰਦੇ ਰਹਿੰਦੇ ਹਨ ਦੀ ਵੀ ਦਿਲੋਂ ਰਿਣੀ ਹਾਂ। ਮਲਕੀਤ ਮੇਰੇ ਜੀਵਨ ਸਾਥੀ ਜਿਹਨਾਂ ਨੇ ਨਾਟਕ ਲਿਖਣ, ਸੁਣਨ, ਖੇਡਣ ਲਈ ਸਮਾਂ ਤੇ ਛਪਵਾਉਣ ਲਈ ਆਰਥਿਕ ਮੱਦਦ ਕਰਕੇ ਤੁਹਾਡੇ ਰੂਬਰੂ ਹੋਣ ਲਈ ਸਾਥ ਦਿੱਤਾ ਤੇ ਮੇਰੇ ਤਿੰਨੋ ਬੱਚੇ ਜਾਸਮਿਨ, ਸ਼ਾਨ ਤੇ ਅਨਮੋਲ ਜਿਹਨਾਂ ਨੇ ਮੈਨੂੰ ਆਪਣੇ ਸਮੇਂ ਵਿੱਚੋਂ ਸਮਾਂ ਤੇ ਕੰਪਿਊਟਰ ਦੀਆਂ ਸੇਵਾਵਾਂ ਦਿੱਤੀਆਂ ਹਨ, ਦੀ ਦਿਲੋਂ ਧੰਨਵਾਦੀ ਹਾਂ। ਅੰਤ ਵਿੱਚ ਤਰਕ ਭਾਰਤੀ ਪ੍ਰਕਾਸ਼ਨ ਦੇ ਅਮਿੱਤ ਮਿੱਤਰ ਤੇ ਮੇਘ ਰਾਜ ਮਿੱਤਰ ਹੋਰਾਂ ਜਿਹਨਾਂ ਦੀ ਮਿਹਨਤ ਸਦਕਾ ਇਹ ਕਿਰਤ ਤੁਹਾਡੇ ਹੱਥਾਂ ਵਿੱਚ ਹੈ, ਦੀ ਵੀ ਮੈਂ ਦਿਲੋਂ ਧੰਨਵਾਦੀ ਹਾਂ।

ਅੰਤ ਵਿੱਚ ਦੋਸਤੋ, ਪਾਠਕੋ, ਲੇਖਕੋ, ਅਲੋਚਕੋ ਮੇਰੀ ਤੁੱਛ ਜਿਹੀ ਭੇਂਟ ਤੁਹਾਡੀ ਕਚਹਿਰੀ ਵਿੱਚ ਤੁਹਾਡੇ ਹੱਥਾਂ ਵਿੱਚ ਹੈ, ਨਿਰਣਾ ਤੁਹਾਡਾ, ਕਿ ਤੁਸੀਂ ਇਸਨੂੰ ਹਰ ਪੱਖ ਤੋਂ ਦੇਖ ਪਰਖ ਕੇ ਕਿਸ ਕਟਹਿਰੇ ਵਿੱਚ ਖੜ੍ਹਾ ਕਰਦੇ ਹੋ। ਚੰਗੇ ਸੁਝਾਵਾਂ ਦੀ ਉਡੀਕ ਵਿੱਚ–

*ਤੁਹਾਡੀ*

***-ਪਰਮਿੰਦਰ ਸਵੈਚ***

# ਤਤਕਰਾ


| | | |
|---|---|---|
| 1. | ਤਵਾਰੀਖ਼ ਬੋਲਦੀ ਹੈ | 15 |
| 2. | ਮਸੋਸਿਆ ਮੂੰਹ | 78 |
| 3. | ਚਾਦਰ ਤੋਂ ਬਾਹਰ | 84 |
| 4. | ਇਨਸਾਫ਼ | 91 |
| 5. | ਰਿਸਕ | 105 |
| 6. | ਨਵੀਆਂ ਰਾਹਾਂ | 115 |
| 7. | ਭਗਤ ਸਿੰਘ ਇੱਕ ਸੋਚ | 122 |

# ਤਵਾਰੀਖ਼ ਬੋਲਦੀ ਹੈ

**ਪਾਤਰ**

| | |
|---|---|
| ਸੂਤਰਧਾਰ | ਜਗਤ ਸਿੰਘ |
| ਸੋਹਣ ਸਿੰਘ ਭਕਨਾ | ਮੈਨੇਜਰ (ਗੋਰਾ) |
| ਮੌਲਵੀ ਬਰਕੁੱਤਉੱਲਾ | ਸੈਕਟਰੀ |
| ਕਰਤਾਰ ਸਿੰਘ ਸਰਾਭਾ | ਪੰਡਤ ਕਾਂਸ਼ੀ ਰਾਮ |
| ਲਾਲ਼ਾ ਹਰਦਿਆਲ | ਬੀਬੀ ਗੁਲਾਬ ਕੌਰ |
| ਗ਼ਦਰੀ | ਮਾਨ ਸਿੰਘ |
| ਮਿਸਟਰ ਰੀਡ | ਮਿਸਟਰ ਸਟੀਵਨਜ਼ |
| ਮਿਸਟਰ ਹਾਪਕਿਨਸਨ | ਬੇਲਾ ਸਿੰਘ |
| ਜਸਟਿਸ ਮੋਰੀਸਨ | ਭਾਈ ਮੇਵਾ ਸਿੰਘ |
| ਮਿਸਟਰ ਟੇਅਲਰ | ਮਿਸਟਰ ਵੁੱਡ |
| ਸਟੈਨੋ ਟਾਈਪਿਸਟ | ਮਿਸਜ਼ ਡਾਲਟਨ |
| ਵਿਸ਼ਨੂੰ ਗਨੇਸ਼ ਪਿੰਗਲੇ | |
| ਹਰਨਾਮ ਸਿੰਘ | ਜੁਆਲਾ ਸਿੰਘ |
| ਜੱਜ | |
| ਵਕੀਲ | ਆਦਮੀ |
| ਮਾਤਾ ਜੀ | ਮੁਟਿਆਰ ਲੜਕੀ |
| ਦਾਦਾ ਜੀ | |
| ਅਫ਼ਸਰ | |
| ਹਰਨਾਮ ਸਿੰਘ | ਸੁਰੈਣ ਸਿੰਘ 1 |
| ਬਖ਼ਸ਼ੀਸ਼ ਸਿੰਘ | ਸੁਰੈਣ ਸਿੰਘ 2 |
| ਹਰਨਾਮ ਸਿੰਘ | |
| ਅੰਗਰੇਜ਼ | ਹਿੰਦੂ |
| ਮੁਸਲਿਮ | ਸਿੱਖ |
| ਆਮ ਆਦਮੀ | ਬਹੁਤ ਸਾਰੇ ਉਜੜੇ ਲੋਕ |
| ਭਾਰਤ ਮਾਂ | (ਔਰਤਾਂ, ਬੱਚੇ, ਬੁੱਢੇ, ਨੌਜਵਾਨ) |
| ਬਾਬਾ ਬੂਝਾ ਸਿੰਘ | ਕੈਦੀ |
| ਠਾਣੇਦਾਰ | ਹੌਲਦਾਰ |

## ਦ੍ਰਿਸ਼ ਪਹਿਲਾ

## (ਪਾਰਕ ਦਾ ਸੀਨ)

ਗੀਤ : "ਅਸੀਂ ਵਾਰਸ ਹਾਂ ਸ਼ਹੀਦ ਦੇ, ਸਾਡੇ ਪੈਰ ਨੀ ਥੰਮਣੇ,
ਮਾਂ ਦੀ ਕੁੱਖ ਚੋਂ ਬੰਦ ਨੀ ਹੋਣੇ, ਯੋਧੇ ਜੰਮਣੇ,
ਤਾਲ਼ੇ ਸੱਚ ਦੇ ਖੋਲ੍ਹ ਦੀ, ਤਵਾਰੀਖ਼ ਬੋਲਦੀ,
ਤਵਾਰੀਖ਼ ਬੋਲਦੀ---"

(ਚਲਦੇ ਗੀਤ ਵਿੱਚ ਗ਼ਦਰ ਲਹਿਰ ਦਾ ਝੰਡਾ ਫੜ ਕੇ ਸਾਰੇ ਪਾਤਰ ਗੀਤ ਗਾਉਂਦੇ ਹੋਏ ਸਟੇਜ ਤੇ ਗੇੜਾ ਕੱਢ ਕੇ ਬਾਹਰ ਜਾਂਦੇ ਹਨ ਤੇ ਸੂਤਰਧਾਰ ਸਟੇਜ ਦੇ ਵਿਚਕਾਰ ਰੁਕ ਜਾਂਦਾ ਹੈ।)

ਸੂਤਰਧਾਰ : "ਜਿਨ੍ਹਾਂ ਖ਼ੂੰਨ ਦੇ ਨਾਲ ਸਾਡੇ ਬਾਗ਼ ਸਿੰਜੇ,
ਉਹ ਮਾਲੀ ਨਹੀਂ ਦਿਲੋਂ ਭੁਲਾਉਣ ਵਾਲੇ।
ਜਿਹੜੇ ਅੱਗ ਨਾਲ ਖੇਡਦੇ ਵਿਦਾ ਹੋਏ,
ਪੌਣਾਂ ਸੰਗ ਤਰਾਨੇ ਜੋ ਗਾਉਣ ਵਾਲੇ।
ਜੇਲ਼ਾਂ, ਫਾਂਸੀਆਂ, ਪਿੰਜਰੇ, ਕਾਲੇ ਪਾਣੀ,
ਜਿਹੜੇ ਜੂਝਦੇ ਰਹੇ ਤੇ ਹੱਸਦੇ ਰਹੇ।
ਜਿਹੜੇ ਗੁੜ੍ਹਤੀ ਗ਼ਦਰ ਦੀ ਲੈ ਜੰਮੇ,
ਜਿਹੜੇ ਤੇਗਾਂ ਦੀ ਧਾਰ ਤੇ ਨੱਚਦੇ ਰਹੇ।
ਤਨ, ਮਨ, ਧੰਨ ਗ਼ਦਰ ਦੀ ਭੇਂਟ ਕੀਤਾ,
ਜਿਹੜੇ ਗ਼ਦਰ ਦੇ ਲਈ ਕੁਰਬਾਨ ਹੋ ਗਏ।
ਮੇਲੇ ਉਹਨਾਂ ਦੀ ਯਾਦ ਵਿੱਚ ਲੱਗਦੇ ਨੇ,
ਜਿਹੜੇ ਗ਼ਦਰ ਦੇ ਅਮਰ ਨਿਸ਼ਾਨ ਹੋ ਗਏ।"

ਅੱਜ ਇੱਥੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸਾਕਾ ਜਿਸ ਵਿੱਚ ਭਾਰਤ ਦੇ ਅਨੇਕਾਂ ਸੂਰਬੀਰ ਜਿਨ੍ਹਾਂ ਨੇ ਜੰਗੇ ਅਜ਼ਾਦੀ ਦੀ ਗ਼ਦਰ ਲਹਿਰ ਵਿੱਚ ਸ਼ਿਰਕਤ ਕੀਤੀ ਜਾਂ ਜਾਮੇ ਸ਼ਹਾਦਤ ਪੀਤਾ, ਨੂੰ ਯਾਦ ਕੀਤਾ ਜਾ ਰਿਹਾ ਹੈ, ਜਿਹਨਾਂ ਵਿੱਚ 145 ਉਹ ਸਨ ਜਿਨ੍ਹਾਂ ਫਾਂਸੀ ਦਾ ਰੱਸਾ ਚੁੰਮਿਆ ਜਾਂ ਪੁਲਸ ਮੁੱਠਭੇੜ ਵਿੱਚ ਸ਼ਹਾਦਤ ਦਿੱਤੀ। 306 ਐਸੇ ਸੂਰਬੀਰ ਸਨ ਜਿਨ੍ਹਾਂ ਨੇ ਕਾਲੇ ਪਾਣੀਆਂ ਵਿੱਚ ਪਿੰਜਰਾ ਬੰਦ ਉਮਰ ਕੈਦਾਂ ਕੱਟੀਆਂ ਅਤੇ 77 ਇਹੋ ਜਿਹੇ ਸਨ ਜਿਹੜੇ ਹਿੰਦੋਸਤਾਨ

ਦੀਆਂ ਵੱਖ ਵੱਖ ਜੇਲ਼ਾਂ ਵਿੱਚ ਸਾਰੀ ਉਮਰ ਤੜ੍ਹਫਦੇ ਰਹੇ। ਬਹੁਤ ਸਾਰੇ ਐਹੋ ਜਿਹੇ ਸਨ ਜਿਹੜੇ ਗੁੰਮਨਾਮ ਜ਼ਿੰਦਗੀ ਜਾਂ ਮੌਤ ਦੇ ਰੂਬਰੂ ਹੋਏ। ਅੱਜ ਇੱਥੇ ਉਹਨਾਂ ਦੀ ਜ਼ਿੰਦਗੀ ਦੇ ਕੁੱਝ ਪਹਿਲੂ 'ਤਵਾਰੀਖ਼ ਬੋਲਦੀ ਹੈ' ਦੇ ਰਾਹੀਂ ਪੇਸ਼ ਕੀਤੇ ਜਾ ਰਹੇ ਹਨ। ਇਹ 20ਵੀਂ ਸਦੀ ਦੇ ਪਹਿਲੇ ਦਹਾਕੇ ਦਾ ਸਮਾਂ ਸੀ।

(ਪਰਦਾ ਖੁੱਲ੍ਹਣ ਤੇ ਪਾਰਕ ਦਾ ਸੀਨ ਹੈ। ਜਗਤ ਸਿੰਘ ਬੈਂਚ ਤੇ ਬੈਠਾ ਹੈ।)

ਜਗਤ ਸਿੰਘ : (ਆਪਣੇ ਆਪ ਨਾਲ) ਜ਼ਮੀਨ ਛੱਡ ਕੇ ਰਿਸ਼ਤੇਦਾਰਾਂ ਤੋਂ ਕਿਰਾਇਆ ਲੈ ਕੇ ਇੱਥੇ ਪਹੁੰਚ ਤਾਂ ਗਿਆ ਹਾਂ ਔਖਾ ਸੌਖਾ, ਹੁਣ ਜੇ ਕੰਮ ਛੇਤੀ ਮਿਲ ਜਾਵੇ ਤਾਂ ਫੜਿਆ ਕਰਜ਼ਾ ਉਤਾਰ ਸਕਦਾਂ। ਭਾਈ ਸਾਹਿਬ ਸੋਹਣ ਸਿੰਘ ਭਕਨਾ ਕਹਿੰਦੇ ਤਾਂ ਸੀ ਕਿ ਕੰਮ ਲੱਭਣ ਜਾਣਗੇ, ਮੇਰੇ ਨਾਲ---ਪਰ ਆਏ ਨੀ ਅਜੇ।

ਸੋਹਣ ਸਿੰਘ : ਜਗਤ ਸਿੰਆਂ

ਜਗਤ ਸਿੰਘ : ਆ ਗਏ ਭਾਈ ਸਾਹਿਬ

ਸੋਹਣ ਸਿੰਘ ਭਕਨਾ : (ਉਸਨੂੰ ਉਦਾਸ ਦੇਖ ਕੇ) ਜਗਤ ਸਿੰਆਂ ਉਦਾਸ ਨਾ ਹੋ, ਪਰਿਵਾਰ ਨੂੰ ਛੱਡ ਕੇ ਮੁਸ਼ਕਲ ਤਾਂ ਲੱਗਦਾ ਹੀ ਹੈ।

ਜਗਤ ਸਿੰਘ : ਪਰਿਵਾਰ ਨੂੰ ਜਿਹੜੀ ਗੱਲੋਂ ਛੱਡਿਆ ਸੀ ਉਹ ਤਾਂ ਪੂਰੀ ਹੁੰਦੀ ਨੀ ਦੀਂਹਦੀ। ਹੁਣ ਐਥੇ ਆ ਕੇ ਕੋਈ ਕੰਮ ਨਹੀਂ ਮਿਲ ਰਿਹੈ, ਸਮਝ ਨਹੀਂ ਆਉਂਦੀ ਕਿ ਕੀ ਹੋਵੇਗਾ?

ਸੋਹਣ ਸਿੰਘ ਭਕਨਾ : ਕੰਮ ਤਾਂ ਮਿਲ ਹੀ ਜਾਵੇਗਾ ਦੌਂਹ ਚੌਂਹ ਦਿਨਾਂ ਵਿੱਚ ਪਰ----

ਜਗਤ ਸਿੰਘ : ਪਰ ਕੀ?

ਸੋਹਣ ਸਿੰਘ ਭਕਨਾ : ਇੱਥੇ ਆਪਣੇ ਲੋਕਾਂ ਨਾਲ ਬਾਹਰ ਵੀ ਤੇ ਕੰਮ ਤੇ ਵੀ ਬਹੁਤ ਮਾੜਾ ਸਲੂਕ ਕੀਤਾ ਜਾਂਦੈ।

ਜਗਤ ਸਿੰਘ : ਕਿਉਂ? ਐਥੇ ਵੀ!

ਸੋਹਣ ਸਿੰਘ ਭਕਨਾ : ਕਿਉਂਕਿ ਇੱਥੋਂ ਦੇ ਬਸ਼ਿੰਦੇ ਸਾਡੇ ਰੰਗ ਕਰਕੇ ਸਾਡੇ ਨਾਲ ਨਸਲੀ ਵਿਤਕਰਾ ਕਰਦੇ ਨੇ।

ਜਗਤ ਸਿੰਘ : ਆਪਣੇ ਤਾਂ ਉੱਥੇ ਪੜ੍ਹੇ ਲਿਖੇ ਲੋਕ ਹਰ ਵਕਤ ਅੰਗਰੇਜ਼

ਸਰਕਾਰ ਦੇ ਗੁਣ ਗਾਉਣੋਂ ਨਹੀਂ ਥੱਕਦੇ। ਆਪਣੀ ਅੰਗਰੇਜ਼ ਸਰਕਾਰ ਇਨ੍ਹਾਂ ਨੂੰ ਕੁਛ ਨਹੀਂ ਕਹਿੰਦੀ?

ਸੋਹਣ ਸਿੰਘ ਭਕਨਾ : ਜੇ ਸਰਕਾਰ ਕੁਝ ਕਹਿੰਦੀ ਹੋਵੇ ਤਾਂ ਕਾਹਦਾ ਘਾਟਾ। ਡੁੱਬੀ ਤਾਂ, ਜੇ ਸਾਹ ਨਾ ਆਇਆ। ਆਪਣੀ ਅੰਗਰੇਜ਼ ਸਰਕਾਰ ਹੀ ਤਾਂ ਆਪਾਂ ਨੂੰ ਮਤਰੇਏ ਸਮਝਦੀ ਆ।

ਜਗਤ ਸਿੰਘ : ਆਪਾਂ ਕਿਹੜਾ ਇੱਥੇ ਰਾਜ ਕਰਨ ਆਏਂ ਆਂ, ਉੱਥੇ ਭੁੱਖੇ ਮਰਦੇ ਸੀ ਤਾਂ ਇੱਥੇ ਆ ਗਏ। ਇਹਨਾਂ ਨੂੰ ਕੀ ਆ। ਜੇ ਕੰਮ ਕਰਨੈ ਤਾਂ ਹੀ ਚਾਰ ਪੈਸੇ ਕਮਾਉਣੇ ਨੇ।

ਸੋਹਣ ਸਿੰਘ ਭਕਨਾ : ਆਪਣਾ ਤੇ ਇਹਨਾਂ ਦਾ ਤਾਂ ਇਹੀ ਫਰਕ ਐ ਕਿ ਇੱਥੋਂ ਦੇ ਮਜ਼ਦੂਰ ਘੱਟ ਤਨਖਾਹ ਤੇ ਕੰਮ ਨੀ ਕਰਨਾ ਚਾਹੁੰਦੇ, ਅਸੀਂ ਕਹਿੰਨੇ ਆਂ ਕੰਮ ਹੋਵੇ ਚਾਹੇ ਚਾਰ ਪੈਸੇ ਘੱਟ। ਆਪਣੀ ਇਸ ਗੱਲ ਦਾ ਫਾਇਦਾ ਉਠਾ ਕੇ ਮਿੱਲ ਮਾਲਕ ਪਰਵਾਸੀਆਂ ਤੋਂ ਘੱਟ ਤਨਖ਼ਾਹ ਤੇ ਕੰਮ ਕਰਵਾਉਣਾ ਚਾਹੁੰਦੇ ਹਨ ਪਰ ਅਮਰੀਕਨ ਤੇ ਕਨੇਡੀਅਨ ਮਜ਼ਦੂਰ ਇਹ ਪਸੰਦ ਨਹੀਂ ਕਰਦੇ। ਇਸੇ ਕਰਕੇ ਇੱਥੋਂ ਦੇ ਤੇ ਭਾਰਤੀ ਮਜ਼ਦੂਰ ਆਪਸ ਵਿੱਚ ਤਨਾਓ 'ਚ ਰਹਿੰਦੇ ਨੇ। ਬਹੁਤੀ ਵਾਰ ਤਾਂ ਗਾਲੀ-ਗਲੋਚ ਤੇ ਹੱਥੋ-ਪਾਈ ਤੱਕ ਗੱਲ ਪਹੁੰਚ ਜਾਂਦੀ ਐ।

ਜਗਤ ਸਿੰਘ : ਗਾਲ਼ੀ ਗਲੋਚ! ਆਹ ਤਾਂ ਫਿਰ ਇਹ ਗੱਲ ਹੋਈ ਮੂਸਾ ਭੱਜਾ ਮੌਤ ਤੋਂ, ਅੱਗੇ ਮੌਤ ਖੜ੍ਹੀ। ਨਾ ਹੁਣ ਫੇਰ ਕੀ ਹੋਊ ?

ਸੋਹਣ ਸਿੰਘ ਭਕਨਾ : ਕੰਮ ਤਾਂ ਮਿਲ ਹੀ ਜਾਊ, ਕੰਮ ਦੀ ਤਾਂ ਇਹਨਾਂ ਨੂੰ ਲੋੜ ਈਆ। ਚਲੋ ਚਲਦੇ ਆਂ। ਮੈਂ ਕਿਸੇ ਮਿੱਲ ਵਿੱਚ ਗੱਲ ਕੀਤੀ ਹੈ, ਉਹਨਾਂ ਨੂੰ ਵਰਕਰਾਂ ਦੀ ਲੋੜ ਹੈ। ਸੁਣਿਐ ਉਹਨਾਂ ਦਾ ਮੈਨੇਜਰ ਵੀ ਭਾਰਤੀ ਕਾਮਿਆਂ ਲਈ ਚੰਗੈ। ਬਾਕੀ ਜਾ ਕੇ ਦੇਖਦੇ ਆਂ।

ਗੀਤ : "ਵਿੱਚ ਬਿਦੇਸ਼ਾਂ ਜਾਣਾ ਸੀ ਸਾਡੀ ਮਜ਼ਬੂਰੀ,
ਗੋਰੇ ਕਹਿ ਕੇ ਡੌਗ ਬੁਲਾਉਂਦੇ ਨਾਲੇ ਵੱਟਦੇ ਘੂਰੀ,
ਜਦੋਂ ਲੰਘਦੇ ਕੋਲ਼ ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

(ਉਹ ਜਾਂਦੇ ਹਨ, ਸਟੇਜ ਦੇ ਦੂਸਰੇ ਪਾਸੇ ਕੁਰਸੀ ਤੇ ਗੋਰਾ ਮੈਨੇਜਰ ਬੈਠਾ ਹੈ। ਟੇਬਲ ਸਾਹਮਣੇ ਪਿਆ ਹੈ।ਦੋ ਕੁਰਸੀਆਂ ਕੋਲ ਪਈਆਂ ਹਨ। ਸੈਕਟਰੀ ਕੁੱਝ ਕਾਗ਼ਜ਼ ਪੱਤਰ ਦਿਖਾ ਰਹੀ

ਹੈ ਤੇ ਗੱਲਾਂ ਕਰ ਰਹੇ ਹਨ। ਇੰਨੇ ਨੂੰ ਮੈਨੇਜਰ ਅੰਦਰ ਚਲਾ ਜਾਂਦਾ ਹੈ ਅਤੇ ਸੋਹਣ ਸਿੰਘ ਭਕਨਾ ਤੇ ਜਗਤ ਸਿੰਘ ਆਉਂਦੇ ਹਨ।)

ਸੈਕਟਰੀ : Hello, What can I do for you?

ਸੋਹਣ ਸਿੰਘ : We can talk to manager.

ਸੈਕਟਰੀ : Sure, Please wait here, he is coming soon.

(ਉਹ ਅੰਦਰ ਜਾਂਦੀ ਹੈ ਤੇ ਮੈਨੇਜਰ ਆਉਂਦਾ ਹੈ।)

ਮੈਨੇਜਰ : (ਦੇਖ ਕੇ) ਹਾਏ ਸਿੱਟ ਡਾਊਨ (ਬੈਠ ਜਾਂਦੇ ਹਨ) ਮੈਂ ਤੁਹਾਡੀ ਕੀ ਮੱਦਦ ਕਰ ਸਕਦਾ ਹਾਂ?

ਸੋਹਣ ਸਿੰਘ ਭਕਨਾ : ਅਸੀਂ ਕੰਮ ਦਾ ਪਤਾ ਕਰਨ ਆਏ ਹਾਂ। ਮੈਨੂੰ ਪਤਾ ਲੱਗਿਆ ਸੀ ਤੁਸੀਂ ਵਰਕਰ ਹਾਇਰ ਕਰ ਰਹੇ ਹੋ। ਅਗਰ ਆਪਦੇ ਪਾਸ ਕੰਮ ਹੈ, ਤਾਂ ਭਾਈ ਜਗਤ ਸਿਉਂ ਨੂੰ ਕੰਮ ਚਾਹੀਦਾ। ਇਹ ਇੰਡੀਆ ਤੋਂ ਨਵਾਂ ਆਇਆ। ਕੰਮ ਦੀ ਭਾਲ ਕਰ ਰਿਹੈ।

ਮੈਨੇਜਰ : ਆਪ ਕੈਸਾ ਕਾਮ ਕਰ ਸਕਟਾ ਹੈ?

ਜਗਤ ਸਿੰਘ : ਜੋ ਵੀ ਮਿਲੇਗਾ, ਉਹ ਕਰਾਂਗਾ।

ਮੈਨੇਜਰ : ਵਰਕ ਬਹੁਤ ਹਾਰਡ ਹੈ, ਫਿਰ ਵੀ ਕਰੇਗਾ?

ਜਗਤ ਸਿੰਘ : ਉੱਥੇ ਵੀ ਮਿੱਟੀ ਨਾਲ ਮਿੱਟੀ ਹੁੰਦੇ ਆਏ ਆਂ, ਤਾਂ ਵੀ ਦੋ ਵੇਲੇ ਦੀ ਰੋਟੀ ਨਸੀਬ ਨਹੀਂ ਸੀ ਹੁੰਦੀ, ਉਹਦੇ ਨਾਲੋਂ ਤਾਂ ਔਖਾ ਨਹੀਂ ਹੋਵੇਗਾ। ਦਿਨੇ ਕੰਮ ਕਰਕੇ ਰਾਤ ਰੱਜ ਕੇ ਸੌਂ ਤਾਂ ਸਕਦੇ ਆਂ। ਨਾਲੇ ਬੱਚਿਆਂ ਨੂੰ ਕੁਝ ਨਾ ਕੁਝ ਭੇਜ ਸਕਦੇ ਆਂ।

ਮੈਨੇਜਰ : ਆਪ ਕਿਤਨੇ ਘੰਟੇ ਕਾਮ ਕਰ ਸਕਟਾ ਹੈ?

ਜਗਤ ਸਿੰਘ : 16-18-20 ਘੰਟੇ ਜਿਤਨੇ ਵੀ ਮਿਲੇਗਾ।

ਮੈਨੇਜਰ : ਆਪ ਇਨਸਾਨ ਹੈਂ ਜਾਂ ਮਸ਼ੀਨ।

ਸੋਹਣ ਸਿੰਘ ਭਕਨਾ : ਹੁਣ ਤਾਂ ਕੁੱਝ ਵੀ ਸਮਝੋ, ਇਹ ਆਪ ਕੋ ਕਭੀ ਸ਼ਕਾਇਤ ਕਾ ਮੌਕਾ ਨਹੀਂ ਦੇਗਾ। ਨੋ ਕੰਪਲੇਂਟ।

ਮੈਨੇਜਰ : ਅੱਛਾ, ਆਪ ਪੇ ਕਿਤਨੀ ਚਾਹਟਾ ਹੈ?

ਜਗਤ ਸਿੰਘ : ਜੋ ਮਰਜ਼ੀ ਦੇ ਦੇਨਾ।

ਮੈਨੇਜਰ : ਅਗਰ ਮੇਰੀ ਮਰਜ਼ੀ ਹੈ, ਮੈਂ ਤੋ ਫਿਰ ਫਰੀ ਕਾਮ ਕਰਵਾ ਸਕਟਾ ਹੂੰ। ਫਿਰ ਆਪ ਕੈਸੇ ਸਰਵਾਈਵ ਕਰੇਗਾ।

ਜਗਤ ਸਿੰਘ : ਜਿਸ ਰੱਬ ਨੇ ਪੈਦਾ ਕੀਆ ਹੈ, ਉਹ ਪੱਥਰਾਂ ਵਿੱਚ ਵੀ ਰਿਜ਼ਕ ਦੇ ਦਿੰਦਾ ਹੈ।

ਮੈਨੇਜਰ : ਆਪ ਇੰਡੀਆ ਸੇ ਭਾਗ ਕਰ ਕਿਉਂ ਆਏਂ ਹੈਂ। ਗੌਡ ਵਹਾਂ ਨਹੀਂ ਰਹਿਤਾ, ਉਸਨੇ ਵਹਾਂ ਪਰ ਕਿਉਂ ਨਹੀਂ ਦੀਆ।

ਜਗਤ ਸਿੰਘ : ਉਥੇ ਤਾਂ ਅੰਗਰੇਜ਼ ਸਰਕਾਰ ਨੇ ਸਾਡੀਆਂ ਜ਼ਮੀਨਾਂ ਤੇ ਮਾਮਲਾ ਇੰਨਾ ਵਧਾ ਦਿੱਤਾ ਹੈ ਕਿ ਆਮਦਨ ਤੋਂ ਜ਼ਿਆਦਾ ਟੈਕਸ ਭਰਨਾ ਪੈਂਦਾ ਹੈ। ਸ਼ਾਇਦ ਇਹ ਵੀ ਗੌਡ ਕੀ ਮਰਜ਼ੀ ਹੈ।

ਮੈਨੇਜਰ : ਗੌਡ-ਗੌਡ, ਗੌਡ ਉਦੋਂ ਕਿੱਥੇ ਹੁੰਦੈ ਜਦੋਂ ਉਹ ਥੋਡੇ ਤੇ ਐਨਾ ਜ਼ੁਲਮ ਕਰਟਾ ਹੈ।

ਸੋਹਣ ਸਿੰਘ ਭਕਨਾ : ਜੇ ਐਨਾ ਪਤਾ ਹੁੰਦਾ ਤਾਂ ਦਰ ਦਰ ਕਿਉਂ ਭਟਕਦੇ ਫਿਰਦੇ।

ਜਗਤ ਸਿੰਘ : ਅਸੀਂ ਤਾਂ ਸਿਰ ਸਿੱਟ ਕੇ ਕੰਮ ਕਰਨਾ ਜਾਣਦੇ ਆਂ।

ਮੈਨੇਜਰ : ਤਾਂ ਹੀ ਤਾਂ ਮੈਂ ਥੋਨੂੰ ਕਾਮ ਨਹੀਂ ਦੇਨਾ ਚਾਹਟਾ।

ਸੋਹਣ ਸਿੰਘ ਭਕਨਾ : ਕਿਉਂ ਸਾਡਾ ਕੀ ਕਸੂਰ ਆ।

ਜਗਤ ਸਿੰਘ : ਜੋ ਕੁਸ਼ ਜਿਵੇਂ ਤੁਸੀਂ ਕਿਹਾ ਮੈਂ ਕਰਨ ਨੂੰ ਤਿਆਰ ਹਾਂ, ਫਿਰ ਵੀ---

ਮੈਨੇਜਰ : ਮੇਰਾ ਟੋ ਦਿਲ ਚਾਹਟਾ ਹੈ ਕਿ ਮੈਂ ਆਪ ਕੋ ਇਸੀ ਵਕਤ ਗੈੱਟ ਆਊਟ ਕਰ ਦੂੰ।

ਸੋਹਣ ਸਿੰਘ ਭਕਨਾ : (ਹੈਰਾਨੀ 'ਚ) ਕਿਉਂ ਕੀ ਹੋਇਆ? ਆਪ ਤਾਂ ਸਾਨੂੰ ਹੇਟ ਨਹੀਂ ਸੀ ਕਰਦੇ।

ਮੈਨੇਜਰ : ਆਪਕਾ ਪਾਪੂਲੇਸ਼ਨ ਕਿਟਨਾ ਹੈ?

ਜਗਤ ਸਿੰਘ : ਭਾਰਤੀਆਂ ਦੀ ਅਬਾਦੀ ਤਾਂ 30 ਕਰੋੜ ਹੈ ਪਰ ਕਿਉਂ?

ਮੈਨੇਜਰ : ਇਹ ਤੀਹ ਕਰੋੜ ਸ਼ੀਪ ਹੈਂ ਔਰ ਪੀਪਲ?

ਸੋਹਣ ਸਿੰਘ ਭਕਨਾ : ਪੀਪਲ ਨੇ, ਆਪ ਕਿਉਂ ਪੁੱਛ ਰਹੇ ਹੋ?

ਮੈਨੇਜਰ : ਅਗਰ ਆਪ ਤੀਹ ਕਰੋੜ ਪੀਪਲ ਹੋਤੇ ਤੋ ਫਿਰ ਗੁਲਾਮ ਕੈਸੇ ਰਹਿ ਸਕਤੇ ਥੇ।

ਸੋਹਣ ਸਿੰਘ ਭਕਨਾ : ਅਸੀਂ ਤੁਹਾਡਾ ਮਤਲਬ ਨਹੀਂ ਸਮਝੇ।

ਮੈਨੇਜਰ : ਸ਼ੇਮ ਔਨ ਯੂ ਕਿ ਤੀਹ ਕਰੋੜ ਪੀਪਲ, ਥੋੜੇ ਸੇ 4 ਕਰੋੜ ਅੰਗਰੇਜ਼ੋਂ ਕੇ ਗੁਲਾਮ ਹੈਂ। ਜਾਓ ਮੈਂ ਆਪ ਕੋ ਏਕ ਏਕ ਬੰਦੂਕ ਦੇਤਾ ਹੂੰ ਪਹਿਲੇ ਅਪਨਾ ਦੇਸ਼ ਅਜ਼ਾਦ ਕਰਾਓ ਜਬ ਵਾਪਸ ਆਓਗੇ ਤੋ ਸਬ ਸੇ ਪਹਿਲੇ ਮੈਂ ਆਪਕੋ ਵੈੱਲਕੰਮ ਕਰਾਂਗਾ।

ਸੈਕਟਰੀ : Sir, your phone.

(ਉਹ ਸੈਕਟਰੀ ਤੋਂ ਫੋਨ ਫੜ੍ਹਦਾ ਹੈ ਤੇ ਮੂੰਹ ਦੂਜੇ ਪਾਸੇ ਨੂੰ ਘੁੰਮਾ ਕੇ ਗੱਲ ਕਰਨ ਲੱਗ ਜਾਂਦਾ ਹੈ ਤੇ ਬਾਬੇ ਭਕਨੇ ਹੋਰੀਂ ਮੁੜ ਆਉਂਦੇ ਹਨ।)

ਗੀਤ : "ਤੀਹ ਕਰੋੜ ਨੇ ਲੋਕ ਤੁਸੀਂ ਤੇ ਸੱਠ ਕਰੋੜ ਨੇ ਬਾਹਵਾਂ,
ਕਿਹੋ ਜਿਹੇ ਨੇ ਪੁੱਤ ਜੰਮਦੀਆਂ ਥੋਡੇ ਵਤਨ ਦੀਆਂ ਮਾਵਾਂ,
ਗੱਲ ਸੀਨਾ ਫੋਲ ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

ਜਗਤ ਸਿੰਘ : ਭਾਈ ਸਾਹਿਬ ਕੰਮ ਤਾਂ ਮਿਲਿਆ ਨੀ, ਹੁਣ ਕੀ ਹੋਵੇਗਾ?

ਸ਼ੋਹਣ ਸਿੰਘ ਭਕਨਾ : ਕੋਈ ਨੀ ਕੁੱਝ ਨਾ ਕੁੱਝ ਕਰਦੇ ਆਂ, ਤੂੰ ਚਿੰਤਾ ਨਾ ਕਰ।

ਜਗਤ ਸਿੰਘ : ਚਿੰਤਾ ਕਿਵੇਂ ਨਾ ਕਰਾਂ? ਆਰ ਪਰਵਾਰ ਪਿੱਛੇ ਭੁੱਖਾ ਮਰਦਾ ਹੋਣੈ।

ਸੋਹਣ ਸਿੰਘ : ਕੋਈ ਗੱਲ ਨਹੀਂ, ਕੰਮ ਬਾਰੇ ਤਾਂ ਮੈਂ ਮੌਲਵੀ ਬਰਕੁੱਤ ਉੱਲਾ ਨਾਲ ਵੀ ਗੱਲ ਕੀਤੀ ਸੀ, ਉਹਨੂੰ ਅੱਜ ਮਿਲਣਾ ਵੀ ਐ ਸ਼ਾਇਦ ਆਉਂਦਾ ਹੀ ਹੋਣੈ।

(ਮੌਲਵੀ ਬਰਕੁੱਤਉੱਲਾ ਆਉਂਦਾ ਹੈ।)

ਮੌਲਵੀ ਬਰਕਤਉੱਲਾ : ਸਲਾਮਾ ਲੇਕਮ ਭਾਈ ਸਾਹਿਬ।

ਮੌਲਵੀ ਬਰਕੁੱਤਉੱਲਾ : ਕੀ ਹਾਲ ਨੇ ਸੋਹਣ ਸਿੰਘ ਜੀ, ਕੰਮ ਮਿਲ ਗਿਆ ਕਿ ਨਹੀਂ?

ਸੋਹਣ ਤੇ ਜਗਤ ਸਿੰਘ : (ਚੁੱਪ ਹਨ)

ਮੌਲਵੀ : ਸੋਹਣ ਸਿੰਆਂ ਕੰਮ ਤੋਂ ਜਵਾਬ ਤਾਂ ਅੱਗੇ ਵੀ ਬਥੇਰੀ ਵਾਰੀ ਮਿਲਿਐ। ਪਰ ਤੂੰ ਐਨਾ ਉਦਾਸ ਨੀਂ ਹੋਇਆ ਕਦੇ, ਕੀ ਗੱਲ ਹੋਈ।

ਜਗਤ ਸਿੰਘ : ਗੱਲ ਤਾਂ ਕੋਈ ਨਹੀਂ ਹੋਈ।

ਮੌਲਵੀ : ਭਾਈ ਸਾਹਿਬ ਆਪਾਂ ਰੰਗਦਾਰ ਲੋਕ ਆਂ। ਆਪਾਂ ਨੂੰ ਤਾਂ ਇਹ ਕੁੱਤੇ ਬਿੱਲੇ ਈ ਸਮਝਦੇ ਨੇ। ਤਾਂ ਹੀ ਤਾਂ ਇੰਡੀਅਨ ਡੌਗ ਕਹਿ ਕੇ ਬੁਲਾਉਂਦੇ ਨੇ। ਤੁਸੀਂ ਦਿਲ ਤੇ ਨਾ ਲਾਓ।

ਸੋਹਣ ਸਿੰਘ : ਇਹ ਤਾਂ ਹੁਣ ਆਪਾਂ ਨੇ ਇੱਥੇ ਰਹਿੰਦਿਆਂ ਨੇ ਦੇਖ ਹੀ ਲਿਆ ਪਰ ਅੱਜ ਤਾਂ ਉਸਨੇ ਮੇਰੇ ਸੀਨੇ ਤੇ ਮਾਰੀ ਆ, ਸੀਨੇ ਤੇ।

ਮੌਲਵੀ : ਹੈਂ! ਕੀ ਕਹਿੰਦੇ ਪਏ ਓ?

ਸੋਹਣ ਸਿੰਘ : ਤੂੰ ਕਹਿਣ ਦੀ ਗੱਲ ਕਰਦੈਂ ਉਹਨੇ ਤਾਂ ਮੇਰਾ ਸੀਨਾ ਛਲਣੀ ਛਲਣੀ ਕਰ ਦਿੱਤਾ ਜਦ ਉਸ ਭਲੇਮਾਣਸ ਨੇ, ਸਾਨੂੰ ਸਾਡੀ ਔਕਾਤ ਦਿਖਾਈ।

ਮੌਲਵੀ : ਦੱਸ ਤਾਂ ਸਹੀ, ਕੀ ਕਿਹਾ?

ਸੋਹਣ ਸਿੰਘ : ਉਸਨੇ ਕਿਹੈ ਕਿ ਤੁਸੀਂ ਸ਼ਰਮ ਕਰੋ। ਤੁਸੀਂ ਤਾਂ ਆਪਣੇ ਦੇਸ਼ ਵਿੱਚ ਵੀ ਗੁਲਾਮ ਈ ਓਂ, ਉਹ ਵੀ ਮੁੱਠੀ ਭਰ ਲੋਕਾਂ ਦੇ।

ਜਗਤ ਸਿੰਘ : ਉਸਨੇ ਠੀਕ ਈ ਕਿਹੈ ਆਪਣੀ ਤਾਂ ਜ਼ਿੰਦਗੀ ਪਸ਼ੂਆਂ ਤੋਂ ਵੀ ਭੈੜੀ ਆ। ਨਹੀਂ ਤਾਂ ਆਪਣਾ ਘਰ ਪਰਿਵਾਰ, ਆਪਦੀ ਜੰਮਣ ਭੌਂਇ ਛੱਡ ਕੇ ਆਉਣ ਨੂੰ ਕੀਹਦਾ ਦਿਲ ਕਰਦੈ।

ਮੌਲਵੀ : ਹੁਣ ਤਾਂ ਆਪਾਂ ਨੂੰ ਕੁਝ ਸੋਚਣਾ ਹੀ ਚਾਹੀਦੈ।

ਜਗਤ ਸਿੰਘ : ਕੀ ਸੋਚਣੈ?

ਸੋਹਣ ਸਿੰਘ : ਕੁੱਝ ਅਜਿਹਾ ਜਿਸ ਨਾਲ ਅਸੀਂ ਸਿਰ ਉੱਚਾ ਕਰ ਕੇ ਜੀ ਸਕੀਏ ਤੇ ਇਸ ਗ਼ੁਲਾਮੀ ਦੇ ਜੂਲ਼ੇ ਨੂੰ ਗਲ਼ੋਂ ਲਾ ਸਕੀਏ।

ਜਗਤ ਸਿੰਘ : ਇੱਥੇ ਤਾਂ ਠੀਕ ਹੈ। ਉੱਥੇ ਤਾਂ ਲੋਕਾਂ ਨੂੰ ਇਨ੍ਹਾਂ ਗੱਲਾਂ ਦਾ ਕੋਈ ਇਲਮ ਹੀ ਨਹੀਂ।

ਮੌਲਵੀ : ਉਹਨਾਂ ਨੂੰ ਵੀ ਇਲਮ ਕਰਵਾਉਣਾ ਪਵੇਗਾ। ਨਹੀਂ ਤਾਂ ਉਹ ਆਪਣੀ ਗ਼ੁਲਾਮੀ ਨੂੰ ਆਪਣੀ ਕਿਸਮਤ ਹੀ ਸਮਝੀ ਜਾਣਗੇ।

ਸੋਹਣ ਸਿੰਘ : ਕਨੇਡਾ ਵਿੱਚ ਤਾਂ ਭਾਈ ਅਰਜਨ ਸਿੰਘ ਮਲਕ, ਭਾਈ ਭਾਗ

ਸਿੰਘ, ਭਾਈ ਬਲਵੰਤ ਸਿੰਘ ਹੋਰਾਂ ਨੇ ਆਪਣੇ ਮਸਲਿਆਂ ਦੇ ਹੱਲ ਲਈ ਥਾਂ ਵੀ ਬਣਾ ਲਈ ਹੈ।

ਜਗਤ ਸਿੰਘ : ਥਾਂ ਬਣਾ ਲਈ?

ਸੋਹਣ ਸਿੰਘ : ਉਹਨਾਂ ਨੇ ਖਾਲਸਾ ਦੀਵਾਨ ਸੁਸਾਇਟੀ ਬਣਾ ਕੇ ਸਾਂਝੀ ਥਾਂ ਬਣਾ ਕੇ ਗੁਰਦਵਾਰਾ ਉਸਾਰ ਲਿਐ। ਹੁਣ ਉਹ ਉੱਥੇ ਬਹਿ ਕੇ ਆਪਣੀਆਂ ਸਾਂਝੀਆਂ ਮੁਸ਼ਕਲਾਂ ਦੇ ਹੱਲ ਸੋਚਦੇ ਆ।

ਮੌਲਵੀ : ਹਸਨ ਰਹੀਮ ਹੋਰਾਂ ਨੇ ਉੱਥੇ ਭਾਰਤੀ ਲੀਗ ਨਾਂ ਦੀ ਜਥੇਬੰਦੀ ਵੀ ਬਣਾਈ ਆ। ਨਾਲੇ ਆਪਣੀ ਅਵਾਜ਼ ਲੋਕਾਂ ਤੱਕ ਲਿਜਾਣ ਲਈ ਆਪਣਾ ਅਖ਼ਬਾਰ ਵੀ ਛਾਪਦੇ ਆ।

ਜਗਤ ਸਿੰਘ : ਉੱਥੇ ਵੀ ਮੁਸ਼ਕਲਾਂ ਨੇ? ਉਹ ਤਾਂ ਅੰਗਰੇਜ਼ ਦੀ ਬਸਤੀ ਆ।

ਸੋਹਣ ਸਿੰਘ : ਆਪਣੇ ਦੇਸ਼ ਨੂੰ ਤਾਂ ਉਹ ਲੁੱਟਣ ਜਾਂਦੇ ਨੇ, ਆਪਣਾ ਥੋੜ੍ਹਾ ਸਮਝਦੇ ਨੇ। ਜਿੱਧਣ ਸਾਰੀਆਂ ਧਾਤਾਂ ਲੁੱਟਲੀਆਂ। ਕਹਿਣਗੇ ਆਹ ਲਉ ਸਾਂਭੋ ਫੋਕੜ ਮਾਲ----

ਮੌਲਵੀ : ਇਹਨੂੰ ਰੱਖਣਾ ਚਾਹੁੰਦੇ ਨੇ ਸਿਰਫ ਗੋਰਿਆਂ ਦਾ, ਚਿੱਟੇ ਲੋਕਾਂ ਦਾ।

ਜਗਤ ਸਿੰਘ : ਭਲਾ ਰੰਗ ਦਾ ਕੀ ਆ? ਇਹ ਤਾਂ ਕੁਦਰਤ ਦੀ ਦੇਣ ਆ। ਬੰਦੇ ਦਾ ਦਿਲ ਸਾਫ਼ ਹੋਣਾ ਚਾਹੀਦੈ।

ਸੋਹਣ ਸਿੰਘ : ਇਹ ਤਾਂ ਦਿਲ ਦੇ ਕਾਲ਼ੇ ਲੋਕ ਨੇ, ਰੰਗ ਭਾਵੇਂ ਚਿੱਟੇ ਨੇ। ਇਹ ਤਾਂ ਹਰ ਰੋਜ਼ ਕਨੇਡਾ ਦੀਆਂ ਅਖ਼ਬਾਰਾਂ ਵਿੱਚ ਭਾਰਤੀਆਂ ਬਾਰੇ ਬਹੁਤ ਊਲ ਜਲੂਲ ਕਹਿੰਦੇ ਨੇ। ਆਮ ਲੋਕਾਂ ਦੇ ਦਿਲਾਂ ਵਿੱਚ ਵੀ ਨਸਲੀ ਵਿਤਕਰੇ ਪੈਦਾ ਕਰਦੇ ਨੇ।

ਮੌਲਵੀ : ਅਸਲ 'ਚ ਕਰਦੀਆਂ ਤਾਂ ਸਰਕਾਰਾਂ ਈ ਨੇ ਰਲ਼ ਮਿਲ਼ ਕੇ, ਗੰਦੀ ਤੇ ਨਸਲਵਾਦੀ ਸਿਆਸਤ ਕਰਨ ਲਈ।

ਜਗਤ ਸਿੰਘ : ਰਲ਼ ਮਿਲ਼ ਕੇ?

ਸੋਹਣ ਸਿੰਘ : ਹੋਰ ਕੀ। ਆਹ ਓਟਵਾ ਦੀ, ਬੀ.ਸੀ ਦੀ ਸਰਕਾਰ, ਲੰਡਨ ਤੇ ਭਾਰਤ ਦੀ ਬਰਤਾਨੀਆ ਸਰਕਾਰ, ਚਾਰੇ ਈ ਹੱਥ ਧੋ ਕੇ ਮਗਰ ਪਈਆਂ ਪਈਆਂ ਨੇ। ਆਪਣੇ ਲੋਕਾਂ ਦੇ। ਇਹਨਾਂ ਨੇ ਈ ਤਾਂ ਭਾਰਤੀਆਂ ਨੂੰ ਰੋਕਣ ਲਈ ਆਹ ਕਾਨੂੰਨ ਵੀ ਬਣਾ ਤਾ। ਅਖੇ ਜੇ ਕਨੇਡਾ ਆਉਣੈ ਤਾਂ ਭਾਰਤ ਤੋਂ ਸਿੱਧਾ ਰਸਤੇ ਵਿੱਚ ਬਿਨ੍ਹਾਂ ਰੁਕੇ ਕਨੇਡਾ ਆਉਣ ਵਾਲੇ ਜਹਾਜ਼ ਤੇ ਆ

ਸਕਦੇ ਨੇ।

ਜਗਤ ਸਿੰਘ : ਨਾ ਐਨੀ ਦੂਰੋਂ ਬਿਨ੍ਹਾਂ ਰੁਕੇ ਕਿਹੜਾ ਜਹਾਜ਼ ਐਥੇ ਪਹੁੰਚ ਜੂ।

ਮੌਲਵੀ : ਉਹੀ ਤਾਂ ਗੱਲ ਐ। ---ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ। ਆਹ ਹੋਰ ਸੁਣ ਲੈ, ਨਾਲ ਲਿਆਉਣ ਨੂੰ 200 ਡਾਲਰ ਦੀ ਸ਼ਰਤ ਵੀ ਰੱਖ ਤੀ।

ਜਗਤ ਸਿੰਘ : ਨਾ ਮੇਰੇ ਵਰਗੇ ਮਾੜ੍ਹਤਾਂ ਨੇ ਤਾਂ ਪੈਸੇ ਦਾ ਮੂੰਹ ਨਹੀਂ ਦੇਖਿਆ ਹੁੰਦਾ, ਉਹ 200 ਡਾਲਰ ਦੀ ਗੱਲ ਕਰਦੇ ਨੇ। ਅਗਲਾ ਜ਼ਮੀਨਾਂ ਵੇਚ ਕੇ ਤਾਂ ਐਥੇ ਨੂੰ ਭੱਜਦਾ।

ਸੋਹਣ ਸਿੰਘ : ਹੋਰ ਤਾਂ ਹੋਰ ਇਹ ਭਾਰਤੀਆਂ ਨੂੰ ਕਨੇਡਾ ਵਿੱਚੋਂ ਕੱਢਣ ਲਈ ਹਾਂਡੂਰਸ ਭੇਜਣ ਲੱਗੇ ਸੀ। ਜਿੱਥੇ ਪਹਿਲਾਂ ਹੀ ਪਲੇਗ ਤੇ ਭੁੱਖ ਮਰੀ ਵਰਗੀਆਂ ਬਿਮਾਰੀਆਂ ਫੈਲੀਆਂ ਪਈਆਂ ਸੀ। ਇਹ ਤਾਂ ਭਾਈ ਭਾਗ ਸਿੰਘ ਤੇ ਹਸਨ ਰਹੀਮ ਵਰਗੇ ਲੀਡਰਾਂ ਤੇ ਉਹਨਾਂ ਦੇ ਏਕੇ ਕਰਕੇ ਬਚ ਗਏ ਨਹੀਂ ਤਾਂ ਹੁਣ ਨੂੰ ਉੱਥੇ ਮਰ ਖਪ ਗਏ ਹੁੰਦੇ।

ਜਗਤ ਸਿੰਘ : ਭਾਈ ਸਾਹਿਬ ਇੱਥੇ ਤਾਂ ਬਹੁਤੇ ਲੋਕ ਉਹੀ ਆਏ ਆ, ਜਿਹਨਾਂ ਨੇ ਅੰਗਰੇਜ਼ ਦੀ ਨੌਕਰੀ ਕੀਤੀ ਐ ਤੇ ਜਿਹੜੇ ਉਹਨਾਂ ਦੇ ਖੈਰ ਖੁਆਹ ਸੀ। ਜਿਹੜੇ 50ਵੀਂ ਸਿਲਵਰ ਜੁਬਲੀ ਵੇਲੇ ਕਨੇਡਾ ਅਮਰੀਕਾ ਦੀ ਧਰਤੀ ਦੇਖ ਕੇ ਗਏ ਸੀ।

ਮੌਲਵੀ : ਏਸੇ ਗੱਲ ਨੇ ਤਾਂ ਉਹਨਾਂ ਦੇ ਅੰਦਰ ਅੱਗ ਦੇ ਭਾਂਬੜ ਮਚਾਏ ਨੇ ਕਿ ਅਸੀਂ ਲੋਕਾਂ ਨਾਲ ਜੰਗਾਂ ਵਿੱਚ ਮੂਹਰੇ ਹੋ ਹੋ ਲੜਦੇ ਰਹੇ ਹਾਂ ਆਪਣੇ ਸਮਝ ਕੇ ਤੇ ਇਹ ਸਾਡੇ ਨਾਲ ਐਡੇ-ਐਡੇ ਵਿਤਕਰੇ ਕਰਦੇ ਨੇ, ਬਿਨ੍ਹਾਂ ਵਜ੍ਹਾ।

ਜਗਤ ਸਿੰਘ : ਆਹੋ ਐਥੇ ਐਨੀ ਧਰਤੀ ਖਾਲੀ ਪਈ ਆ, ਇਹਨਾਂ ਨੂੰ ਕੀ ਫਰਕ ਆ।

ਸੋਹਣ ਸਿੰਘ : ਫਰਕ, ਫਰਕ ਤਾਂ ਗਰੀਬੀ ਦੈ, ਗੁਲਾਮੀ ਦੈ, ਆਪਣੇ ਲੋਕ ਗ਼ੁਲਾਮ ਨੇ ਆਪਣਾ ਦੇਸ਼ ਗ਼ੁਲਾਮ ਐ। ਤਾਂ ਹੀ ਤਾਂ ਨੱਥਾ ਸਿੰਘ ਤੇ ਭਾਗ ਸਿੰਘ ਵਰਗੇ ਸਾਡੇ ਸੂਰਬੀਰ ਯੋਧਿਆਂ ਨੇ ਮੌਤ ਮੂਹਰੇ ਹਿੱਕ ਤਾਣ ਕੇ ਪ੍ਰਾਪਤ ਕੀਤੇ ਤਗ਼ਮੇ, ਵਰਦੀਆਂ ਤੇ ਸਰਟੀਫਿਕੇਟ ਖਾਲਸਾ ਦੀਵਾਨ ਸੁਸਾਇਟੀ ਦੇ ਗੁਰਦਵਾਰੇ ਦੇ ਵਿਹੜੇ ਵਿੱਚ ਅੱਗ ਲਾ ਕੇ ਫੂਕ ਤੇ ਅਤੇ ਸਾਰੇ ਭਾਈਚਾਰੇ ਹਿੰਦੂ, ਮੁਸਲਿਮ ਤੇ ਸਿੱਖਾਂ ਨੇ ਸਾਂਝੀ ਲੋਹੜੀ ਮਨਾਈ ਤੇ

ਆਪਣੇ ਹੱਕਾਂ ਲਈ ਲੜਨ ਦੀ ਸੌਂਹ ਖਾਧੀ।

ਜਗਤ ਸਿੰਘ : ਉਹ ਤਾਂ ਇਹ ਸਾਰਾ ਕੁੱਝ ਕਰ ਰਹੇ ਨੇ, ਆਪਣਾ ਉਹਨਾਂ ਨਾਲ ਕੋਈ ਰਾਬਤਾ?

ਮੌਲਵੀ : ਐਥੇ ਆਪਣੀ ਗਿਣਤੀ ਥੋੜ੍ਹੀ ਐ, ਆਪਾਂ ਸਾਰੇ ਸਾਂਝੀਆਂ ਸਰਗਰਮੀਆਂ ਹੀ ਕਰਦੇ ਆਂ। ਸਿਆਟਲ ਤੇ ਵੈਨਕੂਵਰ ਨੇੜੇ ਹੋਣ ਕਰਕੇ ਆਪਣੇ ਭਾਈ ਇੱਕ ਦੂਜੇ ਨੂੰ ਮਿਲਦੇ ਰਹਿੰਦੇ ਆ। ਨਾਲੇ ਕੈਨੇਡਾ ਦੀ ਸ਼ੋਸ਼ਲਿਸਟ ਪਾਰਟੀ ਉਹਨਾਂ ਦੇ ਨਾਲ ਖੜ੍ਹੀ ਆ।

ਜਗਤ ਸਿੰਘ: ਫੇਰ ਤਾਂ ਉਹ ਬਹੁਤ ਹਿੰਮਤੀ ਨੇ।

ਸੋਹਣ ਸਿੰਘ : ਹਿੰਮਤ ਕਰਕੇ ਹੀ ਤਾਂ ਲਗਾਤਾਰ ਕੇਸ ਲੜੀ ਜਾ ਰਹੇ ਨੇ। ਐਡੀ ਦੁਨੀਆਂ ਭਰ ਦੀ ਸਲਤਨਤ ਨਾਲ ਮੱਥਾ ਲਾਉਣਾ ਕੋਈ ਸੌਖਾ ਕੰਮ ਤਾਂ ਨੀ, ਫਿਰ ਵੀ ਆਪਣੀ ਅਣਖ ਇੱਜ਼ਤ ਲਈ ਇਹ ਸਾਰਾ ਕੁੱਝ ਕਰਨਾ ਈ ਪੈਣਾ।

ਜਗਤ ਸਿੰਘ : ਇਹ ਸਾਰਾ ਕੁਝ ਕਿਵੇਂ ਹੋਵੇਗਾ?

ਸੋਹਣ ਸਿੰਘ : ਮੈਂ ਸੋਚ ਲਿਆ ਹੈ ਜੋ ਸਾਡੇ ਪੁਰਖਿਆਂ ਨੇ 1857 ਦੇ ਵਿੱਚ ਗ਼ਦਰ ਸ਼ੁਰੂ ਕੀਤਾ ਸੀ, ਅਸੀਂ ਉਹ ਇਤਿਹਾਸ ਦੇ ਪੰਨੇ ਫੇਰ ਫਰੋਲ਼ਾਂਗੇ।

ਮੌਲਵੀ : ਹਾਂ ਅਸੀਂ ਉਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਮੁੜ ਯਾਦ ਕਰਾਂਗੇ।

ਸੋਹਣ ਸਿੰਘ ਭਕਨਾ : ਅਜਿਹੀ ਗ਼ਦਰ ਦੀ ਗੂੰਜ ਪੈਦਾ ਕਰਾਂਗੇ ਜਿਹੜੀ ਦੁਨੀਆਂ ਦੇ ਕੋਨੇ ਕੋਨੇ ਵਿੱਚ ਗੂੰਜੇਗੀ।

ਸੋਹਣ ਸਿੰਘ, ਮੌਲਵੀ ਤੇ ਜਗਤ ਸਿੰਘ : ਹਾਂ ਜਿਹੜੀ ਦੁਨੀਆਂ ਦੇ ਕੋਨੇ ਕੋਨੇ ਵਿੱਚ ਗੂੰਜੇਗੀ।

ਗੀਤ : "ਬੜਾ ਸਹਿ ਲਿਆ ਸਿਰ ਉੱਤੋਂ ਲੰਘਿਆ ਏ ਪਾਣੀ,
ਦੁਹਰਾਣੀ ਪੈਣੀ ਸਾਨੂੰ ਪੁਰਖਿਆਂ ਦੀ ਉਹ ਕਹਾਣੀ,
ਇਤਿਹਾਸ ਫਰੋਲ਼ ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

## ਦ੍ਰਿਸ਼ ਦੂਜਾ

### ਮੀਟਿੰਗ ਰੂਮ

ਜਦੋਂ ਰੋਸ਼ਨੀ ਆਉਂਦੀ ਹੈ ਤਾਂ ਮੀਟਿੰਗ ਚਲ ਰਹੀ ਹੈ ਅਤੇ ਹੋਰ ਸਾਥੀ ਆ ਰਹੇ ਹਨ ਸਾਰੇ ਬਹੁਤ ਖੁਸ਼ ਦਿਖਾਈ ਦੇ ਰਹੇ ਹਨ।)

ਸੂਤਰਧਾਰ : "ਹਿੰਦੂ, ਸਿੱਖ, ਪਠਾਣ ਤੇ ਮੁਸਲਮਾਨੋ,
ਫੌਜਾਂ ਵਾਲਿਓ ਜ਼ਰਾ ਖਿਆਲ ਕਰਨਾ।
ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ,
ਹੁਣ ਯੁੱਧ ਅਸੀਂ ਉਹਨਾਂ ਦੇ ਨਾਲ ਕਰਨਾ।"

1913 ਵਿੱਚ ਸੋਹਣ ਸਿੰਘ ਭਕਨਾ, ਭਾਈ ਹਰਨਾਮ ਸਿੰਘ ਟੁੰਡੀਲਾਟ, ਪੰਡਤ ਕਾਂਸ਼ੀ ਰਾਮ, ਸ੍ਰੀ ਰਾਮ ਰੱਖਾ, ਊਧਮ ਸਿੰਘ ਕਸੇਲ, ਜੀ. ਡੀ. ਕੁਮਾਰ, ਲਾਲਾ ਹਰਦਿਆਲ ਤੇ ਉਨ੍ਹਾਂ ਦੇ ਹੋਰ ਸਾਥੀਆਂ ਦੇ ਯਤਨਾਂ ਨਾਲ ਓਰੀਗਨ ਅਤੇ ਵਸ਼ਿੰਗਟਨ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਕਾਮਿਆਂ ਵਿੱਚ ਇੰਨੀ ਚੇਤਨਾ ਪੈਦਾ ਹੋ ਗਈ ਜਿਸਨੇ ਇੱਕ ਜਥੇਬੰਦੀ ਦੀਆਂ ਨੀਹਾਂ ਰੱਖ ਦਿੱਤੀਆਂ, ਜਿਸਦੇ ਫਲਸਰੂਪ ਔਸਟਰੀਆ ਵਿਖੇ ਅਪਰੈਲ 1913 ਵਿੱਚ 'ਹਿੰਦੀ ਐਸੋਸ਼ੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਨਾਂ ਦੀ ਜਥੇਬੰਦੀ ਹੋਂਦ ਵਿੱਚ ਆਈ ਜਿਹੜੀ ਗਦਰ ਪਾਰਟੀ' ਦੇ ਨਾਂ ਨਾਲ ਮਸ਼ਹੂਰ ਹੋਈ। ਪਾਰਟੀ ਦੀ ਖ਼ਬਰ ਸੁਣ ਕੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਅਗਾਂਹਵਧੂ ਭਾਰਤੀਆਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਅਤੇ ਉਹ ਜਲਦੀ ਤੋਂ ਜਲਦੀ ਪਾਰਟੀ ਦੇ ਮੈਂਬਰ ਬਣਨ ਲੱਗੇ। ਗਦਰ ਅਖ਼ਬਾਰ ਦਾ ਪ੍ਰਕਾਸ਼ਨ ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦੀ ਇੱਕ ਵੱਡੀ ਘਟਨਾ ਹੈ। ਇਹ ਇਨਕਲਾਬ ਦਾ ਬੁਲੰਦ ਹੋਕਾ ਸੀ।

ਗੀਤ : "ਭਾਗਾਂ ਵਾਲਾ ਇੱਕ ਨਵੰਬਰ ਸੰਨ ਉੱਨੀ ਸੌ ਤੇਰਾਂ,
ਨਵੇਂ ਯੁੱਗ ਦੀ ਸ਼ੁਰੂਆਤ ਹੁਣ ਕਰਨਾ ਦੂਰ ਹਨੇਰਾ,
ਗੱਲ ਨਹੀਂ ਮਖੌਲ਼ ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

ਸੋਹਣ ਸਿੰਘ ਭਕਨਾ : ਸਾਥੀਓ, ਅੱਜ ਦਾ ਦਿਨ 1, ਨਵੰਬਰ 1913, ਭਾਰਤ ਦੇ ਇਤਿਹਾਸ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕਿ ਅੱਜ ਭਾਵੇਂ ਵਿਦੇਸ਼ੀ ਜ਼ਮੀਨ ਤੇ ਪਰੰਤੂ ਆਪਣੀ ਜ਼ਬਾਨ ਵਿੱਚ

ਬਰਤਾਨਵੀ ਰਾਜ ਵਿਰੁੱਧ ਅੱਜ ਜੰਗ ਆਰੰਭ ਹੋ ਚੁੱਕੀ ਹੈ।

ਸਾਰ : ਉਹ ਕਿਵੇਂ?

ਪੰਡਤ ਕਾਂਸ਼ੀ ਰਾਮ : ਇਸ ਅਖ਼ਬਾਰ ਦੇ ਰਾਹੀਂ ਅਸੀਂ ਆਪਣੀ ਅਜ਼ਾਦੀ ਲੈਣ ਦਾ ਸੁਨੇਹਾ ਘਰ ਘਰ ਪਹੁੰਚਾਵਾਂਗੇ ਤੇ ਅੰਗਰੇਜ਼ ਹਕੂਮਤ ਨੂੰ ਆਪਣੀ ਹੋਂਦ ਦਾ ਅਹਿਸਾਸ ਵੀ ਕਰਵਾਵਾਂਗੇ।

ਕਰਤਾਰ ਸਿੰਘ : ਅੱਜ ਤੋਂ ਸਾਡਾ ਨਾਂ ਕੀ ਹੋਵੇਗਾ?

ਸੋਹਣ ਸਿੰਘ : ਸਾਡਾ ਨਾਂ ਗਦਰ ਹੋਵੇਗਾ।

ਜੁਆਲਾ ਸਿੰਘ : ਅੱਜ ਤੋਂ ਸਾਡਾ ਕੰਮ ਕੀ ਹੋਵੇਗਾ?

ਸੋਹਣ ਸਿੰਘ : ਲੋਕਾਂ ਨੂੰ ਅਜ਼ਾਦੀ ਲਈ ਸੁਚੇਤ ਕਰਨਾ ਤੇ ਗ਼ਦਰ ਲਈ ਤਿਆਰ ਕਰਨਾ।

ਕਾਂਸ਼ੀ ਰਾਮ : ਇਸ ਦੀ ਤਨਖ਼ਾਹ ਕੀ ਹੋਵੇਗੀ?

ਸੋਹਣ ਸਿੰਘ : ਮੌਤ।

ਕਰਤਾਰ ਸਿੰਘ : ਇਸ ਦਾ ਇਨਾਮ ਕੀ ਹੋਵੇਗਾ?

ਸੋਹਣ ਸਿੰਘ : ਅਜ਼ਾਦੀ।

ਕਾਂਸ਼ੀ ਰਾਮ : ਇਹ ਗ਼ਦਰ ਕਿੱਥੇ ਹੋਵੇਗਾ?

ਸੋਹਣ ਸਿੰਘ : ਸਾਡੇ ਦੇਸ਼ ਭਾਰਤ ਵਿੱਚ।

ਜੁਆਲਾ ਸਿੰਘ : ਇਹ ਫੈਲੇਗਾ ਕਦ?

ਸੋਹਣ ਸਿੰਘ : ਕੁਝ ਸਾਲਾਂ ਵਿੱਚ।

ਕਰਤਾਰ ਸਿੰਘ : ਗ਼ਦਰ ਦੀ ਲੋੜ ਕਿਉਂ ਹੈ?

ਸੋਹਣ ਸਿੰਘ ਭਕਨਾ : ਕਿਉਂਕਿ ਲੋਕ ਬਰਤਾਨਵੀ ਹਕੂਮਤ ਹੇਠ ਹੋ ਰਹੇ ਜਬਰ ਤੇ ਜ਼ੁਲਮ ਨੂੰ ਹੁਣ ਹੋਰ ਨਹੀਂ ਸਹਿ ਸਕਦੇ ਤੇ ਹੁਣ ਅਸੀਂ ਅਜ਼ਾਦੀ ਲਈ ਮਰ ਮਿਟਣ ਲਈ ਤਿਆਰ ਹਾਂ।

ਜੁਆਲਾ ਸਿੰਘ : ਮੈਂ ਤਾਂ ਸੋਚ ਲਿਆ ਹੈ ਕਿ ਐਡੇ ਐਡੇ ਬਿਜ਼ਨਿਸ, ਆਲੂਆਂ ਦੇ ਫਾਰਮ ਸਾਡੇ ਕੀ ਕੰਮ, ਜੇ ਅਸੀਂ ਗ਼ੁਲਾਮ ਹੋਣ ਕਰਕੇ ਥਾਂ ਥਾਂ ਤੇ ਬੇਇਜ਼ਤੀ ਹੀ ਕਰਾਉਣੀ ਹੈ।

ਕਾਂਸ਼ੀ ਰਾਮ : ਅਜ਼ਾਦੀ ਦੀ ਲੜਾਈ ਇੰਨੀ ਸੌਖੀ ਗੱਲ ਨਹੀਂ ਹੈ, ਇਸ ਵਿੱਚ

ਉਹੀ ਸ਼ਾਮਲ ਹੋ ਸਕਦਾ ਹੈ ਜੋ ਲਕੀਰ ਖਿੱਚ ਕੇ ਚੱਲੇ ਕਿ ਜਾਂ ਤਾਂ ਅਜ਼ਾਦੀ ਮਿਲੇਗੀ ਜਾਂ ਮੌਤ। ਅਸੀਂ ਆਪਣੀ ਜ਼ਮੀਰ ਦੀ ਆਵਾਜ਼ ਨੂੰ ਕਦੋਂ ਤੱਕ ਬੰਦ ਰੱਖਾਂਗੇ।

ਸੋਹਣ ਸਿੰਘ ਭਕਨਾ : ਜਿਹੜੇ ਅੰਗਰੇਜਾਂ ਦੇ ਝੋਲ਼ੀ ਚੁੱਕ ਆ, ਉਹ ਆਪਾਂ ਨੂੰ ਖਰਾਬ ਕਰ ਸਕਦੇ ਆ। ਉਹਨਾਂ ਦਾ ਖਿਆਲ ਵੀ ਰੱਖਣਾ ਪਵੇਗਾ।

ਕਰਤਾਰ ਸਿੰਘ : ਉਹ ਤਾਂ ਸਾਡੀ ਲਹਿਰ ਲਈ ਘਾਤਕ ਸਿੱਧ ਹੋ ਸਕਦੇ ਹਨ, ਉਹਨਾਂ ਨੂੰ ਤਾਂ ਪਹਿਲਾਂ ਖ਼ਤਮ ਕਰਨਾ ਪੈਣੈ।

ਜੁਆਲਾ ਸਿੰਘ : (ਕਰਤਾਰ ਦੇ ਮੋਢੇ ਤੇ ਹੱਥ ਰੱਖ ਕੇ) ਨੌਜਵਾਨੋ, ਤੁਹਾਡੇ ਹੌਂਸਲੇ ਦੇਖ ਕੇ ਤਾਂ ਐਂ ਲੱਗਦੈ ਕਿ ਉਹ ਸਮਾਂ ਛੇਤੀ ਹੀ ਆਵੇਗਾ, ਜਦੋਂ ਬੰਦੂਕਾਂ ਤੇ ਖ਼ੂਨ, ਕਲਮਾਂ ਤੇ ਸਿਆਹੀ ਦੀ ਥਾਂ ਲੈ ਲੈਣਗੇ ਤੇ ਜਿੱਤ ਆਪਣੀ ਹੋਵੇਗੀ।

ਸੋਹਣ ਸਿੰਘ : ਮੈਂ ਚਾਹੁੰਦਾ ਹਾਂ ਕਿ ਆਪਾਂ ਹੁਣ ਛੇਤੀ ਤੋਂ ਛੇਤੀ ਦਰ ਦੇ ਅਸਲੀ ਕੰਮ ਨੂੰ ਅੰਜ਼ਾਮ ਦੇਈਏ।

ਕਰਤਾਰ ਸਿੰਘ : ਇਹ ਗੱਲ ਵੀ ਆਪਾਂ ਨੂੰ ਸਭ ਨੂੰ ਚੰਗੀ ਤਰ੍ਹਾਂ ਦੱਸਣੀ ਚਾਹੀਦੀ ਕਿ ਗ਼ਦਰ ਪਾਰਟੀ ਆਪਣੀ ਸੋਚ ਨੂੰ ਨਿਰਪੱਖ ਰੱਖੇਗੀ ਅਤੇ ਧਰਮ ਹਰ ਇੱਕ ਦਾ ਨਿੱਜੀ ਮਾਮਲਾ ਹੈ, ਗ਼ਦਰ ਪਾਰਟੀ ਵਿੱਚ ਕਿਸੇ ਵੀ ਧਰਮ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ ਹੋਵੇਗੀ।

ਸੋਹਣ ਸਿੰਘ : ਕਰਤਾਰ ਸਿੰਆਂ, ਇਸ ਵਿੱਚ ਇਕੱਲਾ ਧਰਮ ਹੀ ਨਹੀਂ ਰੰਗ, ਜਾਤ-ਪਾਤ, ਛੂਤ-ਛਾਤ, ਮਜ਼ਬ ਕੋਈ ਨਹੀਂ ਹੋਵੇਗਾ ਸਗੋਂ ਸਾਡਾ ਮੁੱਖ ਨਿਸ਼ਾਨਾ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣਾ ਹੈ ਤੇ ਨਿਰਪੱਖ ਤੇ ਬਰਾਬਰੀ ਦਾ ਸਮਾਜ ਲਿਆਉਣਾ ਹੈ।

ਕਾਂਸ਼ੀ ਰਾਮ : ਜਦੋਂ ਦੇਸ਼ ਅਜ਼ਾਦ ਹੋ ਗਿਆ, ਫਿਰ ਸਾਡੇ ਦੇਸ਼ ਦੀ ਅਨਪੜ੍ਹਤਾ ਵੀ ਖਤਮ ਹੋ ਜਾਵੇਗੀ ਅਤੇ ਲਗਾਨ ਦੀ ਬਿਮਾਰੀ ਤੋਂ ਵੀ ਛੁਟਕਾਰਾ ਹੋਵੇਗਾ, ਸਾਰੇ ਲੋਕ ਸੁੱਖ ਦੀ ਨੀਂਦੇ ਸੌਂ ਸਕਣਗੇ।

ਕਰਤਾਰ ਸਿੰਘ : ਅਸੀਂ ਖੁੱਲ੍ਹੀ ਫਿਜ਼ਾ ਵਿੱਚ ਮਾਣ ਨਾਲ ਸਿਰ ਉੱਚਾ ਕਰਕੇ ਤੁਰ ਸਕਾਂਗੇ।

ਕਾਂਸ਼ੀ ਰਾਮ : ਕਰਤਾਰ ਤੇਰੀ ਤੇ ਰਘਬੀਰ ਲਾਲ ਗੁਪਤਾ ਦੀ ਡਿਊਟੀ ਤਾਂ ਪਰੈਸ ਤੇ ਲੱਗ ਗਈ ਹੈ, ਬਾਕੀ ਸਾਥੀਆਂ ਦੀਆਂ ਡਿਊਟੀਆਂ ਵੀ ਛੇਤੀ ਛੇਤੀ ਲਾਓ ਤਾਂ ਕਿ ਹਰ ਕੋਈ ਆਪਣੀ ਜ਼ਿੰਮੇਵਾਰੀ

ਸੰਭਾਲੇ।

ਜੁਆਲਾ ਸਿੰਘ : ਚੰਗਾ ਚਲੋ ਹੁਣ ਆਪਾਂ ਅਗਲੇ ਪ੍ਰੋਗਰਾਮ ਦੀ ਵਿਊਂਤਬੰਦੀ ਕਰ ਲਈਏ।

ਗੀਤ : "ਲੈਣੀ ਅਸੀਂ ਅਜ਼ਾਦੀ ਹੁਣ ਚੁੱਪ ਰਹਿ ਨੀ ਹੁੰਦਾ,
ਬੜਾ ਸਹਿ ਲਿਆ ਜ਼ੁਲਮ ਅਸੀਂ ਹੁਣ ਸਹਿ ਨੀਂ ਹੁੰਦਾ,
ਸੁਣੋ ਗੂੰਜ ਢੋਲ਼ ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

# ਦ੍ਰਿਸ਼ ਤੀਜਾ

## ਮੀਟਿੰਗ ਰੂਮ

(ਸੰਗੀਤ ਚਲਦਾ ਹੈ। ਲਾਈਟ ਬੰਦ ਹੁੰਦੀ ਹੈ ਤੇ ਸੂਤਰਧਾਰ ਆਉਂਦਾ ਹੈ।)

ਸੂਤਰਧਾਰ : "ਸਾਨੂੰ ਲੋੜ ਨਾ ਪੰਡਤਾਂ ਕਾਜੀਆਂ ਦੀ,
ਨਹੀਂ ਸ਼ੌਂਕ ਹੈ ਬੇੜਾ ਡੁਬਾਵਣੇ ਦਾ।
ਮੰਦਰ ਮਸਜਦਾਂ ਕਿਸੇ ਨਾ ਕੰਮ ਸਾਡੇ,
ਛੱਡੋ ਖਿਆਲ ਗੁਰਦਵਾਰੇ ਬਣਾਵਣੇ ਦਾ।
ਕਿਸੇ ਕੰਮ ਨਾ ਪੋਥੀਆਂ ਪਿਛਲੀਆਂ ਜੋ,
ਐਵੇਂ ਢੰਗ ਸੀ ਬਖ਼ਤ ਲੰਘਾਵਣੇ ਦਾ।
ਜਪ ਜਾਪ ਦਾ ਬਖ਼ਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਣੇ ਦਾ।"

ਗ਼ਦਰ ਅਖ਼ਬਾਰ ਨੇ ਭਾਰਤੀ ਪਰਵਾਸੀਆਂ ਦੀ ਚੇਤਨਾ ਵਿੱਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਹੁਣ ਉਨ੍ਹਾਂ ਦੇ ਦਿਲਾਂ ਵਿੱਚ ਇੱਕ ਦੂਜੇ ਲਈ ਪ੍ਰੇਮ ਦੀ ਭਾਵਨਾ ਉਮੜ ਪਈ ਸੀ ਤੇ ਉਹਨਾਂ ਦੀ ਜ਼ਿੰਦਗੀ ਦਾ ਇੱਕੋ ਇੱਕ ਮਕਸਦ ਆਜ਼ਾਦੀ ਸੀ। ਇਸ ਕਰਕੇ ਉਹ ਭੈੜੀਆਂ ਆਦਤਾਂ, ਖੇਤਰੀ ਭਿੰਨ ਭੇਦ ਜਾਂ ਜਾਤ-ਪਾਤ ਆਦਿ ਤਿਆਗ ਕੇ ਸਾਂਝੇ ਭਲੇ ਲਈ ਇੱਕਮੁੱਠਤਾ ਦਾ ਸਬੂਤ ਦੇਣ ਲੱਗੇ ਸਨ। ਖ਼ੂਨ, ਹੰਝੂਆਂ ਤੇ ਪਸੀਨੇ ਵਿੱਚੋਂ ਪੈਦਾ ਹੋਇਆ ਤਜਰਬਾ ਇੱਕ ਅਮਲ ਦੇ ਵਿੱਚ ਪਨਪਣ ਲੱਗਿਆ ਸੀ। ਉਹ ਦ੍ਰਿੜ ਇਨਕਲਾਬੀ ਬਣ ਕੇ ਆਪਣੇ ਬੱਚਿਆਂ ਨੂੰ ਚੰਗਾ ਭਵਿੱਖ ਦੇਣ ਲਈ ਜਾਨਾਂ ਕੁਰਬਾਨ ਕਰਨ ਲਈ ਤਿਆਰ ਹੋ ਗਏ। ਸੋਹਣ ਸਿੰਘ ਭਕਨਾ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਯੋਕੋਹਾਮਾ ਵਿੱਚ ਜਾ ਕੇ

ਹਥਿਆਰ ਦੇਣ ਗਏ। ਇਸ ਦੌਰਾਨ ਹੀ ਯੂਰਪ ਦੇ ਵਿੱਚ ਜੰਗ ਹੋਣ ਦਾ ਪਤਾ ਲੱਗਿਆ ਤਾਂ ਕਰਤਾਰ ਸਿੰਘ ਤੇ ਉਸਦਾ ਸਾਥੀ, ਇੱਕ ਅਮਰੀਕਨ ਅਨਾਰਕਿਸਟ ਜੈਕ ਨੂੰ ਨਾਲ ਲੈ ਕੇ ਹਵਾਈ ਜ਼ਹਾਜ਼ ਤੇ ਜਪਾਨ ਆਏ ਅਤੇ ਕੋਬੇ ਵਿੱਚ ਬਾਬਾ ਗੁਰਦਿੱਤ ਸਿੰਘ ਜੀ ਤੇ ਸੋਹਣ ਸਿੰਘ ਭਕਨਾ ਨੂੰ ਮਿਲ ਕੇ ਸਭ ਗੱਲਬਾਤ ਕੀਤੀ। ਯੁਗਾਂਤਰ ਆਸ਼ਰਮ ਸਾਨਫ੍ਰਾਂਸਿਸਕੋ ਦੇ ਗ਼ਦਰ ਪਰੈਸ ਵਿੱਚ "ਗ਼ਦਰ ਅਤੇ ਗ਼ਦਰ ਦੀ ਗੂੰਜ" ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਛਾਪ ਕੇ ਵੰਡੀਆਂ ਜਾਦੀਆਂ ਰਹੀਆਂ ਤੇ ਦਿਨੋਂ ਦਿਨ ਪ੍ਰਚਾਰ ਜੋਰਾਂ ਤੇ ਹੁੰਦਾ ਗਿਆ। ਫਰਬਰੀ 1914 ਵਿੱਚ ਸਟਾਕਨ ਦੇ ਆਮ ਜਲਸੇ ਵਿੱਚ ਆਜ਼ਾਦੀ ਦਾ ਝੰਡਾ ਲਹਿਰਾਇਆ ਗਿਆ। ਆਜ਼ਾਦੀ ਤੇ ਬਰਾਬਰੀ ਦੇ ਨਾਂ ਤੇ ਕਸਮਾਂ ਖਾਧੀਆਂ ਗਈਆਂ।

(ਸਾਰੇ ਗ਼ਦਰੀ ਬੈਠੇ ਮੀਟਿੰਗ ਕਰ ਰਹੇ ਹਨ। ਕਰਤਾਰ ਸਿੰਘ ਸਰਾਭਾ ਵਾਪਸ ਆਉਂਦਾ ਹੈ ਤੇ ਉਸ ਦੇ ਹੱਥ ਵਿੱਚ ਅਖ਼ਬਾਰਾਂ ਦਾ ਥੱਬਾ ਹੈ, ਪਹਿਲਾਂ ਗੁਣਗੁਣਾ ਰਿਹਾ ਹੈ ਫਿਰ ਉੱਚੀ ਅਵਾਜ਼ ਵਿੱਚ ਗਾਉਣ ਲੱਗਦਾ ਹੈ। ਸਾਰੇ ਉਸ ਨੂੰ ਧਿਆਨ ਨਾਲ ਸੁਣਦੇ ਹਨ।)

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,
ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।"

(ਇੰਨੇ ਨੂੰ ਇੱਕ ਸਾਥੀ ਆਉਂਦਾ ਹੈ, ਤੇ ਦੱਸਦਾ ਹੈ।)

ਜਗਤ ਸਿੰਘ : ਸਾਥੀਓ ਯੂਰਪ ਦੇ ਵਿੱਚ ਜੰਗ ਲੱਗ ਗਈ ਹੈ।

ਲਾਲਾ ਹਰਦਿਆਲ : ਇਹ ਤਾਂ ਬਹੁਤ ਖੁਸ਼ੀ ਦੀ ਗੱਲ ਹੈ।

ਸੋਹਣ ਸਿੰਘ : ਹੁਣ ਸਾਨੂੰ ਇਸ ਵਕਤ ਨੂੰ ਗਵਾਉਣਾ ਨਹੀਂ ਚਾਹੀਦਾ। ਸਗੋਂ ਯੋਜਨਾਵੱਧ ਤਰੀਕੇ ਨਾਲ ਕੰਮ ਨੂੰ ਅੰਜ਼ਾਮ ਦੇਣਾ ਚਾਹੀਦਾ ਹੈ।

ਜੁਆਲਾ ਸਿੰਘ : ਇਹ ਕਿਵੇਂ ਕੀਤਾ ਜਾਵੇ?

ਸੋਹਣ ਸਿੰਘ : ਆਪਾਂ ਨੂੰ ਪਤੈ, ਬਈ ਜਿਹੜੇ ਆਪਣੇ ਸਾਥੀ ਫੌਜ 'ਚੋਂ ਨਾਵਾਂ ਕਟਾ ਕੇ ਆਏ ਨੇ। ਉਹ ਫੌਜ ਵਿੱਚ ਹੋ ਰਹੀਆਂ ਗਤੀ ਵਿਧੀਆਂ ਬਾਰੇ ਚੰਗੀ ਤਰ੍ਹਾਂ ਜਾਣਦੇ ਨੇ। ਗ਼ਦਰ ਲਹਿਰ ਵਿੱਚ

ਜ਼ਿਆਦਾ ਹੈ ਵੀ ਤਾਂ ਸਾਬਕਾ ਫੌਜੀ ਹੀ।

ਜਗਤ ਸਿੰਘ : ਆਹੋ ਉਹ ਆਪਣੀ ਜਾਣ ਪਛਾਣ ਦਾ ਫਾਇਦਾ ਉਠਾ ਕੇ ਦੋਸਤ ਫੌਜੀਆਂ ਵਿੱਚ ਆਪਣੀ ਗੱਲ ਕਹਿ ਸਕਦੇ ਨੇ ਅਤੇ ਆਪਣਾ ਕੰਮ ਕਰਨਾ ਫਿਰ ਸੌਖਾ ਹੋ ਜੂ।

ਜੁਆਲਾ ਸਿੰਘ : ਲਾਲਾ ਜੀ ਤੁਸੀਂ ਆਪਣੀ ਯੋਜਨਾ ਦੇ ਪੱਖਾਂ ਬਾਰੇ ਸਾਥੀਆਂ ਨੂੰ ਦੱਸੋ।

ਲ਼ਾਲਾ ਹਰਦਿਆਲ : ਸਾਥੀਓ, ਆਪਣੀ ਕਾਰਵਾਈ ਦੀ ਯੋਜਨਾ ਦੇ ਦੋ ਪੱਖ ਹਨ। ਪਹਿਲਾ ਇਹ ਕਿ ਜਦੋਂ ਅੰਗਰੇਜ਼ ਵੱਡੀ ਤਾਕਤ ਨਾਲ ਜੰਗ ਵਿੱਚ ਉਲਝਿਆ ਹੋਵੇਗਾ ਉਦੋਂ ਜ਼ਿਆਦਾਤਰ ਅੰਗਰੇਜ਼ੀ ਫੌਜਾਂ ਬਾਹਰ ਹੋਣਗੀਆਂ ਤਾਂ ਆਪਣਾ ਹਮਲਾ ਤੇਜ਼ ਹੋ ਸਕਦਾ ਹੈ। ਦੂਸਰਾ ਇਹ ਕਿ ਅੰਗਰੇਜ਼ਾਂ ਦੀਆਂ ਵਿਰੋਧੀ ਸ਼ਕਤੀਆਂ ਤੋਂ ਮੱਦਦ ਵੀ ਲਈ ਜਾਵੇ।

ਕਰਤਾਰ ਸਿੰਘ : ਕੀ ਆਪਾਂ ਜਰਮਨੀ ਤੋਂ ਵੀ ਮੱਦਦ ਲੈ ਸਕਦੇ ਹਾਂ।

ਸੋਹਣ ਸਿੰਘ ਭਕਨਾ : ਕਿਉਂ ਨਹੀਂ, ਕਰਤਾਰ ਤੇਰੀ ਹਵਾਈ ਜਹਾਜ਼ਾਂ ਦੀ ਸਿਖਲਾਈ ਤਾਂ ਖਤਮ ਹੋ ਚੁੱਕੀ ਹੈ ਤੇ ਫਿਰ ਹੁਣ---

ਕਰਤਾਰ ਸਿੰਘ : (ਗੱਲ ਵਿਚੋਂ ਕੱਟ ਕੇ) ਜੀ ਹਾਂ ਮੈਂ ਤਿਆਰ ਬਰ ਤਿਆਰ ਹਾਂ। ਤੁਸੀਂ ਦੱਸੋ ਕਰਨਾ ਕੀ ਆ।

ਜੁਆਲਾ ਸਿੰਘ : ਸਾਡੇ ਇਸ ਨੌਜਵਾਨ ਦਾ ਕੌਣ ਮੁਕਾਬਲਾ ਕਰ ਲਊ, ਇਹਦਾ ਖ਼ੂਨ ਤਾਂ ਹਰ ਵਕਤ ਖੌਲ੍ਹਦੈ।

ਸੋਹਣ ਸਿੰਘ : ਖ਼ੂਨ ਤਾਂ ਖੌਲ੍ਹਣਾ ਈ ਹੋਇਆ, ਹਰ ਵਕਤ ਦੀਆਂ ਦੁਸ਼ਵਾਰੀਆਂ ਨੂੰ ਦੇਖ ਕੇ। ਨਾਲੇ ਜੇ ਕਰ ਗੁਜ਼ਰਨ ਦੀ ਚਾਹ ਹੋਵੇ ਤਾਂ ਇਨਸਾਨ ਪਹਾੜਾਂ ਨਾਲ ਵੀ ਸਾਹਮਣਿਓਂ ਹੋ ਕੇ ਟੱਕਰਦੈ।

ਜਗਤ ਸਿੰਘ : ਆਹੋ ਇਹ ਗੱਲ ਤਾਂ ਠੀਕ ਹੈ। ਹਾਂ ਹੁਣ ਇੱਥੋਂ ਆਪਾਂ ਜਾਣਾ ਕਿਵੇਂ ਹੈ।

ਵਿਸ਼ਨੂੰ ਗਨੇਸ਼ ਪਿੰਗਲੇ :ਹੁਣ ਇਹ ਇੱਥੇ ਬੈਠ ਕੇ ਸੋਚਣ ਦਾ ਸਮਾਂ ਨਹੀਂ ਜਿਸਨੂੰ ਜਿਹੜਾ ਰਾਹ ਮਿਲਦਾ ਹੈ, ਚੱਲੋ।

ਸੋਹਣ ਸਿੰਘ ਭਕਨਾ : ਬਾਕੀ ਥਾਵਾਂ ਤੇ ਵੀ ਸੂਚਨਾ ਪਹੁੰਚਾ ਦੇਵੋ। ਚਲੋ ਕਰੋ ਤਿਆਰੀਆਂ।

(ਸਾਰੇ ਇਕੱਠੇ ਗਾਉਂਦੇ ਹਨ)

"ਆਓ ਹਿੰਦੀਓ ਗ਼ਦਰ ਮਚਾਈਏ,
ਵੇਲ਼ਾ ਨਹੀਂ ਖੁੰਜ਼ਾਵਣ ਦਾ।
ਗ਼ਦਰ ਪਾਰਟੀ ਬੀੜਾ ਚੁੱਕਿਆ,
ਦੇਸ਼ ਅਜ਼ਾਦ ਕਰਾਵਣ ਦਾ।"

(ਸਾਰੇ ਇੱਕ ਦੂਜੇ ਨੂੰ ਵਧਾਈਆਂ ਦਿੰਦੇ ਹਨ, ਤੇ ਜੱਫੀਆਂ ਪਾਉਂਦੇ ਹਨ, ਤੇ ਭੰਗੜਾ ਪਾਉਣ ਲੱਗਦੇ ਹਨ। ਸਾਰੇ ਗਾਉਣ ਲੱਗਦੇ ਹਨ। ਝੰਡੇ ਚੁੱਕ ਕੇ ਸਟੇਜ ਤੇ ਗੇੜਾ ਦਿੰਦੇ ਹਨ, ਤੇ ਨਾਲ ਦੀ ਨਾਲ ਗਾਉਂਦੇ ਚਲੇ ਜਾਂਦੇ ਹਨ। ਰਸਤੇ ਵਿੱਚ ਹੋਰ ਆਦਮੀ ਸ਼ਾਮਲ ਹੁੰਦੇ ਹਨ।

(ਸੰਗੀਤ ਚੱਲਦਾ ਹੈ।)

"ਅਸੀਂ ਦੇਸ਼ ਦਾ ਛੱਡ ਖਿਆਲ ਦਿੱਤਾ,
ਤਾਂਹੀਓ ਦੋਸਤੋ ਕੰਮ ਵਿਰਾਨ ਹੋਏ।
ਚੱਲੋ ਚੱਲੀਏ ਦੇਸ਼ ਨੂੰ ਯੁੱਧ ਕਰਨ,
ਇਹੋ ਆਖਰੀ ਵਚਨ, ਫੁਰਮਾਨ ਹੋ ਗਏ।
ਗਿੱਦੜ ਪਿੱਛਾਂਹ ਤੇ ਜਾਣਗੇ ਸ਼ੇਰ ਅੱਗੇ,
ਜਦੋਂ ਬਿਗਲ ਲੜਾਈ ਦੇ ਆਣ ਹੋਏ।"

(ਲਾਈਟ ਬੰਦ ਹੁੰਦੀ ਹੈ। ਦੁਬਾਰਾ ਆਉਣ ਤੇ ਸੂਤਰਧਾਰ ਆਉਂਦਾ ਹੈ।)

## ਦ੍ਰਿਸ਼ ਚੌਥਾ

### ਮਨੀਲਾ ਦੀ ਬੰਦਰਗਾਹ

ਸੂਤਰਧਾਰ : "ਭੈਣਾਂ ਲੜਕੀਆਂ ਤੱਕ ਬੇਪਰਦ ਕਰਕੇ,
ਜੀਉਂਦੇ ਫਿਰਨ ਦੁਸ਼ਮਨ ਬੇਈਮਾਨ ਤੇਰੇ।
ਔਰਤ ਮਰਦ ਕੋਲੋਂ ਜਬਰਨ ਜੁਦਾ ਕੀਤੇ,
ਭੌਂਦੂ ਅਜੇ ਬੀ ਵਾਸਤੇ ਪਾਣ ਤੇਰੇ।
ਵਾਂਗ ਗਿੱਦੜਾਂ ਭੱਜਦੇ ਪਿੱਠ ਦੇ ਕੇ,
ਸ਼ੇਰ ਕਿਉਂ ਨਹੀਂ ਹੱਥ ਵਖਾਨ ਤੇਰੇ।"

ਗ਼ਦਰ ਅਖ਼ਬਾਰ ਕਨੇਡਾ, ਅਮਰੀਕਾ ਤੋਂ ਇਲਾਵਾ ਸਿੰਘਾਪੁਰ, ਚੀਨ, ਜਪਾਨ, ਪਨਾਮਾ, ਫਿਲਪਾਈਨ, ਮਲੇਸ਼ੀਆ,

ਮਲਾਇਆ, ਬਰਮਾ ਆਦਿ ਬਹੁਤ ਸਾਰੇ ਦੇਸ਼ਾਂ ਵਿੱਚ ਹਿੰਦੋਸਤਾਨੀਆਂ ਤੱਕ ਪਹੁੰਚਦਾ ਸੀ। ਜਦੋਂ ਇਹਨਾਂ ਤੋਂ ਇਲਾਵਾ ਬਾਕੀ ਦੇਸ਼ਾਂ ਵਿੱਚ ਬੈਠੇ ਹਿੰਦੋਸਤਾਨੀਆਂ ਨੂੰ ਗ਼ਦਰ ਮਚਾਉਣ ਲਈ ਸੱਦਾ ਪਹੁੰਚਿਆ ਤਾਂ ਉਹ ਵੀ ਦੇਸ਼ ਨੂੰ ਅਜ਼ਾਦ ਕਰਾਉਣ ਚੱਲ ਪਏ। ਇਹ ਮਨੀਲਾ ਦੀ ਬੰਦਰਗਾਹ ਹੈ। ਇੱਥੋਂ ਅੱਜ ਪੰਜ ਵਜੇ ਜਹਾਜ਼ ਨੇ ਤੁਰਨਾ ਹੈ। ਸਾਰੇ ਮੁਸਾਫ਼ਰ ਉਡੀਕ ਕਰ ਰਹੇ ਹਨ।

ਗ਼ਦਰੀ : ਭੈਣੇ ਤੂੰ ਕਿਉਂ ਉਦਾਸ ਬੈਠੀ ਐਂ?

ਗੁਲਾਬ ਕੌਰ : ਵੀਰ ਉਦਾਸੀ ਦੀ ਤਾਂ ਕੋਈ ਗੱਲ ਨਹੀਂ, ਮੈਂ ਤਾਂ ਆਪਣੇ ਪਤੀ ਨੂੰ ਉਡੀਕ ਦੀ ਆਂ ਕਿ ਉਹ ਹੁਣ ਤੱਕ ਕਿਉਂ ਨਹੀਂ ਆਇਆ?

ਗ਼ਦਰੀ : ਭੈਣੇ ਉਹਨੂੰ ਕੋਈ ਕੰਮ ਹੋ ਗਿਆ ਹੋਣੈ। ਤੂੰ ਫਿਕਰ ਨਾ ਕਰ।

ਗੁਲਾਬ ਕੌਰ : ਕੰਮ! ਹੁਣ ਦੇਸ਼ ਨੂੰ ਅਜ਼ਾਦ ਕਰਾਉਣ ਤੋਂ ਵੱਡਾ ਕੰਮ ਕੀ ਹੋ ਸਕਦੈ।

ਗ਼ਦਰੀ : ਇਹ ਤਾਂ ਠੀਕ ਹੈ ਪਰ---

ਗੁਲਾਬ ਕੌਰ : (ਵਿਚੋਂ ਗੱਲ ਕੱਟ ਕੇ) ਉੱਤੋਂ ਪੰਜ ਵੱਜਣ ਵਾਲੇ ਨੇ, ਮੈਨੂੰ ਸਮਝ ਨੀਂ ਆਉਂਦੀ ਕਿ ਉਹ ਕਿੱਥੇ ਰਹਿ ਗਿਆ।

ਗ਼ਦਰੀ : ਭੈਣੇ ਤੂੰ ਫਿਕਰ ਨਾ ਕਰ, ਲੈ ਆਹ ਆ ਗਿਆ ਮਾਨ ਸਿੰਘ। ਆਓ ਜੀ, ਆਓ ਜੀ।

ਮਾਨ ਸਿੰਘ : ਗੁਲਾਬ ਕੌਰੇ, ਐਧਰ ਆ, ਮੇਰੀ ਗੱਲ ਸੁਣ।

ਗੁਲਾਬ ਕੌਰ : ਜਹਾਜ਼ ਤੁਰਨ ਵਾਲੈ, ਤੁਸੀਂ ਮੌਕੇ ਦੀ ਮੌਕੇ ਕਿਧਰ ਨੂੰ ਚਲੇ ਗਏ ਸੀ।

ਮਾਨ ਸਿੰਘ : ਉਹ ਮੈਖਿਆ ਐਧਰ ਆ।

(ਨੇੜੇ ਜਾਂਦੀ ਹੈ ਤੇ ਉਸਨੂੰ ਸ਼ਰਾਬ ਦੀ ਬੋਅ ਆਉਂਦੀ ਹੈ। ਉਹ ਪਿੱਛੇ ਹੱਟਦੀ ਹੈ।)

ਗੁਲਾਬ ਕੌਰ : ਹੈਂ! ਤੂੰ ਸ਼ਰਾਬ ਪੀਤੀ ਐ।

ਮਾਨ ਸਿੰਘ : ਨ-ਈਂ, ਗੁਲਾਬ ਕੌਰੇ ਹੁਣ ਆਪਾਂ ਨੇ ਹਿੰਦੋਸਤਾਨ ਨੀ ਜਾਣਾ।

ਗੁਲਾਬ ਕੌਰ : ਕਿਉਂ? ਕਿਉਂ ਨੀ ਜਾਣਾ?

ਮਾਨ ਸਿੰਘ : ਤੈਨੂੰ ਤਾਂ ਪਤਾ ਈ ਐ। ਜਿਹੋ ਜਿਹੀ ਦੋਜ਼ਖ਼ ਦੀ ਜ਼ਿੰਦਗੀ ਚੋਂ ਆਏ ਸੀ, ਹੁਣ ਮੈਂ ਫੇਰ ਨੀ ਉੱਥੇ ਜਾਣਾ ਚਾਹੁੰਦਾ।

ਗੁਲਾਬ ਕੌਰ : ਉਹੀ ਦੋਜ਼ਖ਼ ਦੀ ਜ਼ਿੰਦਗੀ ਤੋਂ ਹੀ ਤਾਂ ਨਿਜਾਤ ਪਾਉਣ ਚੱਲੇ ਆਂ। ਤੈਨੂੰ ਉਦੋਂ ਨਹੀਂ ਸੀ ਪਤਾ, ਜਦੋਂ ਨਾਂ ਲਿਖਵਾਇਆ ਸੀ।

ਮਾਨ ਸਿੰਘ : ਨਹੀਂ, ਚੱਲ ਮੁੜ ਘਰ ਨੂੰ। (ਬਾਂਹ ਫੜ੍ਹ ਕੇ ਖਿੱਚਦਾ ਹੈ।)

ਗੁਲਾਬ ਕੌਰ: ਨਹੀਂ, ਤੂੰ ਹੁਣੇ ਡਰਨ ਲੱਗ ਪਿਆ। ਅਜੇ ਤਾਂ ਸਿਰ ਦੇਣੈ ਸਿਰ।

ਮਾਨ ਸਿੰਘ : ਵੱਡੀ ਆਈ ਆ ਸਿਰ ਦੇਣ ਵਾਲੀ। ਤੁਰਦੀ ਆਂ ਕਿ ਨਹੀਂ (ਮਾਰਨ ਲੱਗਦਾ ਹੈ।)

ਗੁਲਾਬ ਕੌਰ : ਖ਼ਬਰਦਾਰ ਜੇ ਮੇਰੇ ‘ਤੇ ਹੱਥ ਚੁੱਕਿਆ।

ਮਾਨ ਸਿੰਘ : (ਥੋੜ੍ਹਾ ਡਰ ਕੇ ਪਿਛਾਂਹ ਨੂੰ ਹੱਟ ਕੇ) ਮੈਂ ਕਦੋਂ ਹੱਥ ਚੁੱਕਦਾ ਕਮਜਾਤੇ, ਐਂਵੇ ਝੂਠ ਬੋਲੀ ਜਾਨੀਐਂ।

ਗੁਲਾਬ ਕੌਰ : ਮੈਂ ਦੇਖ ਲਿਆ ਤੇਰੀ ਸੂਰਮਗਤੀ ਨੂੰ ਜਿਹੜੀ ਜਨਾਨੀਆਂ ਤੇ ਹੀ ਚੱਲ ਸਕਦੀ ਐ। ਡਰਾਕਲਾ ਤੂੰ ਤਾਂ ਖ਼ਾਨਦਾਨ ਨੂੰ ਲਾਜ ਲਾ ਦਿੱਤੀ। ਤੇਰੇ ਵਰਗੇ ਬੇਈਮਾਨਾਂ ਨੇ ਈ ਤਾਂ 1857 ਵੇਲੇ ਵਿਸ਼ਵਾਸਘਾਤ ਕੀਤਾ ਸੀ ਤਾਂ ਹੀ ਤਾਂ ਗੁਲਾਮੀ ਦਾ ਜੂਲ਼ਾ ਅਜੇ ਵੀ ਗਲ਼ ਵਿੱਚ ਐ।

ਮਾਨ ਸਿੰਘ : ਬਕਵਾਸ ਬੰਦ ਕਰ ਲਾ।

ਗੁਲਾਬ ਕੌਰ : ਜਾ ਤੇਰੇ ਵਰਗੇ ਕਮੀਣਿਆਂ ਦੀ ਹਿੰਦੋਸਤਾਨ ਨੂੰ ਵੀ ਲੋੜ ਨਹੀਂ। ਉਹਨੂੰ ਤਾਂ ਅਜਿਹੇ ਸੂਰਮਿਆਂ ਦੀ ਲੋੜ ਐ, ਜਿਹੜੇ ਸਿਰ ਧੜ ਦੀ ਬਾਜ਼ੀ ਲਾਉਣ।

ਮਾਨ ਸਿੰਘ : ਐਂਵੇ ਜਿੱਦ ਨੀ ਕਰੀਦੀ ਹੁੰਦੀ, ਚੁੱਪ ਕਰਕੇ ਤੁਰ ਪਾ। ਲੱਗੀ ਐ ਐਥੇ ਖੜ੍ਹ ਕੇ ਜਲੂਸ ਕੱਢਣ।

ਗੁਲਾਬ ਕੌਰ : ਤੈਨੂੰ ਇਹ ਜਲੂਸ ਦੀਂਹਦਾ, ਉਹ ਨੀ ਦੀਂਹਦਾ ਜਿਹੜਾ ਸਾਡੇ ਦੇਸ਼ ਵਾਸੀਆਂ ਦਾ ਥਾਂ ਥਾਂ ਤੇ ਹਰ ਰੋਜ਼ ਨਿਕਲਦੈ। ਪਰ ਤੇਰੇ ਵਰਗੇ ਬੇਅਣਖੇ ਜਿਹਨਾਂ ਦੀ ਜ਼ਮੀਰ ਅਜੇ ਵੀ ਸੁੱਤੀ ਪਈ ਐ, ਇਹ ਕਦੇ ਵੀ ਨੀ ਜਾਗਣੀ। ਜਾਹ ਜੇ ਤੂੰ ਹਿੰਦੋਸਤਾਨ

ਨਹੀਂ ਜਾਣਾ ਤਾਂ ਮੇਰਾ ਤੇਰੇ ਨਾਲ ਕੋਈ ਰਿਸ਼ਤਾ ਨਹੀਂ।

ਮਾਨ ਸਿੰਘ : ਦੇਖ ਲੂੰ ਗਾ, ਤੂੰ ਕੱਲੀ ਉੱਥੇ ਕਿਵੇਂ ਰਹਿ ਲਵੇਂਗੀ।

ਗੁਲਾਬ ਕੌਰ : ਮੇਰੀ ਕੱਲੀ ਰਹਿਣ ਦੀ ਚਿੰਤਾ ਨਾ ਕਰ। ਹੁਣ ਮੇਰੀ ਜਾਗਦੀ ਜ਼ਮੀਰ ਨੂੰ ਪਤੀ ਦੇ ਜ਼ਿੰਦਰੇ ਨਹੀਂ ਲੱਗ ਸਕਦੇ।

ਮਾਨ ਸਿੰਘ : ਤੇਰਾ ਦਿਮਾਗ ਕਿਉਂ ਖ਼ਰਾਬ ਹੋਇਐ। ਤੂੰ ਆਪਣੇ ਪਤੀ ਦਾ ਘਰ ਛੱਡ ਕੇ ਚੱਲੀ ਐਂ, ਫਿਰ ਪਛਤਾਏਗੀਂ।

ਗੁਲਾਬ ਕੌਰ : ਤੂੰ ਮੇਰੇ ਪਛਤਾਵੇ ਦਾ ਫਿਕਰ ਨਾ ਕਰ। (ਹੱਥਾਂ ਵਿਚੋਂ ਚੂੜੀਆਂ ਲਾ ਕੇ) ਆ ਲੈ ਪਾ ਲੈ ਹੱਥਾਂ ਵਿੱਚ ਚੂੜੀਆ, ਘੁੰਡ ਕੱਢ ਕੇ ਬਹਿ ਜਾ। ਬੁਜ਼ਦਿਲ ਬਣ ਕੇ ਐਥੇ ਰਹਿ। ਮੈਂ ਜਾਊਂਗੀ ਦੇਸ਼ ਨੂੰ ਅਜ਼ਾਦ ਕਰਾਉਣ, ਤੇਰੇ ਵਰਗੇ ਬੇਈਮਾਨਾਂ ਦੀ ਭਾਰਤ ਮਾਂ ਨੂੰ ਵੀ ਲੋੜ ਨਹੀਂ। ਮੈਂ ਬਣੂੰਗੀ ਚੰਡੀ, ਰਣ ਤੱਤੇ ਵਿੱਚ ਮੈਂ ਨਿਤਰੂੰਗੀ ਤਲਵਾਰ ਲੈ ਕੇ। ਜਾਹ-ਜਾਹ--- ਮੇਰੀਆਂ ਅੱਖਾਂ ਤੋਂ ਦੂਰ ਚਲਾ ਜਾਹ। (ਮਾਨ ਸਿੰਘ ਬਾਹਰ ਨਿਕਲ ਜਾਂਦਾ ਹੈ।)

(ਸੰਗੀਤ ਚਲਦਾ ਹੈ। ਟਾਈਟਲ ਗੀਤ ਵੱਜਦਾ ਹੈ।)

ਗੀਤ : "ਹੁਣ ਅਸੀਂ ਅਜ਼ਾਦੀ ਲੈਣੀ ਆ ਗੋਰੇ ਨਾਲ ਲੜ ਕੇ,
ਤੂੰ ਪਾ ਕੇ ਚੂੜੀਆਂ ਬਾਹੀਂ ਬਹਿ ਜਾ ਅੰਦਰ ਵੜ ਕੇ,
ਉੱਚੀ ਚੀਖ਼ ਬੋਲਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

## ਦ੍ਰਿਸ਼ ਪੰਜਵਾਂ

ਸੂਤਰਧਾਰ ; "ਧੋਖਾ ਖਾਵਣਾ ਨਾ ਦੇਸ਼ ਘਾਤੀਆਂ ਤੋਂ,
ਖ਼ੂਬ ਰੱਖਣਾ ਆਪ ਵਿਚਾਰ ਅੰਦਰ।
ਵੈਰ ਜਿਹਨਾਂ ਦਾ ਕੌਮ ਦੇ ਨਾਲ ਵੱਡਾ
ਕੁੱਤੇ ਕਈ ਫਿਰਦੇ ਸਰਕਾਰ ਅੰਦਰ।"

ਮਈ, 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਕਨੇਡਾ ਆਇਆ ਤੇ ਦੋ ਮਹੀਨੇ ਸਮੁੰਦਰ ਵਿੱਚ ਰਿਹਾ। ਉਸ ਸਮੇਂ ਮੁਸਾਫ਼ਰਾਂ ਨੂੰ ਜ਼ਾਲਮ ਕਨੇਡੀਅਨ ਹਕੂਮਤ ਦੇ ਹੱਥੋਂ ਨਾ ਵਰਨਣ ਯੋਗ ਤਸੀਹੇ ਝੱਲਣੇ ਪਏ ਤੇ ਉਸੇ ਤਰ੍ਹਾਂ ਹੀ ਵਾਪਸ ਮੁੜਨਾ ਪਿਆ। ਭਾਰਤੀ ਲੋਕਾਂ ਦੀ ਦੁਸ਼ਮਣ ਤਿੱਕੜੀ ਮਿਸਟਰ

ਰੀਡ, ਮਿਸਟਰ ਸਟੀਵਨਜ਼ ਅਤੇ ਵਿਲੀਅਮ ਹਾਪਕਿਨਸਨ ਭਾਰਤੀ ਲੋਕਾਂ ਮਗਰ ਹੱਥ ਧੋ ਕੇ ਪੈ ਗਏ ਸਨ। ਭਾਰਤੀ ਪ੍ਰਵਾਸੀਆਂ ਦੇ ਦਾਖਲੇ ਨੂੰ ਰੋਕਣ ਲਈ ਬਣਾਏ ਕਾਨੂੰਨ ਦੇ ਖਿਲਾਫ਼ ਲੋਕ ਇਕੱਠੇ ਹੋ ਰਹੇ ਸਨ। ਇਹ ਅੰਗਰੇਜ਼ ਸਰਕਾਰ ਕਿਵੇਂ ਸਹਿਨ ਕਰ ਸਕਦੀ ਸੀ। ਉਸਨੇ ਆਪਣੀ ਪੁਰਾਣੀ ਉਹੀ ਰੋਮਨ ਨੀਤੀ ਪਾੜੋ ਤੇ ਰਾਜ ਕਰੋ ਵਾਲੀ ਅਪਣਾਈ ਕਿ ਕੈਨੇਡਾ ਵਸਦੇ ਭਾਰਤੀਆਂ ਵਿੱਚ ਵੀ ਬੇਲਾ ਸਿੰਘ ਜਿਆਣ ਤੇ ਬਾਬੂ ਸਿੰਘ ਵਰਗੇ ਗ਼ਦਾਰ ਪੈਦਾ ਕਰ ਦਿੱਤੇ। ਜਿਹਨਾਂ ਨੇ ਭਾਰਤੀਆਂ ਦੀ ਜ਼ਿੰਦਗੀ ਵਿੱਚ ਉੱਥਲ ਪੁੱਥਲ ਸ਼ੁਰੂ ਕਰ ਦਿੱਤੀ ਤੇ ਕਤਲੋਗਾਰਤ ਦਾ ਦੌਰ ਸ਼ੁਰੂ ਹੋਇਆ।

**(Mr. Stevens‘s office.)**

Mr. Reed: - Hello Stevens.

Mr. Stevens: - Welcome. How are you?

Mr. Reed: - Fine, but I have a big headache.

Mr. Stevens: - Komagata Maru is gone. Our headache is gone. Come on—— enjoy—have a drink.

Mr. Reed: - I still don’t understand, they didn’t have any hope. How did they manage to survive for two months with nothing?

Mr Stevens: - If Hopkinson had not put pressure on the government, our cause would have come out empty handed. They would have walked all over us.

Mr. Reed: - Those dirty dogs do not belong here. Canada is for our kind only- white people.

Mr Stevens: - Did you know that they said that would rather starve to death than return to their country?

Mr. Reed: - Gurdit Singh thought he knew everything about

the law here.

Mr. Stevens: - He didn't know that we would throw the law out of the window when it comes to those Hindus. (Both laugh)

Mr. Reed: - Sometimes, I wonder what these people are made of. They did not even back down in front of our guns, instead they tried to fight with coal.

Mr. Stevens: - Let's forget about it. It's over. They're gone. We are finally free.

Mr. Reed: - It doesn't feel like it. The whole situation still gives me nightmares. Now even some white whores are claiming that these men are hard-working and honest.

Mr. Stevens: - We need to get rid of this Indian shit immediately. Except the leaders, Bhag Singh and Balwant Singh are still here and will not stay silent.

Mr. Reed: - Yes, that is a problem. We must figure out how to deal with them. They are still fighting in court to let their families come to Canada.

(Both men take a deep breath)

Mr. Stevens: - Hopkinson said that he was coming to my office, but he is late now.

(Hopkinson enters)

Hopkinson: - Hello, sorry I am late. How are you guys?

Mr. Stevens: - We were just waiting for you so we could all enjoy ourselves.

Mr. Reed: - Did you meet up with Bela Singh? What is going on with the Indian community now?

Hopkinson: - Everything is fine. Do not worry friends.

Mr. Stevens: - Have you heard about the war between the Brits and the Germans?

Hopkinson: - Yes, the war is the reason that the Ghadarites are going back to India, so they can fight alongside of Germany.

Mr. Reed: - What? How can they do that? We have to keep them here.

Mr. Stevens: - First we were deporting them and now we have to stop them from leaving?

Hopkinson: - Don't worry, I spoke with Indian government officials and they said they will handle the Komagata Maru passengers. If they go back to Punjab, they will tell others about the conditions of the Canadian port. So, I told them to shoot them at the Calcutta Port.

Mr. Reed: - Okay. I am still worried about what might happen here.

Hopkinson: - Don't worry. We will continue to divide and conquer, thanks to our friends, Bela Singh and Babu Singh.

Mr. Stevens: - Indian traitors, cheap and filthy animals.

Mr. Reed: - Did they give you any information?

Hopkinson: - Yes. The leaders are planning to go to India, but I have other plans for them which Bela Singh will fulfill.

Mr. Stevens: - What are the plans?

(Bela Singh comes running.)

ਬੇਲਾ ਸਿੰਘ : ਮਿਸਟਰ ਹਾਪਕਿਸਨ, ਮੈਨੂੰ ਬਚਾਓ, ਮੈਂ ਤੁਹਾਡਾ ਕੰਮ ਪੂਰਾ ਕਰ ਦਿੱਤਾ ਹੈ। ਮੈਂ ਭਾਗ ਸਿੰਘ ਨੂੰ ਮਾਰ ਮੁਕਾਇਆ ਹੈ।

ਹਾਪਕਿਨਸਨ : Very good, ਹੋਰ ਸਭੀ ਕੁਸ਼ ਅੱਛਾ ਥਾ।

ਬੇਲਾ ਸਿੰਘ : ਬਦਨ ਸਿੰਘ ਮੇਰੇ ਮੂਹਰੇ ਅੜਨ ਲੱਗਿਆ ਸੀ, ਮੈਂ ਉਹਨੂੰ ਵੀ ਚੱਕਤਾ। ਬਾਕੀਆਂ ਦੇ ਮਨਾਂ ਵਿੱਚ ਵੀ ਪੂਰੀ ਦਹਿਸ਼ਤ ਪਾ ਦਿੱਤੀ ਐ।

ਹਾਪਕਿਨਸਨ : ਬਹੁਤ ਅੱਛੇ, ਬਹੁਤ ਅੱਛੇ। I am very happy. Bela Singh ਸ਼ਾਬਾਸ਼ my friend, you are a great man. You did it, you did it. (ਖੁਸ਼ੀ ਵਿੱਚ ਐਧਰ ਓਧਰ ਘੁੰਮ ਰਿਹਾ ਹੈ।)

ਬੇਲਾ ਸਿੰਘ : (ਰਿਵਾਲਵਰ ਦਿੰਦਾ ਹੋਇਆ) ਆਹ ਲਓ ਹੁਣ ਤੁਸੀਂ ਮੈਨੂੰ ਬਚਾਓ, ਮੈਂ ਥੋਡੇ ਦੁਸ਼ਮਣਾਂ ਦੇ ਘਰ ਵਿੱਚ ਜਾ ਕੇ ਵਾਰ ਕੀਤਾ ਹੈ।

ਮੈਲਕਮ ਰੀਡ : Don't worry , no one can hurt you.

Mr. Stevens: - You did us a big favour. We will take care of you.

Hopkinson: - Bela Singh, do you know if there were any witnesses?

Bela Singh : ਹਾਂ ਉੱਥੇ ਮੇਵਾ ਸਿੰਘ ਤੇ ਹੋਰ ਬਹੁਤ ਸਾਰੇ ਲੋਕ ਸਨ।
ਮੈਲਕਮ ਰੀਡ : ਉਹਨਾਂ ਨੇ ਤੈਨੂੰ ਦੇਖਿਆ ?

ਬੇਲਾ ਸਿੰਘ : ਦੇਖਿਆ ਤਾਂ ਹੋਵੇਗਾ ਪਰ ਉੱਥੇ ਗੋਲ਼ੀਆਂ ਚੱਲਣ ਨਾਲ ਬਹੁਤ ਧੂੰਆਂ ਹੋ ਗਿਆ ਸੀ। ਮੈਂ ਉੱਥੇ ਭੱਜ ਕੇ ਨਿਕਲ ਆਇਆ।

ਸਟੀਵਨਜ਼: ਬਹੁਟ ਅੱਛੇ, ਬਹੁਟ ਅੱਛੇ, Well done.

Hopkinson:: ਅਬ ਆਪ ਜਹਾਂ ਸੇ ਚਲਾ ਜਾ ਔਰ ਮੈਂ ਬਾਬੂ ਔਰ ਗੰਗਾ ਰਾਮ ਸੇ ਬਾਤ ਕਰਾਂਗਾ, ਉਹ ਮੇਵਾ ਸੀਂਗ ਸੇ ਬਾਤ ਕਰ ਕੇ ਉਸਕੋ ਵਿਟਨੈੱਸ ਬਣਾ ਲੇਗਾ ਔਰ ਆਪ ਵਰੀ ਹੋ ਜਾਏਗਾ। Don't worry, you are a good man. The government is on your side. Relax,

rest and drink. (ਉਸਨੂੰ ਬੀਅਰ ਪੀਣ ਨੂੰ ਦਿੰਦਾ ਹੈ।)

"ਢਾਹ ਲਾਉਣੀ ਵਤਨ ਅਜ਼ਾਦੀ ਨੂੰ ਇਹ ਕੰਮ ਗ਼ਦਾਰਾਂ ਦਾ,
ਨੋਚ ਨੋਚ ਕੇ ਲਾਹ ਦੇਵਾਂਗੇ ਚੰਮ ਗ਼ਦਾਰਾਂ ਦਾ,
ਸਿਫਤ ਹਾਂ ਪੱਖੀ ਰੋਲਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

# ਦ੍ਰਿਸ਼ ਛੇਵਾਂ

## ਕੋਰਟ ਰੂਮ

ਸੂਤਰਧਾਰ : "ਏਸ ਸੂਬੇ ਦੇ ਗੋਰਿਆਂ ਅੱਤ ਚੁੱਕੀ,
ਹਿੰਦੀ ਤੱਕ ਕੇ ਜੀਅੜਾ ਸਾੜਦੇ ਨੇ।
ਸੱਚ ਅਤੇ ਇਨਸਾਫ ਨੂੰ ਪਰ੍ਹਾਂ ਸਿੱਟਣ,
ਹਕ ਨਾਹੀਂ ਨਾਹੱਕ ਵਚਾਰਦੇ ਨੇ।
ਸੁੰਨਾ ਸਾਰੇ ਕਨੇਡਾ ਦਾ ਇਹ ਟੋਟਾ,
ਜਿੱਥੇ ਬੈਠ ਕੂਹਣੀ ਸਾਨੂੰ ਮਾਰਦੇ ਨੇ।"

5 ਸਤੰਬਰ ਨੂੰ ਗੁਰਦਵਾਰੇ ਵਿੱਚ ਬੇਲਾ ਸਿੰਘ ਨੇ ਗੋਲੀ ਚਲਾ ਕੇ ਭਾਈ ਭਾਗ ਸਿੰਘ ਤੇ ਬਦਨ ਸਿੰਘ ਹੋਰਾਂ ਨੂੰ ਕਤਲ ਕਰ ਦਿੱਤਾ। ਜਿਸਨੇ ਬਾਕੀ ਭਾਰਤੀਆਂ ਦੇ ਦਿਲਾਂ ਨੂੰ ਹਲੂਣ ਕੇ ਰੱਖ ਦਿੱਤਾ ਅਤੇ ਝੂਠੀਆਂ ਗਵਾਹੀਆਂ ਲਈ ਉਹਨਾਂ ਨੂੰ ਹੋਰ ਤੰਗ ਕੀਤਾ ਜਾਣ ਲੱਗਿਆ। ਇਸ ਤੋਂ ਤੰਗ ਆ ਕੇ ਭਾਈ ਮੇਵਾ ਸਿੰਘ ਨੇ ਇਨ੍ਹਾਂ ਦੇ ਕਤਲ ਦੀ ਪੇਸ਼ੀ ਤੇ ਆਏ ਹੋਏ ਦੁਭਾਸ਼ੀਏ ਅਤੇ ਪੁਲੀਸ ਤੇ ਇੰਮੀਗ੍ਰੇਸ਼ਨ ਦੇ ਏਜੰਟ ਹਾਪਕਿਨਸਨ ਨੂੰ ਕੋਰਟ ਰੂਮ ਦੇ ਹਾਲ ਵੇ ਵਿੱਚ ਕਤਲ ਕਰ ਕੇ ਹਿੰਦੋਸਤਾਨੀਆਂ ਨਾਲ ਹੋ ਰਹੀਆਂ ਵਧੀਕੀਆਂ ਦਾ ਬਦਲਾ ਲਿਆ ਸੀ। ਅੱਜ 30 ਅਕਤੂਬਰ 1914 ਨੂੰ ਹਾਪਕਿਨਸਨ ਕਤਲ ਦੀ ਅਦਾਲਤੀ ਕਾਰਵਾਈ ਹੋ ਰਹੀ ਹੈ। ਮੇਵਾ ਸਿੰਘ ਕਟਿਹਿਰੇ ਵਿੱਚ ਖੜ੍ਹਾ ਹੈ। ਜੱਜ ਮੋਰੀਸਨ ਆਪਣੀ ਕੁਰਸੀ ਤੇ ਬੈਠਾ ਹੈ। ਪਹਿਲੋਂ ਚਸ਼ਮਦੀਦ ਗਵਾਹ ਡਬਲਿਊ. ਏ. ਕੈਂਬਲ, ਜੇਮਜ਼ ਮੈਕੈਂਨ ਅਤੇ ਪਾਲ ਕਾਰਡਵੈੱਲ ਦੀਆਂ ਗਵਾਹੀਆਂ ਭੁਗਤਾਈਆਂ ਜਾ ਚੁੱਕੀਆਂ ਹਨ। ਡਿਟੈਕਟਿਵਜ਼ ਨੇ ਆਪਣੀ ਸਟੇਟਮੈਂਟ ਦੇ ਦਿੱਤੀ ਹੈ। ਕੌਰਨਰ ਦੀ ਰਿਪੋਰਟ ਤੇ ਸਾਰੇ ਸਬੂਤ

ਪੇਸ਼ ਕਰ ਦਿੱਤੇ ਗਏ ਹਨ। ਮੇਵਾ ਸਿੰਘ ਨੂੰ ਸਹੁੰ ਚੁਕਾਈ ਜਾ ਰਹੀ ਹੈ।

ਜਸਟਿਸ ਮੋਰੀਸਨ : ਮਿਸਟਰ ਮੇਵਾ ਸਿੰਘ ਤੂੰ ਕੁੱਝ ਕਹਿਣਾ ਮਾਂਗਟਾ ਹੈ ?

ਮੇਵਾ ਸਿੰਘ : ਹਾਂ ਜੱਜ ਸਾਹਿਬ, ਜੇਕਰ ਤੁਸੀਂ ਮੈਨੂੰ ਸਮਝ ਸਕੋ ਤਾਂ।

ਜਸਟਿਸ ਮੋਰੀਸਨ : ਹਾਂ, ਹਾਂ ਹਮ ਥੋਰਾ ਥੋਰਾ ਪੰਜਾਬੀ ਜਾਣਟਾ ਹੈ।

ਮੇਵਾ ਸਿੰਘ : ਜੱਜ ਸਾਹਿਬ ਤੁਹਾਨੂੰ ਸਿਰਫ ਪੰਜਾਬੀ ਦੀ ਹੀ ਨਹੀਂ ਸਾਡੀ ਵਿਰਾਸਤ ਦੀ ਵੀ ਸਮਝ ਹੋਣੀ ਚਾਹੀਦੀ ਹੈ।

ਜਸਟਿਸ ਮੋਰੀਸਨ : ਹਾਂ, ਹਾਂ ਹਮ ਥੋਰਾ ਥੋਰਾ ਵਿਰਾਸਤ ਕੋ ਵੀ ਜਾਣਟਾ ਹੈ। ਹਮਨੇ ਇੰਡੀਆ ਵਿਜਿਟ ਕੀਆ ਹੂਆ ਹੈ। ਹਮ ਥੋਰਾ ਪੰਜਾਬੀ ਸਮਝਟਾ ਹੈ। ਆਪ ਜੋ ਕਹਿਣਾ ਚਾਹਟਾ ਹੈ ਕਹਿ ਸਕਟਾ ਹੈ।

ਮੇਵਾ ਸਿੰਘ : ਜੱਜ ਸਾਹਿਬ, ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ। ਮੇਰੀ ਜ਼ਬਾਨ ਵਿੱਚ ਅਜਿਹੇ ਸ਼ਬਦ ਨਹੀਂ ਹਨ ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ ਕਿਹੜੇ ਦੁੱਖ, ਮੁਸੀਬਤਾਂ ਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ ਹਨ। ਇਹਨਾਂ ਪਾਪੀਆਂ ਨੇ ਭਾਈ ਭਾਗ ਸਿੰਘ ਤੇ ਗੁਰਦਵਾਰੇ ਵਿੱਚ ਗੋਲ਼ੀ ਚਲਾ ਕੇ ਗੁਰਦਵਾਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦਵਾਰੇ ‘ਚ ਕੀਤੇ ਇਹਨਾਂ ਕਾਰਿਆਂ ਨੇ ਮੇਰੇ ਸੀਨੇ ‘ਚ ਅੱਗ ਲਾ ਦਿੱਤੀ। ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ।

ਜਸਟਿਸ ਮੋਰੀਸਨ : ਮਿਸਟਰ ਮੇਵਾ ਸਿੰਘ ਬੀ ਬਰੀਫ਼, ਮੇਰਾ ਮਤਲਬ ਬਾਤ ਲੰਮੀ ਨਾ ਕਰੋ।

ਮੇਵਾ ਸਿੰਘ : ਠੀਕ ਹੈ ਜੱਜ ਸਾਹਿਬ, ਜੇ ਇਹ ਸਭ ਕੁੱਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਮੇਰੇ ਲਈ ਵੀ ਗੁਰਦਵਾਰੇ ‘ਚ ਇਹ ਕੁੱਝ ਹੁੰਦਾ ਵੇਖਣ ਨਾਲੋਂ ਮਰ ਜਾਣਾ ਚੰਗਾ ਹੈ---।

ਜਸਟਿਸ ਮੋਰੀਸਨ : ਮਿਸਟਰ ਮੇਵਾ ਸਿੰਘ ਆਪ ਆਪਣੇ ਵਕੀਲ ਕੇ ਜਰੀਏ ਬਾਤ

ਨਹੀਂ ਕਰਨਾ ਚਾਹੇਂਗੇ?

ਮੇਵਾ ਸਿੰਘ : ਨਹੀਂ, ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈਂ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਸਟੇਟਮੈਂਟ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਪਬਲਿਕ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਓ ਹੁੰਦਾ ਰਿਹਾ ਹੈ।

ਮਿਸਟਰ ਟੇਅਲਰ : ਮੀ ਲਾਰਡ, ਮੇਵਾ ਸਿੰਘ ਇੱਕ ਝੂਠਾ ਆਦਮੀ ਹੈ ਇਸਕਾ ਦੁਸ਼ਮਣੀ ਤੋ ਬੇਲਾ ਸਿੰਘ ਕੇ ਸਾਥ ਥਾ ਪਰ ਇਸ ਨੇ ਕਤਲ ਏਕ ਬੇਕਸੂਰ ਅਫ਼ਸਰ ਹਾਪਕਿਨਸਨ ਕਾ ਕੀਆ ਹੈ।

ਮੇਵਾ ਸਿੰਘ : ਜੱਜ ਸਾਹਿਬ, ਹਾਪਕਿਨਸਨ ਮੈਨੂੰ ਭਾਈ ਭਾਗ ਸਿੰਘ ਹੋਰਾਂ ਦੇ ਕਾਤਲ ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇਣ ਲਈ ਮਜ਼ਬੂਰ ਕਰਦਾ ਸੀ। ਉਸ ਨੇ ਮੈਨੂੰ ਆਖਿਆ ਕਿ ਤੂੰ ਪਾਸਾ ਬਦਲ ਕੇ, ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇ, ਨਹੀਂ ਤਾਂ ਤੇਰੇ ਨਾਲ ਬੁਰਾ ਹੋਵੇਗਾ। ਤੈਨੂੰ ਵੀ ਉਸੇ ਰਸਤੇ ਜਾਣਾ ਪਵੇਗਾ ਜਿਸ ਰਸਤੇ ਭਾਗ ਸਿੰਘ ਤੇ ਬਦਨ ਸਿੰਘ ਗਏ ਹਨ।

ਮਿਸਟਰ ਟੇਅਲਰ : ਮੀ ਲਾਰਡ, ਇਸ ਸੇ ਪੂਛੋ ਕਿ ਇਸ ਨੇ ਪੁਲੀਸ ਕੋ ਰਿਪੋਰਟ ਕਿਉਂ ਨਹੀਂ ਕੀਆ?

ਮੇਵਾ ਸਿੰਘ : ਪੁਲਸ ਨੂੰ ਤਾਂ ਮੌਕਾ ਮਿਲਣਾ ਚਾਹੀਦੈ ਸਾਡੇ ਤੇ ਧੱਕਾ ਕਰਨ ਲਈ। ਜਦ ਕੋਈ ਮੁਕੱਦਮਾ ਕਚਹਿਰੀ ਵਿੱਚ ਜਾਂਦੈ, ਜੱਜ ਇੱਕ ਸੋਚੀ ਸਮਝੀ, ਗਿਣੀ ਮਿੱਥੀ ਰਾਏ ਰੱਖਦੇ ਹੋਏ ਸਾਡੇ ਖਿਲਾਫ਼ ਫੈਸਲੇ ਦਿੰਦੇ ਐ। ਇਹ ਕਿੱਧਰ ਦਾ ਨਿਆਂ ਹੈ ਕਿ ਜੱਜ ਵੀ ਹਮੇਸ਼ਾਂ ਸਰਕਾਰੀ ਨੌਕਰਾਂ ਦੇ ਹੱਕ ਵਿੱਚ ਫੈਸਲੇ ਦੇਣ। ਨਸਲੀ ਵਿਤਕਰੇ ਨੂੰ ਮੁੱਖ ਰੱਖ ਕੇ ਫੈਸਲੇ ਦੇਣੇ ਕਿੱਧਰ ਦਾ ਇਨਸਾਫ ਹੈ? ਮੈਂ ਇਹਨਾਂ ਸਾਰੇ ਜ਼ੁਲਮਾਂ ਨੂੰ ਨੰਗਾ ਕਰਨ ਲਈ ਆਪਣੀ ਕੁਰਬਾਨੀ ਦੇਣ ਲਈ ਤਿਆਰ ਹਾਂ। ਮਨੁੱਖ ਦਾ ਪਹਿਲਾ ਫਰਜ਼ ਹੈ ਕਿ ਜ਼ੁਲਮ ਦੇ ਖਿਲਾਫ ਅਵਾਜ਼ ਉਠਾਏ। ਜੇ ਲੋੜ ਪਏ ਤਾਂ ਆਪਣੀ ਜਾਨ ਉੱਤੇ ਖੇਡ ਜਾਏ। ਮੇਰਾ ਧਰਮ ਕਹਿੰਦੈ ਕਿ ਦੁੱਖ ਸਹਾਰਨ ਦੀ ਸ਼ਕਤੀ ਕਿਸੇ ਹੱਦ ਤੱਕ ਹੋਣੀ ਚਾਹੀਦੀ ਹੈ। ਜਦੋਂ ਹੱਦ ਟੱਪ ਜਾਏ ਤਾਂ ਤਲਵਾਰ ਚੁੱਕੋ ਤੇ ਜ਼ੁਲਮ ਦਾ ਮੁਕਾਬਲਾ ਕਰੋ।

ਮਿਸਟਰ ਟੇਅਲਰ (ਸਰਕਾਰੀ ਵਕੀਲ): ਮੀ ਲਾਰਡ, ਇਨ ਬਾਤੋਂ ਕਾ ਕੇਸ ਸੇ ਕੋਈ ਤੁੱਅਲਕ ਨਹੀਂ।

ਮਿਸਟਰ ਵੁੱਡ (ਮੇਵਾ ਸਿੰਘ ਦਾ ਵਕੀਲ):- ਐਕਸਕਿਊਜ਼ ਮੀ ਲਾਰਡ, ਇਨਬਾਤੋਂ ਕਾ ਸਬੰਧ ਕੇਸ ਨਾਲ ਬਿਲਕੁੱਲ ਸੀਧਾ ਹੈ।

ਮੇਵਾ ਸਿੰਘ : ਜੱਜ ਸਾਹਿਬ ਅਸਲ ਵਿੱਚ ਹਾਪਕਿਨਸਨ ਨੇ ਇੱਥੇ ਕਈ ਕੁੱਤੇ ਰੱਖੇ ਹੋਏ ਸਨ। ਸਭ ਤੋਂ ਵੱਡਾ ਕੁੱਤਾ ਬੇਲਾ ਹੈ।

ਮਿਸਟਰ ਟੇਅਲਰ : ਜੱਜ ਸਾਹਿਬ, ਇਸਕੋ ਕਹੋ ਕਿ ਯੇ ਐਸੈ ਸ਼ਬਦ ਨਹੀਂ ਬੋਲ ਸਕਤਾ।

ਮਿਸਟਰ ਮੋਰੀਸਨ : ਮੇਵਾ ਸਿੰਘ ਆਪ ਕੋਰਟ ਮੇਂ ਐਸੀ ਅਨਪਾਰਲੀਮੈਂਟਰੀ ਲੈਂਗੁਏਜ਼ ਨਹੀਂ ਬੋਲ ਸਕਟੇ। ਯੂ ਅੰਡਰਸਟੈਂਡ।

ਮੇਵਾ ਸਿੰਘ : ਜੀ ਜੱਜ ਸਾਹਿਬ, ਹਾਪਕਿਨਸਨ ਬੇਲੇ, ਬਾਬੂ, ਗੰਗੂ ਤੇ ਹੋਰ ਏਜੰਟਾਂ ਰਾਹੀਂ ਵੱਢੀ ਖਾਂਦਾ ਸੀ। ਜੋ ਵੱਢੀ ਨਹੀਂ ਦਿੰਦਾ ਸੀ ਉਹਦੇ ਵੈਰ ਪੈ ਜਾਂਦਾ ਸੀ। ਜਿਸਦਾ ਉਹ ਵੈਰੀ ਸੀ ਬੇਲਾ ਤੇ ਉਸਦੇ ਸਾਥੀ ਵੀ ਉਸਦੇ ਵੈਰੀ ਬਣ ਜਾਂਦੇ। ਇੱਕ ਦਿਨ ਮੈਨੂੰ ਇਕੱਲੇ ਤੁਰੇ ਜਾਂਦੇ ਨੂੰ ਬਾਬੂ ਮਿਲ ਪਿਆ। ਮੈਨੂੰ ਧਮਕਾਉਂਦਾ ਰਿਹਾ ਤੇ ਕਹਿਣ ਲੱਗਾ ਕਿ ਜੇ ਮੁੜ ਕੇ ਤੈਨੂੰ ਵੈਨਕੂਵਰ ਵਿੱਚ ਫਿਰਦੇ ਨੂੰ ਦੇਖ ਲਿਆ ਤਾਂ ਅਸੀਂ ਤੈਨੂੰ ਛੱਡਾਂਗੇ ਨਹੀਂ। ਮੈਂ ਇਸ ਬਾਰੇ ਸੰਜ਼ੀਦਗੀ ਨਾਲ ਸੋਚਿਆ ਕਿ ਮੈਨੂੰ ਕੁਛ ਕਰਨਾ ਚਾਹੀਦਾ ਹੈ। ਮੈਂ ਸੋਚਿਆ ਕਿ ਐਹੋ ਜਿਹੇ ਜੀਣ ਨਾਲੋਂ ਤਾਂ ਮਰ ਜਾਣਾ ਚੰਗਾ ਹੈ। ਮੈਂ ਕਿਉਂ ਨਾ ਇੱਕ ਸੂਰਮੇ ਦੀ ਮੌਤ ਮਰਾਂ।

ਮਿਸਟਰ ਮੋਰੀਸਨ : ਮੇਵਾ ਸਿੰਘ ਆਪ ਆਪਨੀ ਸਫ਼ਾਈ ਮੇਂ ਕੁਛ ਔਰ ਕਹਿਨਾ ਚਾਹਤੇ ਹੈ ?

ਮੇਵਾ ਸਿੰਘ : ਜੱਜ ਸਾਹਿਬ ਜੰਗ ਸ਼ੁਰੂ ਹੋ ਚੁੱਕੀ ਹੈ। ਸੂਰਮੇ ਮੈਦਾਨ ਵਿੱਚ ਉੱਤਰ ਆਏ ਹਨ। ਹੁਣ ਕੁਰਬਾਨੀਆਂ ਦਾ ਸਮਾਂ ਆ ਗਿਆ ਹੈ। ਜਿਸ ਦੇਸ਼ ਵਿੱਚ ਅਸੀਂ ਜੰਮੇ ਉਥੇ ਵੀ ਰਾਜ ਥੋਡਾ ਇੱਥੇ ਵੀ। ਅਸੀਂ ਕੀ ਆਂ? ਕੌਣ ਆਂ? ਦੱਸੋ? ਸਾਨੂੰ ਸੁਖ ਦਾ ਸਾਹ ਕਿਤੇ ਵੀ ਕਿਉਂ ਨਹੀਂ? ਜ਼ੁਲਮ ਦੀ ਹੱਦ ਹੋ ਗਈ ਹੈ। ਸਾਡੇ ਲਈ ਇਨਸਾਫ ਖੰਭ ਲਾ ਕੇ ਉੱਡ ਗਿਆ ਹੈ। ਮੈਂ ਝੂਠ ਦਾ ਪਾਜ਼ ਖੋਲਣ ਤੇ ਸੱਚ ਦਾ ਢੰਡੋਰਾ ਦੇਣ ਲਈ ਜਾਨ ਦੀ ਬਾਜ਼ੀ ਲਾਈ ਹੈ।

"ਕਬੀਰਾ ਜਿਸੁ ਮਰਨੇ ਤੇ ਜਗੁ ਡਰੇ ਮੇਰੇ ਮਨੁ ਆਨੰਦੁ
ਮਰਨੇ ਹੀ ਤੇ ਪਾਈਐ, ਪੂਰਨ ਪਰਮਾਨੰਦ।"

(ਜੱਜ ਘੜੀ ਮੁੜੀ ਮਿਸਜ਼ ਡੈਲਟਨ ਵੱਲ ਦੇਖ ਰਿਹਾ ਹੈ।)

ਜੱਜ ਮੋਰੀਸਨ : ਮੇਵਾ ਸਿੰਘ, ਅਬ ਆਪ ਕਿਆ ਬੋਲ ਰਹੇ ਹੈਂ ਮੁਝੇ ਯੇ ਸਮਜ ਨਹੀਂ ਆਤਾ। ਆਪ ਇੰਗਲਿਸ਼ ਮੇਂ ਬਾਤ ਕਰੇਂ।

ਮੇਵਾ ਸਿੰਘ : ਮੈਂ ਲੱਗਭੱਗ ਸਾਢੇ ਅੱਠ ਸਾਲਾਂ ਤੋਂ ਇਸ ਦੇਸ਼ ਵਿੱਚ ਰਹਿ ਕੇ ਅੰਗਰੇਜ਼ੀ ਬੋਲ ਰਿਹਾ ਹਾਂ। ਤੁਸੀਂ ਥੋੜ੍ਹੇ ਮਿੰਟਾਂ ਵਿੱਚ ਹੀ ਸਾਡੀ ਬੋਲੀ ਨਾ ਸਮਝਣ ਕਰਕੇ ਅੱਕ ਗਏ ਹੋ। ਅਸੀਂ ਤੁਹਾਡੀ ਬੋਲੀ ਗੁਲਾਮ ਹੋਣ ਕਰਕੇ ਸਿੱਖੀ ਹੈ। ਤੁਸੀਂ ਸਾਡੀ ਬੋਲੀ ਦਾ ਇੱਕ ਸ਼ਬਦ ਵੀ ਸਿੱਖਣ ਦੀ ਲੋੜ ਨਹੀਂ ਸਮਝਦੇ। ਮੈਂ ਗੁਲਾਮ ਹਾਂ, ਮੇਰਾ ਦੇਸ਼ ਗੁਲਾਮ ਹੈ, ਮੇਰੀ ਬੋਲੀ ਗੁਲਾਮ ਹੈ। ਅਜ਼ਾਦੀ ਦੇ ਦੇਵਤਿਓ! ਗਿਰਜਿਆਂ ਦੇ ਟੱਲ ਖੜਕਾ ਖੜਕਾ ਕੇ ਸੱਚ ਦਾ ਪ੍ਰਚਾਰ ਕਰਨ ਵਾਲੇ ਝੂਠਿਓ, ਕਰੋ ਜਲਦੀ। ਦਿਓ ਆਪਣਾ ਫੈਸਲਾ। ਲਾਓ ਸੱਚ ਨੂੰ ਫਾਂਸੀ। ਛੇਤੀ ਕਰੋ, ਛੇਤੀ ਕਰੋ, ਹੋਰ ਦੇਰ ਨਾ ਕਰੋ।

ਜੱਜ ਮੋਰੀਸਨ : ਮੇਵਾ ਸਿੰਘ ਇਸ ਕੇ ਇਲਾਵਾ ਆਪ ਔਰ ਕੁਛ ਕਹਿਣਾ ਮਾਂਗਟਾ ਹੈ ?

ਮੇਵਾ ਸਿੰਘ : ਮੈਂ ਸਿੱਖ ਸਿਪਾਹੀ ਹਾਂ, ਸ੍ਰੀ ਗੁਰੂ ਗਰੰਥ ਸਾਹਿਬ ਦਾ ਪੂਰਾ ਸਤਿਕਾਰ ਕਰਦਾ ਹਾਂ। ਬੇਲੇ ਨੇ ਹਾਪਕਿਨਸਨ ਦੇ ਕਹਿਣ ਤੇ ਮੇਰੇ ਭਰਾਵਾਂ ਦਾ ਕਤਲ ਗੁਰਦਵਾਰੇ ਵਿੱਚ ਕਰਕੇ ਮੇਰੀ ਕੌਮ ਦੀ ਅਣਖ ਪੈਰਾਂ ਵਿੱਚ ਰੋਲਣ ਦੀ ਘਟੀਆ ਹਰਕਤ ਕੀਤੀ ਹੈ। ਮੈਂ ਹਾਪਕਿਨਸਨ ਨੂੰ ਗੋਲੀ ਮਾਰ ਕੇ ਆਪਣੀ ਕੌਮ ਦਾ ਕਰਜ਼ ਉਤਾਰਿਆ ਹੈ। ਸਾਡੀ ਸਾਰੀ ਕੌਮ ਜਾਣਦੀ ਹੈ ਕਿ ਸਾਡੇ ਸਾਰੇ ਦੁੱਖਾਂ ਦਾ ਕਾਰਣ ਹਾਪਕਿਨਸਨ ਸੀ। ਉਸਦੀਆਂ ਸਾਰੀਆਂ ਕਾਰਵਾਈਆਂ ਹਿੰਦੋਸਤਾਨੀਆਂ ਦੀਆਂ ਵਿਰੋਧੀ ਸਨ। ਮੈਂ ਉਸਨੂੰ ਗੋਲ਼ੀ ਮਾਰ ਕੇ ਨੇਕ ਕੰਮ ਕੀਤਾ ਹੈ। ਮੈਂ ਸਾਡੇ ਲੋਕਾਂ ਦੇ ਦੁੱਖ ਦੇਖਦਾ ਦੇਖਦਾ ਥੱਕ ਗਿਆ ਸੀ, ਮੈਂ ਇਸ ਜ਼ੁਲਮ ਦੇ ਦੁੱਖ ਨੂੰ ਜੜੋਂ ਕੱਢ ਦਿੱਤਾ ਹੈ ਤੇ ਮੈਂ ਬਹੁਤ ਖੁਸ਼ ਹਾਂ। ਤੁਹਾਡੇ ਫੈਸਲੇ ਦੀ ਉਡੀਕ ਵਿੱਚ ਹਾਂ।

ਮਿਸਟਰ ਟੇਅਲਰ : ਕੀ ਯੇ ਬਾਤ ਸੱਚ ਹੈ ਕਿ ਜਦੋਂ ਤੇਰੇ ਪਾਸੋਂ ਹਥਿਆਰ ਫੜੇ ਗਏ ਥੇ ਤੋ ਮਿਸਟਰ ਹਾਪਕਿਨਸਨ ਨੇ ਆਪਕੀ ਮੱਦਦ ਕੀਆ ਥਾ ਔਰ ਤੇਰੇ ਤੇ ਕੇਸ ਨਹੀਂ ਚੱਲਣ ਦਿਆ ਥਾ।

ਮੇਵਾ ਸਿੰਘ : ਹਾਂ। ਇਹ ਠੀਕ ਹੈ ਪਰ ਉਸਨੇ 40 ਡਾਲਰ ਵੱਢੀ ਲੈਣ ਦੇ ਲਾਲਚ ਨਾਲ ਕੇਸ ਰੋਕ ਲਿਆ ਸੀ।

ਮਿਸਟਰ ਟੇਅਲਰ : ਕੀ ਆਪ ਨੇ ਕੇਸ ਦੀ ਪੇਸ਼ੀ ਕੇ ਬਾਦ ਮਿਸਟਰ ਲੈਡਨਰ ਕੋ ਥੈਂਕ ਯੂ ਨਹੀਂ ਬੋਲਾ ਥਾ।

ਮੇਵਾ ਸਿੰਘ : ਹਾਂ ਬੋਲਾ ਥਾ, ਹਾਪਕਿਨਸਨ ਦੇ ਜ਼ੋਰ ਦੇਣ ਉੱਤੇ, ਪਰ ਅਸਲ ਗੱਲ ਤਾਂ ਚਾਲੀ ਡਾਲਰ ਹੀ ਸੀ।

ਜੱਜ ਮੋਰੀਸਨ : ਕੀ ਤੂੰ ਔਰ ਕੁੱਝ ਕਹਿਣਾ ਚਾਹਟਾ ਹੈ ਤੇਰੇ ਕੋਲ ਇਹ ਲਾਸਟ ਮੌਕਾ ਹੈ।

ਮੇਵਾ ਸਿੰਘ : ਮੈਂ ਚਾਹੁੰਦਾ ਹਾਂ ਕਿ ਭਾਈ ਭਾਗ ਸਿੰਘ ਦੀ ਬੱਚੀ ਜਿਸਦੀ ਮਾਂ ਉਸਨੂੰ ਜਨਮ ਦਿੰਦਿਆਂ ਹੀ ਤੁਰ ਗਈ ਸੀ ਤੇ ਪਿਓ ਨੂੰ ਗੁਰਦਵਾਰੇ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਉਸ ਨੌਂ ਮਹੀਨੇ ਦੀ ਯਤੀਮ ਬੱਚੀ ਨੂੰ ਦੇਖਣਾ ਚਾਹੁੰਦਾ ਹਾਂ ਤੇ ਉਸਦੀ ਹਾਜ਼ਰੀ ਵਿੱਚ ਆਪਣੇ ਲੋਕਾਂ ਨੂੰ ਸੁਨੇਹਾ ਦੇਣਾ ਚਾਹੁੰਦਾ ਹਾਂ।

ਜੱਜ ਮੋਰੀਸਨ : ਯੇ ਨਹੀਂ ਹੋ ਸਕਟਾ ਟੁਮ ਕਿਸੀ ਕੋ ਨਹੀਂ ਮਿਲ ਸਕਟਾ। ਮਿਸਟਰ ਹਾਪਕਿਨਸਨ ਦਾ ਕਾਟਲ ਹੋਣਾ ਆਪ ਨੇ ਮਾਨਾ ਹੈ। ਕੋਰਟ ਵਲੋਂ ਆਪ ਕੋ ਮੁਜ਼ਰਮ ਮਾਨਟੇ ਹੋਏ ਮੌਤ ਕੀ ਸਜ਼ਾ ਦੀ ਜਾਤੀ ਹੈ। ਆਪ ਕੋ 11 ਫਰਬਰੀ, 1915 ਕੋ ਫਾਂਸੀ ਕੀ ਸਜ਼ਾ ਦੀ ਜਾਏਗੀ।

ਮੇਵਾ ਸਿੰਘ : "ਸੂਰਾ ਸੋ ਪਹਿਚਾਨੀਐ ਜੋ ਲਰੇ ਦੀਨ ਕੇ ਹੇਤੁ
ਪੁਰਜਾ ਪੁਰਜਾ ਕੱਟ ਮਰੇ ਕਬਹੂੰ ਨਾ ਛਾਡੈ ਖੇਤੁ।"

(ਮੇਵਾ ਸਿੰਘ ਨੂੰ ਹੱਥਕੜੀਆਂ ਵਿੱਚ ਲਿਜਾਇਆ ਜਾ ਰਿਹਾ ਹੈ ਤੇ ਲਾਈਟਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ।)

(ਸੰਗੀਤ ਚਲਦਾ ਹੈ। ਟਾਈਟਲ ਗੀਤ ਚਲਦਾ ਹੈ।)

ਗੀਤ : "ਕੋਈ ਅਣਖ ਵੰਗਾਰੇ, ਚੁੱਪ ਅਸੀਂ ਨੀ ਰਹਿ ਸਕਦੇ,
ਅੱਖਾਂ ਕਰਕੇ ਬੰਦ ਜ਼ੁਲਮ ਨਹੀਂ ਸਹਿ ਸਕਦੇ,
ਫਿਰਦੀ ਪੁਲਸ ਟੋਲ਼ ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ----।"

# ਦ੍ਰਿਸ਼ ਸੱਤਵਾਂ

**(ਭਾਰਤ ਵਿੱਚ ਗੁਪਤ ਮੀਟਿੰਗ ਰੂਮ)**

(ਸੰਗੀਤ ਚੱਲ ਰਿਹਾ ਹੈ, ਮੀਟਿੰਗ ਵਿੱਚ ਚਾਰ ਪੰਜ ਸਾਥੀ ਬੈਠੇ ਹਨ। ਮਟਿੰਗ ਦੇ ਦੌਰਾਨ ਸੂਤਰਧਾਰ ਬੋਲ ਰਿਹਾ ਹੈ।)

ਸੂਤਰਧਾਰ : "ਹਿੰਦੋਸਤਾਨੀਓ ਆਓ ਸ਼ਹੀਦ ਹੋਈਏ,
ਹਿੰਦੋਸਤਾਨ ਦਾ ਜ਼ੁਲਮ ਮਿਟਾ ਦੇਈਏ।
ਮਰੀਏ ਆਪ ਜਾਂ ਦੁਸ਼ਮਣਾਂ ਮਾਰ ਲਈਏ,
ਗਲੋਂ ਤੌਕ ਗੁਲਾਮੀ ਦਾ ਲਾ ਲਈਏ।
ਖੌਫ਼ ਰੱਖੀਏ ਮੂਲ ਨਾ ਮੌਤ ਵਾਲਾ,
ਜ਼ਿੰਦ ਦੇਸ਼ ਦੇ ਅਰਥ ਲਗਾ ਲਈਏ।
ਕਾਹਨੂੰ ਬੈਠੇ ਹੋ ਰੱਬ ਦੀ ਆਸ ਉੱਤੇ,
ਆਓ ਆਪਣਾ ਤਾਣ ਲਗਾ ਲਈਏ।
ਜਾਨ ਦਿੱਤਿਆਂ ਬਚੇ ਜੇ ਹਿੰਦ ਹੀਰਾ,
ਸਸਤਾ ਫੇਰ ਵੀ ਸੱਚ ਸੁਣਾ ਲਈਏ।"

ਕੈਨੇਡਾ ਤੇ ਅਮਰੀਕਾ ਦੀਆਂ ਹਕੂਮਤਾਂ ਵਲੋਂ ਭਾਰਤੀ ਮਜ਼ਦੂਰਾਂ ਨੂੰ ਦੂਹਰੀ ਗੁਲਾਮੀ ਦਾ ਅਹਿਸਾਸ ਹੋਣ ਕਾਰਣ, ਉਨ੍ਹਾਂ ਨੇ ਸਹੁੰਆਂ ਖਾਧੀਆਂ ਕਿ ਬਰਤਾਨਵੀ ਗੁਲਾਮਾਂ ਵਾਲੀ ਜ਼ਿੰਦਗੀ ਜਿਊਣ ਨਾਲੋਂ ਤਾਂ ਮਰ ਜਾਣਾ ਹੀ ਚੰਗਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗ ਚੁੱਕਾ ਸੀ ਕਿ ਰਾਜ-ਭਾਗ ਦੇ ਅੰਦਰ ਕਿਹੋ ਜਿਹੀ ਸਮਾਨਤਾ ਹੈ। ਉਨ੍ਹਾਂ ਦੇ ਭਰਮ ਦੂਰ ਹੋ ਚੁੱਕੇ ਸਨ। ਨਵੇਂ ਇਨਕਲਾਬੀ ਵਿਚਾਰਾਂ ਨੇ ਉਨ੍ਹਾਂ ਨੂੰ ਜੋਸ਼ ਨਾਲ ਭਰ ਦਿੱਤਾ ਸੀ। ਉਹ ਹੁਣ ਭਾਰਤ ਜਾ ਕੇ ਆਪਣੀ ਜਨਮ-ਭੂਮੀ ਲਈ ਜੂਝਣਾ ਚਾਹੁੰਦੇ ਸਨ। ਉਨ੍ਹਾਂ ਨੇ ਗ਼ਦਰ ਪਾਰਟੀ ਦੇ ਹੋਕੇ ਤੇ, ਆਪਣਾ ਸਭ ਕੁਝ ਪਾਰਟੀ ਨੂੰ ਸੌਂਪ ਕੇ, ਤੇ ਹਿੰਦੁਸਤਾਨ ਨੂੰ ਜਾਣ ਵਾਲਾ ਜਿਹੜਾ ਵੀ ਜਹਾਜ਼ ਮਿਲਿਆ, ਆਪਣੀ ਮਾਤ-ਭੂਮੀ ਦੀ ਅਜ਼ਾਦੀ ਦੇ ਸੰਗ੍ਰਾਮ ਵਿੱਚ ਹਿੱਸਾ ਲੈਣ ਲਈ, ਉਸ ਵਿੱਚ ਹੀ ਚਾਲੇ ਪਾ ਦਿੱਤੇ। ਬਜਬਜ ਘਾਟ ਦੇ ਸਾਕੇ ਨੇ ਹੋਰ ਵੀ ਬਲ਼ਦੀ ਤੇ ਅੱਗ ਪਾ ਦਿੱਤੀ ਤੇ ਦੇਸ਼ ਭਗਤਾਂ ਦੇ ਹੌਂਸਲੇ ਬੁਲੰਦ ਹੋ ਗਏ। ਬੇਸ਼ੱਕ ਕਾਫੀ ਦੇਸ਼ ਭਗਤ ਗ੍ਰਿਫਤਾਰ ਕਰ ਲਏ ਗਏ ਸਨ ਪਰ ਬਾਕੀਆਂ ਦੇ ਹੌਂਸਲੇ ਅੰਗਰੇਜ਼ ਸਾਮਰਾਜ ਪਸਤ ਨਾ ਕਰ ਸਕਿਆ ਤੇ ਦੇਸ਼ ਭਗਤ ਪੁਲਾਂਘਾਂ ਪੁਟਦੇ ਗਏ। ਇਸ ਸਾਕੇ ਵਿੱਚ 23 ਮੁਸਾਫ਼ਰ ਗੋਲ਼ੀਆਂ ਨਾਲ ਭੁੰਨ ਦਿੱਤੇ ਗਏ ਪਰ ਬਾਬਾ ਗੁਰਦਿੱਤ ਸਿੰਘ

ਸਾਫ਼ ਨਿਕਲ ਗਿਆ ਤੇ 12 ਸਾਲ ਰੂਪੋਸ਼ ਰਹਿ ਕੇ ਪਾਰਟੀ ਵਿੱਚ ਕੰਮ ਕਰਦਾ ਰਿਹਾ। ਅੰਮ੍ਰਿਤਸਰ, ਲਾਹੌਰ ਵਿੱਚ ਗ਼ਦਰੀ ਜਦੋਂ ਮੀਟਿੰਗਾਂ ਕਰਦੇ ਤਾਂ ਕਮਰਾ ਕਿਰਾਏ ਤੇ ਨਾ ਮਿਲਦਾ, ਤਾਂ ਗ਼ਦਰੀ ਬੀਬੀ ਗੁਲਾਬ ਕੌਰ ਅਤੇ ਰਾਸ ਬਿਹਾਰੀ ਦੀ ਪਤਨੀ ਮੱਦਦ ਕਰਦੀਆਂ। ਉਹ ਅੰਦਰ ਮੀਟਿੰਗ ਕਰਦੇ ਤਾਂ ਉਹ ਬਾਹਰ ਚਰਖ਼ਾ ਕੱਤਣ ਦੇ ਬਹਾਨੇ ਪਹਿਰਾ ਦਿੰਦੀਆਂ।

ਗੀਤ : "ਗ਼ਦਰ ਪਾਰਟੀ ਜ਼ਿੰਦਾਬਾਦ ਦੀ ਹਾਮੀ ਭਰਦੇ,
ਲੱਗਾ ਇਸ਼ਕ ਅਜ਼ਾਦੀ ਅਸੀਂ ਨਾ ਮਰਨੋਂ ਡਰਦੇ,
ਜ਼ਿੰਦਜਾਨ ਖੌਲ਼ਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ---"

ਸੋਹਣ ਸਿੰਘ : ਸਾਥੀਓ, ਹੁਣ ਆਪਾਂ ਭਾਰਤ ਵਿੱਚ ਹਾਂ ਇਸ ਕਰਕੇ ਅਮਰੀਕਾ ਵਿੱਚ ਬੈਠ ਕੇ ਆਪਾਂ ਗ਼ਦਰ ਪਾਰਟੀ ਦਾ ਕੰਮ ਹੋਰ ਢੰਗ ਨਾਲ ਕਰਦੇ ਸੀ। ਪਰ ਐਥੇ ਬਿਲਕੁੱਲ ਹੀ ਵੱਖਰੇ ਢੰਗ ਨਾਲ ਕਰਨਾ ਪਵੇਗਾ।

ਕਰਤਾਰ ਸਿੰਘ : ਪਹਿਲੀ ਗੱਲ ਤਾਂ ਆਪਣੇ ਕੰਮਾਂ ਨੂੰ ਅੰਜ਼ਾਮ ਦੇਣ ਲਈ ਲੋਕਾਂ ਵਿੱਚ ਆਪਣੀ ਥਾਂ ਕਿਵੇਂ ਬਣਾਉਣੀ ਹੈ, ਇਹ ਸੋਚਣਾ ਪਵੇਗਾ।

ਜੁਆਲਾ ਸਿੰਘ : ਆਪਾਂ ਗ਼ਦਰ ਪਾਰਟੀ ਦੇ ਅਜੰਡਿਆਂ ਨੂੰ ਇੱਕ ਇੱਕ ਕਰਕੇ ਮੁੜ ਤੋਂ ਘੋਖੀਏ ਅਗਰ ਕੁੱਝ ਹਲਾਤਾਂ ਮੁਤਾਬਕ ਬਦਲਣਾ ਵੀ ਪਵੇ ਤਾਂ ਗੌਰ ਜਰੂਰ ਕਰੀਏ। :

ਵਿਸ਼ਨੂੰ ਗਨੇਸ਼ : ਪੜ੍ਹੋ, ਪਹਿਲਾ ਅਜੰਡਾ ਕੀ ਐ।

ਜਗਤ ਸਿੰਘ : ਪਾਰਟੀ ਦਾ ਪਹਿਲਾ ਅਜੰਡਾ ਤਾਂ ਭਾਰਤੀ ਫੌਜੀਆਂ ਤੇ ਪਰਜ਼ਾ ਨੂੰ ਆਪਣੇ ਵੱਲ ਕਰਨਾ ਈ ਐ, ਨਾਲ ਦੀ ਨਾਲ ਸਰਕਾਰੀ ਅਫ਼ਸਰਾਂ ਤੇ ਉਨ੍ਹਾਂ ਦੇ ਟਾਊਟਾਂ ਨੂੰ ਖਤਮ ਕਰਨਾ ਹੈ।

ਕਰਤਾਰ ਸਿੰਘ : ਸਿਆਸੀ ਤੇ ਹੋਰ ਕੈਦੀਆਂ ਦੀ ਰਿਹਾਈ ਲਈ ਜੇਲ੍ਹਾਂ ਵੀ ਤੋੜਨੀਆਂ ਪੈਣੀਆਂ ਨੇ ਤੇ ਸਰਕਾਰੀ ਖਜ਼ਾਨਿਆਂ ਤੇ ਥਾਣਿਆਂ ਨੂੰ ਲੁਟਣਾ ਵੀ ਹੈ।

ਸੋਹਣ ਸਿੰਘ : ਇੱਕੋ ਦਿਨ ਵਿੱਚ ਉੱਤਰੀ ਭਾਰਤ ਦੀਆਂ ਸਾਰੀਆਂ ਛਾਉਣੀਆਂ ਵਿੱਚ ਗੋਰੇ ਸਿਪਾਹੀਆਂ ਤੇ ਹਮਲਾ ਕੀਤਾ ਜਾਵੇ, ਕੀ ਇਹ ਠੀਕ ਰਹੂ।

ਜੁਆਲਾ ਸਿੰਘ : ਹਾਂ ਹਮਲਾ ਜੇ ਰਾਤ ਨੂੰ ਕਰੀਏ, ਫੇਰ ਨੀ ਠੀਕ ਐ?

ਵਿਸ਼ਨੂੰ ਗਨੇਸ਼ : ਆਹੋ ਉਸ ਸਮੇਂ ਸ਼ਹਿਰਾਂ ਨਾਲੋਂ ਸਾਰੇ ਤਾਰ ਸਬੰਧ ਕੱਟ ਦਿੱਤੇ ਜਾਣ ਤਾਂ ਕਿ ਉਹਨਾਂ ਦੀ ਪਹੁੰਚ ਕਿਤੇ ਹੋ ਨਾ ਸਕੇ।

ਕਰਤਾਰ ਸਿੰਘ : ਹਥਿਆਰਾਂ ਬਾਰੇ ਵੀ ਕੁੱਝ ਕਰਨਾ ਪਵੇਗਾ।

ਸੋਹਣ ਸਿੰਘ : ਜੇ ਕਿਤੇ ਅਮਰੀਕਾ ਤੋਂ ਆਉਂਦਿਆਂ ਨੂੰ ਹਥਿਆਰ ਸਮੁੰਦਰ ਵਿੱਚ ਨਾ ਸੁੱਟਣੇ ਪੈਂਦੇ ਤਾਂ ਆਪਣੀ ਇਹ ਮੁਸ਼ਕਲ ਤਾਂ ਹੱਲ ਹੋ ਜਾਣੀ ਸੀ ਪਰ ਹੁਣ ਤਾਂ ਸਾਨੂੰ ਕਿਸੇ ਨਾ ਕਿਸੇ ਤਰੀਕੇ ਹਥਿਆਰ ਪ੍ਰਾਪਤ ਕਰਨੇ ਤੇ ਬੰਬ ਬਣਾਉਣੇ ਹੀ ਪੈਣੇ ਨੇ। ਇਹ ਘੋਲ ਹਥਿਆਰਾਂ ਬਿਨ੍ਹਾਂ ਤਾਂ ਲੜ ਨਹੀਂ ਸਕਦੇ।

ਵਿਸ਼ਨੂੰ ਗਨੇਸ਼ : ਇਸ ਨਾਲੋਂ ਵੀ ਵੱਡੀ ਗੱਲ, ਲੋਕਾਂ ਨੂੰ, ਖਾਸ ਕਰ ਨੌਜੁਆਨਾਂ ਨੂੰ ਇਨਕਲਾਬ ਵਿੱਚ ਭਾਗ ਲੈਣ ਲਈ ਆਪਣੇ ਨਾਲ ਜੋੜਨਾ ਪੈਣੈ ਤਾਂ ਹੀ ਆਪਾਂ ਸ਼ਕਤੀਸ਼ਾਲੀ ਬਣ ਸਕਦੇ ਆਂ।

ਜਗਤ ਸਿੰਘ : ਇਨ੍ਹਾਂ ਸਾਰੇ ਕੰਮਾਂ ਲਈ ਪੈਸੇ ਦੀ ਲੋੜ ਹੈ। ਇਹ ਕਿਥੋਂ ਆਵੇਗਾ ਇਹਦੇ ਲਈ ਸਾਰੇ ਸਰਕਾਰੀ ਖ਼ਜ਼ਾਨਿਆਂ ਤੇ ਕਬਜ਼ਾ ਕਰਨਾ ਚਾਹੀਦਾ ਹੈ।

ਜੁਆਲਾ ਸਿੰਘ : ਸਰਕਾਰੀ ਖਜ਼ਾਨਿਆਂ ਤੋਂ ਇਲਾਵਾ ਵੱਡੇ ਵੱਡੇ ਸ਼ਾਹੂਕਾਰ ਵੀ ਲੁੱਟੇ ਜਾ ਸਕਦੇ ਆ।

ਜਗਤ ਸਿੰਘ : ਲੁੱਟਾਂ ਮਾਰਾਂ ਕਰਨ ਨੂੰ ਆਪਣੀ ਜ਼ਮੀਰ ਤਾਂ ਨਹੀਂ ਕਹਿੰਦੀ ਕਿ ਅਸੀਂ ਡਾਕੇ ਮਾਰੀਏ ਪਰ ਫਿਰ ਵੀ ਇਹ ਸਾਨੂੰ ਕਰਨਾ ਪਏਗਾ।

ਸੋਹਣ ਸਿੰਘ : ਮੈਨੂੰ ਇਉਂ ਵੀ ਲੱਗਦੈ ਕਿ ਭਾਈ ਪਰਮਾਨੰਦ ਕਦੇ ਇਹਦੇ ਲਈ ਸਹਿਮਤ ਨਹੀਂ ਹੋਣਗੇ, ਆਪਾਂ ਉਹਨਾਂ ਦੇ ਖਿਲਾਫ਼ ਵੀ ਨਹੀਂ ਜਾ ਸਕਦੇ।

ਕਰਤਾਰ ਸਿੰਘ : ਇਹ ਆਪਾਂ ਆਪਣੀ ਨਿੱਜੀ ਖੁਸ਼ੀ ਲਈ ਨਹੀਂ ਕਰ ਰਹੇ ਸਗੋਂ ਦੇਸ਼ ਦੀ ਅਜ਼ਾਦੀ ਲਈ ਆਪਣਾ ਆਪ ਦਾਅ ਤੇ ਲਾ ਰਹੇ ਹਾਂ। ਭਾਈ ਪਰਮਾਨੰਦ ਨੂੰ ਮਨਾਉਣ ਦੀ ਜ਼ੁੰਮੇਵਾਰੀ ਮੇਰੀ ਹੈ।

ਵਿਸ਼ਨੂੰ ਗਨੇਸ਼ ਪਿੰਗਲੇ : ਕਰਤਾਰ ਤੂੰ ਜਗਤ ਸਿਓਂ ਨੂੰ ਨਾਲ ਲੈ ਜਾ ਭਾਈ ਪਰਮਾਨੰਦ ਨਾਲ ਗੱਲ ਕਰਨ ਲਈ।

ਕਰਤਾਰ ਸਿੰਘ : ਅੱਛਿਆ ਜੀ।

(ਕਰਤਾਰ ਤੇ ਜਗਤ ਸਿੰਘ ਬਾਹਰ ਜਾਂਦੇ ਹਨ। ਗੁਲਾਬ ਕੌਰ ਚਰਖ਼ਾ ਖੜ੍ਹਾ ਕਰਦੀ ਹੈ ਤੇ ਅੰਦਰ ਆਉਂਦੀ ਹੈ।)

ਗੁਲਾਬ ਕੌਰ : ਵੀਰ ਮੀਟਿੰਗ ਅਜੇ ਹੋਰ ਕਿੰਨਾ ਚਿਰ ਚੱਲਣੀ ਐ।

ਵਿਸ਼ਨੂੰ ਗਨੇਸ਼ : ਮੀਟਿੰਗ ਤਾਂ ਖ਼ਤਮ ਹੋ ਗਈ ਹੈ, ਹੁਣ ਤਾਂ ਅਸੀਂ ਜਾਣ ਵਾਲੇ ਹੀ ਹਾਂ।

ਲਾਬ ਕੌਰ : ਕੋਈ ਮੇਰੇ ਲਈ ਵੀ ਹੋਰ ਕੰਮ ਦੱਸੋ।

ਸੋਹਣ ਸਿੰਘ ਭਕਨਾ : ਭੈਣੇ ਜਿਹੜਾ ਕੰਮ ਤੂੰ ਕਰ ਰਹੀ ਹੈ ਉਹ ਹੋਰ ਕੋਈ ਨਹੀਂ ਕਰ ਸਕਦਾ।

ਗੁਲਾਬ ਕੌਰ : ਇਹ ਤਾਂ ਕੋਈ ਖਾਸ ਨਹੀਂ, ਮੈਂ ਤਾਂ ਬਹੁਤ ਕੁਸ਼ ਤਨੋਂ ਮਨੋਂ ਕਰਨਾ ਚਾਹੁੰਦੀ ਹਾਂ।

ਜੁਆਲਾ ਸਿੰਘ : ਭੈਣੇ ਅਸੀਂ ਤਾਂ ਤੇਰਾ ਦੇਣ ਨਹੀਂ ਦੇ ਸਕਦੇ ਜਿਸਨੇ ਆਪਣਾ ਘਰ ਪਰਿਵਾਰ ਤੇ ਅਰਾਮ ਦੀ ਜ਼ਿੰਦਗੀ ਛੱਡ ਕੇ ਗ਼ਦਰ ਪਾਰਟੀ ਦੇ ਕੰਮਾਂ ਵਿੱਚ ਯੋਗਦਾਨ ਪਾਇਆ ਹੈ।

ਸੋਹਣ ਸਿੰਘ ਭਕਨਾ : ਇਹ ਤੇਰੇ ਵਰਗੀ ਵਿਰਲੀ ਭੈਣ ਹੀ ਕਰ ਸਕਦੀ ਹੈ, ਆਮ ਸਾਧਾਰਣ ਔਰਤ ਨਹੀਂ।

ਗੁਲਾਬ ਕੌਰ : ਵੀਰ ਮੈਂ ਵੀ ਤੁਹਾਡੇ ਵਰਗਾ ਹੀ ਦਿਲ ਰੱਖਦੀ ਹਾਂ। ਕੀ ਮੇਰੇ ਤਨ ਮਨ ਨੂੰ ਇਹ ਗੁਲਾਮੀ ਨਹੀਂ ਚੁਭਦੀ। ਮੈਂ ਇਹ ਕਿਵੇਂ ਸਹਿ ਸਕਦੀ ਹਾਂ।

ਵਿਸ਼ਨੂੰ ਗਨੇਸ਼ : ਭੈਣ ਜੇ ਕਦੇ ਇਤਿਹਾਸ ਵਿੱਚ ਗ਼ਦਰ ਪਾਰਟੀ ਦਾ ਨਾਂ ਆਵੇਗਾ ਤਾਂ ਔਰਤਾਂ ਦੀ ਨੁਮਾਇੰਦਗੀ ਵਜੋਂ ਤੇਰਾ ਨਾਂ ਸਭ ਤੋਂ ਅੱਗੇ ਹੋਵੇਗਾ।

ਗੁਲਾਬ ਕੌਰ : ਨਾਂ ਵਾਲੀ ਕੋਈ ਗੱਲ ਨਹੀਂ ਮੈਨੂੰ ਤਾਂ ਤੁਸੀਂ ਮੇਰੀ ਉਹ ਡਿਊਟੀ ਦੱਸੋ ਜਿਸਤੇ ਮੈਂ ਮਾਣ ਕਰ ਸਕਾਂ ਤੇ ਨੇਪਰੇ ਚਾੜ੍ਹ ਸਕਾਂ।

ਸੋਹਣ ਸਿੰਘ ਭਕਨਾ : (ਲਿਟਰੇਚਰ ਵੱਲ ਇਸ਼ਾਰਾ ਕਰਕੇ ਤੇ ਇੱਕ ਚਿੱਠੀ ਫੜ੍ਹਾਉਂਦੇ ਹੋਏ) ਆਹ ਸਾਰਾ ਲਿਟਰੇਚਰ ਤੇ ਸੁਨੇਹੇ ਇਨ੍ਹਾਂ ਪਤਿਆਂ ਤੇ ਪਹੁੰਚਾਉਣੇ ਨੇ। ਇਹ ਤੂੰ ਹੀ ਕਰ ਸਕਦੀ ਹੈਂ, ਅਸੀਂ ਨਹੀਂ, ਸਾਨੂੰ ਤਾਂ ਪੁਲਸ ਕੁੱਤਿਆਂ ਵਾਂਗੂੰ ਸੁੰਘਦੀ ਫਿਰਦੀ ਹੈ। ਪਰ ਤੂੰ ਵੀ ਭੇਸ ਬਦਲ ਕੇ ਜਾਣਾ, ਨਹੀਂ ਤਾਂ ਸ਼ੱਕ ਹੋ ਸਕਦਾ ਹੈ।

ਗੁਲਾਬ ਕੌਰ : ਤੁਸੀਂ ਫਿਕਰ ਨਾ ਕਰੋ ਮੈਂ ਆਪਣੇ ਦੇਸ਼ ਦੀ ਅਜ਼ਾਦੀ ਲਈ ਆਪਣਾ ਰੋਮ ਰੋਮ ਨਿਛਾਵਰ ਕਰ ਦੇਵਾਂਗੀ। ਦੇਸ਼ ਭਗਤੀ ਤਾਂ ਉਹ ਲਗਨ ਤੇ ਇਸ਼ਕ ਹੈ, ਜਿਸਨੂੰ ਲੱਗ ਜਾਵੇ, ਉਹ ਆਪਣੇ ਨਿੱਜੀ ਸੁੱਖ ਅਰਾਮ ਤੇ ਅਭਿਮਾਨ ਨੂੰ ਭੁੱਲ ਜਾਂਦਾ ਹੈ ਤੇ ਸੱਚੇ ਆਸ਼ਕ ਦੀ ਤਰ੍ਹਾਂ ਆਪਣੇ ਮਾਸ਼ੂਕ ਦੇਸ਼ ਖਾਤਰ ਇੰਜ ਜਲ਼ ਮਰਦਾ ਹੈ ਜਿਵੇਂ ਪਤੰਗਾ ਸ਼ਮ੍ਹਾਂ ਤੇ ਮਰਦਾ ਹੈ। ਔਰਤ ਤਾਂ ਕੁਰਬਾਨੀ ਦਾ ਦੂਜਾ ਨਾਂ ਹੈ। ਤੁਹਾਡੀਆਂ ਮਾਵਾਂ, ਭੈਣਾਂ, ਬਹੂ ਬੇਟੀਆਂ ਜਿਹੜੀਆਂ ਅੰਗਰੇਜ਼ ਦਾ ਤਸ਼ੱਦਦ ਘਰ ਬੈਠੀਆਂ ਭੁੱਖਣ ਭਾਣੀਆਂ ਨਿੱਕੇ ਨਿੱਕੇ ਬੱਚਿਆਂ ਦਾ ਤਰਸਾ ਦੇਖ ਤੇ ਸਹਿ ਰਹੀਆਂ ਹਨ ਉਹ ਵੀ ਕਿਸੇ ਕੁਰਬਾਨੀ ਤੋਂ ਘੱਟ ਨਹੀਂ। ਉਹ ਵੀ ਕਿਸੇ ਦਿਨ ਰਾਣੀ ਝਾਂਸੀ ਤੇ ਮਾਈ ਭਾਗੋ ਵਾਂਗ ਜ਼ੁਲਮ ਨੂੰ ਲਲਕਾਰਨਗੀਆਂ ਤੇ ਸਾਡੇ ਮੋਢੇ ਨਾਲ ਮੋਢਾ ਦੇਣਗੀਆਂ।

ਸੋਹਣ ਸਿੰਘ ਭਕਨਾ : ਗ਼ਦਰ ਪਾਰਟੀ ਜ਼ਿੰਦਾਬਾਦ।

ਸਾਰੇ : ਜ਼ਿੰਦਾਬਾਦ ਜ਼ਿੰਦਾਬਾਦ

(ਉਹ ਸਾਰੇ ਉੱਠ ਕੇ ਜਾਂਦੇ ਹਨ। ਰੋਸ਼ਨੀ ਮੱਧਮ ਹੁੰਦੀ ਹੈ। ਤੇ ਸੰਗੀਤ ਉਭਰਦਾ ਹੈ।)

## ਦ੍ਰਿਸ਼ ਅੱਠਵਾਂ

**(ਡਾਕੇ ਦਾ ਸੀਨ)**

ਸੂਤਰਧਾਰ : "ਸਾਇੰਸ ਆਖਦੀ ਜਗਤ ਹੈ ਪਿਛਾਂ ਖਿੱਚੂ,
ਮੋਹਰੇ ਜਾਂਵਦੇ ਇੱਕ ਸੰਤੋੜ ਗ਼ਦਰੀ।
ਭਰਮ, ਦੰਭ, ਅਗਿਆਨਤਾ ਦਰੜ ਸੁੱਟਣ,
ਛੱਡਣ ਜ਼ੁਲਮ ਦੀ ਘੰਡ ਮਰੋੜ ਗ਼ਦਰੀ,
ਨਵੀਂ ਜ਼ਿੰਦਗੀ ਦੇਣ ਸਮਾਜ ਤਾਂਈ,
ਸਮਝਣ ਕਰਨ ਜੋ ਸਮੇਂ ਦੀ ਲੋੜ ਗ਼ਦਰੀ।"

ਭਾਰਤ ਦੀ ਅਜ਼ਾਦੀ ਦੇ ਘੋਲ ਲਈ ਪੈਸੇ ਇਕੱਠੇ ਕਰਨੇ ਸਮੇਂ ਦੀ ਮੁੱਖ ਲੋੜ ਸੀ। ਗ਼ੁਲਾਮੀ ਵਿਰੁੱਧ ਘੋਲ ਕਰਨ ਲਈ ਹਰ

ਹਥਿਆਰ ਸਦਾਚਾਰਕ, ਕਾਨੂੰਨੀ ਤੇ ਵਾਜ਼ਬ ਹੁੰਦਾ ਹੈ। ਇਸ ਤਰ੍ਹਾਂ ਸੁਤੰਤਰਤਾ ਸੰਗਰਾਮੀਆਂ ਨੂੰ ਬਹੁਤ ਸਾਰੇ ਗੋਲੀ-ਸਿੱਕੇ, ਹਥਿਆਰਾਂ ਤੇ ਬੰਬ ਬਣਾਉਣ ਦੇ ਕਾਰਖ਼ਾਨਿਆਂ ਲਈ ਪੈਸੇ ਬਹੁਤ ਜਰੂਰੀ ਹੋ ਗਏ ਸਨ। ਬੇਸ਼ੱਕ ਸਾਰੇ ਗ਼ਦਰੀ ਇਸ ਤੇ ਸਹਿਮਤ ਨਹੀਂ ਸਨ ਫਿਰ ਵੀ ਜਿਹਨਾਂ ਚਿਰ ਪੈਸੇ ਦਾ ਕੋਈ ਹੋਰ ਹੀਲਾ ਵਸੀਲਾ ਨਹੀਂ ਸੀ ਤਾਂ ਸਿਰਫ ਇਹੀ ਸੰਭਵ ਸੀ ਕਿ ਜਗੀਰਦਾਰਾਂ ਤੇ ਸਰਕਾਰੀ ਖਜ਼ਾਨਿਆਂ ਨੂੰ ਲੁੱਟਿਆ ਜਾਵੇ। 3 ਫਰਬਰੀ, 1915 ਨੂੰ ਲੁਧਿਆਣੇ ਜਿਲ੍ਹੇ ਦੇ ਇੱਕ ਪਿੰਡ ਰੱਬੋਂ ਉੱਚੀ ਦੀ ਇੱਕ ਘਟਨਾ ਇਵੇਂ ਹੈ।

ਗੀਤ : "ਢਾਹ ਲਾਉਣੀ ਵਤਨ ਅਜ਼ਾਦੀ ਨੂੰ ਇਹ ਕੰਮ ਗ਼ਦਾਰਾਂ ਦਾ,
ਨੋਚ ਨੋਚ ਕੇ ਲਾਹ ਦੇਵਾਂਗੇ ਚੰਮ ਗ਼ਦਾਰਾਂ ਦਾ,
ਸਿਫਤ ਹਾਂ ਪੱਖੀ ਰੋਲਦੀ,
ਤਵਾਰੀਖ਼ ਬੋਲਦੀ, ਤਵਾਰੀਖ਼ ਬੋਲਦੀ ---"

(ਘਰ ਦਾ ਸੀਨ ਹੈ। ਚਾਰ ਸਾਥੀ ਮੂੰਹ ਤੇ ਕਾਲੇ ਕੱਪੜੇ ਬੰਨ੍ਹ ਕੇ ਆਉਂਦੇ ਹਨ ਤੇ ਡਾਕਾ ਮਾਰਨ ਜਾ ਰਹੇ ਹਨ। ਘਰ ਦੇ ਵਿੱਚ ਇੱਕ ਔਰਤ ਤੇ ਕੁੜੀ ਡਰੀਆਂ ਹੋਈਆਂ ਹਨ, ਸਾਥੀ ਟਰੰਕ ਕੱਪੜੇ ਫੋਲ ਰਹੇ ਹਨ। ਇੱਕ ਆਦਮੀ ਕੁੜੀ ਦਾ ਜਬਰਦਸਤੀ ਹੱਥ ਫੜ੍ਹ ਲੈਂਦਾ ਹੈ ਤੇ ਕੁੜੀ ਰੌਲਾ ਪਾਉਂਦੀ ਹੈ। ਭੱਜ ਕੇ ਮਾਂ ਕੋਲ ਜਾਂਦੀ ਹੈ, ਧੀ ਤੇ ਮਾਂ ਬਹੁਤ ਰੋਂਦੀਆਂ ਹਨ। ਕਰਤਾਰ ਸਿੰਘ ਭੱਜ ਕੇ ਰਿਵਾਲਵਰ ਤਾਣ ਕੇ ਉਸਦੇ ਨੇੜੇ ਗਏ। ਉਸ ਆਦਮੀ ਦੇ ਮੱਥੇ ਤੇ ਪਿਸਤੌਲ ਰੱਖ ਕੇ ਉਸ ਨੂੰ ਨਿਹੱਥਾ ਕਰ ਦਿੱਤਾ ਤੇ ਕੜਕ ਕੇ ਬੋਲੇ।)

ਕਰਤਾਰ ਸਿੰਘ : ਪਾਪੀ! ਤੇਰਾ ਜੁਰਮ ਬਹੁਤ ਸੰਗੀਨ ਹੈ, ਤੈਨੂੰ ਸਜ਼ਾਏ ਮੌਤ ਮਿਲਣੀ ਚਾਹੀਦੀ ਹੈ, ਛੇਤੀ ਇਸ ਲੜਕੀ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ ਕਿ "ਭੈਣੇ! ਮੈਨੂੰ ਮਾਫ਼ ਕਰਦੇ।"

ਆਦਮੀ (ਡਰਦਿਆਂ ਡਰਦਿਆਂ) ਭੈਣੇ! ਮੈਨੂੰ ਮਾਫ਼ ਕਰਦੇ।

ਕਰਤਾਰ ਸਿੰਘ : ਇਸ ਮਾਤਾ ਜੀ ਦੇ ਪੈਰ ਫੜ ਕੇ ਆਖ, ਕਿ ਮਾਤਾ ਜੀ, ਮੈਂ ਇਸ ਗਿਰਾਵਟ ਲਈ ਮਾਫ਼ੀ ਮੰਗਦਾ ਹਾਂ।

ਆਦਮੀ : ਮਾਤਾ ਜੀ, ਮੈਂ ਇਸ ਗਿਰਾਵਟ ਲਈ ਮਾਫ਼ੀ ਮੰਗਦਾ ਹਾਂ।

ਕਰਤਾਰ ਸਿੰਘ : (ਉਸ ਆਦਮੀ ਨੂੰ ਸੰਬੋਧਤ ਹੋ ਕੇ) ਜੇ ਤੈਨੂੰ ਇਹ ਮੁਆਫ਼

ਕਰ ਦੇਣ ਤਾਂ ਜ਼ਿੰਦਾ ਛੱਡਿਆ ਜਾਏਗਾ ਵਰਨਾ ਗੋਲੀ ਨਾਲ ਉਡਾ ਦਿੱਤਾ ਜਾਏਂਗਾ।

ਮਾਤਾ ਜੀ : (ਰੋਂਦੀ ਹੋਈ) ਕੋਈ ਨੀਂ ਪੁੱਤ, ਤੂੰ ਜਿਊਂਦਾ ਵਸਦਾ ਰਹਿ, ਤੂੰ ਸਾਡੀ ਇੱਜ਼ਤ ਰੱਖ ਲਈ।

ਕਰਤਾਰ ਸਿੰਘ : ਮਾਤਾ ਜੀ ਇਹ ਤੁਹਾਡੀ ਇੱਜ਼ਤ ਨਹੀਂ, ਇਹ ਸਾਡੀ ਵੀ ਇੱਜ਼ਤ ਹੈ, ਸਾਰੇ ਦੇਸ਼ ਦੀ ਇੱਜ਼ਤ ਹੈ।

ਮਾਤਾ ਜੀ : ਬੇਟਾ! ਇਹੋ ਜਿਹੇ ਧਰਮਾਤਮਾ ਤੇ ਸੁਸ਼ੀਲ ਨੌਜਵਾਨ ਹੋ ਕੇ ਤੁਸੀਂ ਇਸ ਚੋਰੀ ਦੇ ਕੰਮ ਵਿੱਚ ਕਿਵੇਂ ਸ਼ਾਮਲ ਹੋ ਗਏ?

ਕਰਤਾਰ ਸਿੰਘ : ਮਾਤਾ ਜੀ, ਰੁਪਏ ਦੇ ਲੋਭ ਵਿੱਚ ਆਕੇ ਇਹ ਕੰਮ ਸ਼ੁਰੂ ਨਹੀਂ ਕੀਤਾ, ਅਸੀਂ ਦੇਸ਼ ਅਜ਼ਾਦ ਕਰਾਉਣਾ ਚਾਹੁੰਦੇ ਹਾਂ। ਇਸ ਕਰਕੇ ਆਪਣਾ ਸਭ ਕੁੱਝ ਦਾਅ ਤੇ ਲਾ ਕੇ ਡਾਕਾ ਮਾਰਨ ਆਏ ਹਾਂ। ਹਥਿਆਰ ਖ਼੍ਰੀਦਣ ਲਈ ਰੁਪਏ ਦੀ ਜਰੂਰਤ ਹੈ, ਕਿੱਥੋਂ ਲਿਆਈਏ? ਮਾਤਾ ਜੀ, ਦੇਸ਼ ਦੀ ਅਜ਼ਾਦੀ ਦੇ ਕੰਮ ਲਈ ਇਹ ਘਟੀਆ ਕੰਮ ਕਰਨ ਲਈ ਮਜ਼ਬੂਰ ਹੋਏ ਹਾਂ।

ਮਾਤਾ ਜੀ : ਬੇਟਾ, ਇਸ ਲੜਕੀ ਦੀ ਸ਼ਾਦੀ ਕਰਨੀ ਹੈ, ਜੇ ਕੁਝ ਦੇ ਜਾਂਦੇ ਤਾਂ ਚੰਗਾ ਹੈ। ਨਹੀਂ ਤਾਂ ਤੁਹਾਡੀ ਮਰਜ਼ੀ ਹੈ।

ਕਰਤਾਰ ਸਿੰਘ : (ਸਾਰਾ ਕੁਝ ਅੱਗੇ ਰੱਖ ਕੇ) ਲਓ ਮਾਤਾ ਜੀ ਜਿੰਨਾ ਚਾਹੋ ਲੈ ਲਓ।

ਮਾਤਾ ਜੀ : (ਥੋੜਾ ਜਿਹਾ ਲੈਕੇ ਬਾਕੀ ਉਹਦੀ ਝੋਲੀ ਵਿੱਚ ਪਾ ਕੇ ਅਸ਼ੀਰਵਾਦ ਦਿੰਦੀ ਹੈ।) ਜਾਓ ਬੇਟਾ, ਤੁਹਾਨੂੰ ਕਾਮਯਾਬੀ ਨਸੀਬ ਹੋਵੇ। ਜਿਹੜੇ ਕੰਮ ਲਈ ਤੁਰੇ ਹੋ ਸਫਲ਼ ਹੋ ਕੇ ਆਵੋਂ।

ਕਰਤਾਰ ਸਿੰਘ : ਚੰਗਾ ਮਾਤਾ ਜੀ ਤੁਹਾਡਾ ਬਹੁਤ ਬਹੁਤ ਧੰਨਵਾਦ। (ਉਹ ਸਾਰਿਆਂ ਨੂੰ ਇਸ਼ਾਰਾ ਕਰਦਾ ਹੈ ਤੇ ਉਹ ਭੱਜ ਕੇ ਬਾਹਰ ਨਿਕਲਦੇ ਹਨ ਤੇ ਚਲੇ ਜਾਂਦੇ ਹਨ। ਰੌਸ਼ਨੀ ਚਲੀ ਜਾਂਦੀ ਹੈ। ਪਿੱਛਿਓਂ ਸੰਗੀਤ ਚਲਦਾ ਹੈ।)

"ਸਾਰੀ ਖਲਕ ਖੁਦਾਇ ਬੇਦਾਰ ਬੈਠੀ,
ਸੁੱਤਾ ਜਾਗਦਾ ਤੂੰ ਹਿੰਦੋਸਤਾਨ ਕਿਉਂ ਨੀ।
ਕਾਲਾ ਚੋਰ ਆਖੇ ਸਾਰਾ ਜੱਗ ਸਾਨੂੰ,
ਸੁਖੀ ਵਸਦੀ ਤੇਰੀ ਸੰਤਾਨ ਕਿਉਂ ਨੀ।"

# ਦ੍ਰਿਸ਼ ਨੌਵਾਂ

## ਜੇਲ੍ਹ ਦਾ ਸੀਨ

ਸੂਤਰਧਾਰ : ਨਾਲ ਮਿੰਨਤਾਂ ਨਹੀਂ ਹੱਕ ਮਿਲਣ ਲੱਗੇ,
ਆਓ ਹੱਕ ਲਈਏ ਹੱਕਦਾਰ ਵਾਂਗੂੰ।
ਕਰਕੇ ਗ਼ਦਰ ਕੱਢੋ ਦੇਸੋਂ ਗੋਰਿਆਂ ਨੂੰ,
ਕਾਹਨੂੰ ਹੱਥ ਜੋੜੇ ਗੁਨਾਹਗਾਰ ਵਾਂਗੂੰ।

(ਜੇਲ੍ਹ ਦਾ ਸੀਨ ਹੈ, ਕਰਤਾਰ ਸਿੰਘ ਸਰਾਭਾ ਇੱਕ ਕਿਤਾਬ ਪੜ੍ਹ ਰਿਹਾ ਹੈ ਤੇ ਮੁਸਕਰਾ ਰਿਹਾ ਹੈ। ਇਸ ਦੌਰਾਨ ਸੂਤਰਧਾਰ ਬੋਲ ਰਿਹਾ ਹੈ।)

ਫਰਵਰੀ 1915 ਵਿੱਚ ਬਗ਼ਾਵਤ ਦੀ ਤਿਆਰੀ ਹੋ ਰਹੀ ਸੀ ਪਹਿਲੇ ਹਫਤੇ ਆਪ, ਪਿੰਗਲੇ ਤੇ ਹੋਰ ਦੋ ਤਿੰਨ ਸਾਥੀਆਂ ਨਾਲ ਆਗਰਾ, ਕਾਨ੍ਹਪੁਰ, ਅਲਾਹਾਬਾਦ, ਲਖਨਊ, ਮੇਰਠ ਅਤੇ ਹੋਰ ਕਈ ਥਾਂ ਤੇ ਗਏ ਅਤੇ ਬਗ਼ਾਵਤ ਲਈ ਉਹਨਾਂ ਨਾਲ ਮੇਲ ਮਿਲਾਪ ਕਰ ਆਏ। ਅਖ਼ੀਰ ਉਹ ਦਿਨ ਨੇੜੇ ਆਉਣ ਲੱਗਾ, ਜਿਸਦਾ ਬੜੇ ਚਿਰ ਤੋਂ ਇੰਤਜ਼ਾਰ ਹੋ ਰਿਹਾ ਸੀ। 21 ਫਰਵਰੀ 1915 ਨੂੰ ਬਗ਼ਾਵਤ ਦਾ ਦਿਨ ਮੁਕੱਰਰ ਹੋਇਆ ਸੀ। ਤਿਆਰੀ ਜ਼ੋਰਾਂ ਤੇ ਸੀ, ਪਰ ਕਿਰਪਾਲ ਸਿੰਘ ਦੀ ਗ਼ਦਾਰੀ ਨੇ ਜਥੇਬੰਦੀ ਦੀਆਂ ਸਰਗਰਮੀਆਂ ਨੂੰ ਖੇਰੂੰ ਖੇਰੂੰ ਕਰ ਦਿੱਤਾ। ਕਰਤਾਰ ਸਿੰਘ ਸਰਗੋਧਾ ਦੇ ਚੱਕ ਨੰਬਰ ਪੰਜ ਵਿੱਚ ਪਹੁੰਚ ਗਿਆ, ਜਿੱਥੇ ਫੌਜੀਆਂ ਦਾ ਘੋੜਿਆਂ ਦਾ ਫਾਰਮ ਸੀ ਅਤੇ ਉਸਨੇ ਫੌਜੀਆਂ ਵਿੱਚ ਬਗਾਵਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਹੀ ਇੱਕ ਰਸਾਲਦਾਰ ਨੇ ਉਸਨੂੰ ਪਛਾਣ ਲਿਆ ਅਤੇ ਉਸਦੇ ਮਿੱਤਰਾਂ ਸਮੇਤ ਉਸਨੂੰ ਗ੍ਰਿਫਤਾਰ ਕਰਵਾ ਦਿੱਤਾ।

ਗੀਤ : "ਖ਼ਾਹਸ਼ ਅਜ਼ਾਦੀ ਲਾਵਾਂ ਇਨਕਲਾਬ ਦਾ ਨਾਹਰਾ,
ਵਾਰ ਵਾਰ ਲੈ ਜਨਮ ਦੇਸ਼ ਤੋਂ ਜ਼ਿੰਦਗੀ ਵਾਰਾਂ,
ਫਿਜ਼ਾ ਮਹਿਕ ਘੋਲ਼ਦੀ,
ਤਵਾਰੀਖ਼ ਬੋਲਦੀ ਤਵਾਰੀਖ਼ ---"

ਕਰਤਾਰ ਸਿੰਘ ਜੇਲ੍ਹ ਕੋਠੜੀ ਵਿੱਚ ਬੰਦ ਹਨ ਤੇ ਉਹਨਾਂ ਦੇ ਦਾਦਾ ਜੀ ਉਹਨਾਂ ਨੂੰ ਮਿਲਣ ਜਾਂਦੇ ਹਨ। ਜੇਲ੍ਹਰ ਦਾਦਾ ਜੀ ਨਾਲ ਗੱਲ ਕਰਦਾ ਹੈ ਤੇ ਅੰਦਰ ਲਿਜਾਂਦਾ ਹੈ, ਇਹ ਸਾਰਾ ਕੁਝ ਸੰਗੀਤ ਦੇ ਦੌਰਾਨ ਹੋ ਰਿਹਾ ਹੈ।)

| | |
|---|---|
| ਕਰਤਾਰ ਸਿੰਘ : | ਦਾਦਾ ਜੀ ਸਤਿ ਸ੍ਰੀ ਅਕਾਲ। |
| ਦਾਦਾ ਜੀ : | ਸਤਿ ਸ੍ਰੀ ਅਕਾਲ ਬੇਟਾ, |
| ਕਰਤਾਰ ਸਿੰਘ : | ਦਾਦਾ ਜੀ, ਕੀ ਹਾਲ ਐ ਤੁਹਾਡਾ? |
| ਦਾਦਾ ਜੀ : | ਮੇਰੇ ਹਾਲ ਦਾ ਕਿਹੜਾ ਤੈਨੂੰ ਪਤਾ ਨਹੀਂ। (ਰੋਣ ਲੱਗ ਜਾਂਦਾ ਹੈ।) |
| ਕਰਤਾਰ ਸਿੰਘ : | ਦਾਦਾ ਜੀ, ਤੁਸੀਂ ਰੋ ਕਿਉਂ ਰਹੇ ਹੋ। ਤੁਹਾਨੂੰ ਤਾਂ ਇਸ ਸ਼ਾਨਦਾਰ ਮੌਤ ਤੇ ਖੁਸ਼ ਹੋਣਾ ਚਾਹੀਦਾ ਹੈ। |
| ਦਾਦਾ ਜੀ : | ਕਰਤਾਰ ਸਿੰਘ, ਤੂੰ ਕਿਨ੍ਹਾਂ ਲਈ ਮਰ ਰਿਹਾ ਏਂ? ਜਿਹੜੇ ਤੈਨੂੰ ਗਾਲ੍ਹਾਂ ਦਿੰਦੇ ਹਨ। ਤੂੰ ਕੀ ਸੋਚਦੈਂ ਕਿ ਤੇਰੇ 'ਕੱਲੇ ਦੇ ਮਰਨ ਨਾਲ ਦੇਸ਼ ਨੂੰ ਕੋਈ ਫਾਇਦਾ ਹੋਵੇਗਾ? |
| ਕਰਤਾਰ ਸਿੰਘ : | ਫਾਇਦਾ ਜਰੂਰ ਹੋਵੇਗਾ। ਦਾਦਾ ਜੀ ਸਾਨੂੰ ਕੋਈ ਅਜਿਹਾ ਸ਼ੱਕ ਨਹੀਂ ਹੈ, ਕਿ ਸਾਡੀਆਂ ਕੁਰਬਾਨੀਆਂ ਅਜਾਂਈ ਜਾਣਗੀਆਂ। |
| ਦਾਦਾ ਜੀ : | (ਰੋਂਦਾ ਹੋਇਆ) ਨਹੀਂ ਪੁੱਤਰਾ ਨਹੀਂ। ਕਿਉਂ ਮੇਰਾ ਬੁਢਾਪਾ ਰੋਲ਼ਦੈਂ। |
| ਕਰਤਾਰ ਸਿੰਘ : | (ਕਰਤਾਰ ਸਿੰਘ ਨੇ ਬੜੀ ਹੌਲੀ ਜਿਹੀ ਪੁੱਛਿਆ।) ਠੀਕ ਐ ਦਾਦਾ ਜੀ, ਪਰ ਮੈਨੂੰ ਦੱਸੋ, ਚਾਚਾ ਜੀ ਨਿਧਾਨ ਸਿਉਂ ਕਿੱਥੇ ਹੈ? |
| ਦਾਦਾ ਜੀ : | ਉਹ ਤਾਂ ਪਲੇਗ ਨਾਲ ਮਰ ਗਿਆ। |
| ਕਰਤਾਰ ਸਿੰਘ : | ਤੇ ਅਮਰ ਸਿਉਂ ਕਿੱਥੇ ਹੈ? |
| ਦਾਦਾ ਜੀ : | ਉਹ ਹੈਜੇ ਨਾਲ ਮਰ ਗਿਆ। |
| ਕਰਤਾਰ ਸਿੰਘ : | ਤਾਂ ਕੀ ਤੁਸੀਂ ਚਾਹੁੰਦੇ ਹੋ ਕਰਤਾਰ ਸਿੰਘ ਬਿਸਤਰੇ ਉੱਤੇ ਮਹੀਨਿਆਂ ਬੱਧੀ ਪਿਆ ਰਹੇ ਤੇ ਦਰਦ ਨਾਲ ਦੁਖੀ ਹੋ ਕੇ ਚਾਚੇ ਹੋਰਾਂ ਵਾਂਗੂੰ ਕਿਸੇ ਰੋਗ ਨਾਲ ਮਰੇ? ਕੀ ਉਸ ਮੌਤ ਨਾਲੋਂ ਇਹ ਮੌਤ ਹਜ਼ਾਰਾਂ ਦਰਜੇ ਚੰਗੀ ਨਹੀਂ? |
| ਦਾਦਾ ਜੀ : | ਚੰਗਾ ਬੇਟਾ, ਤੇਰੀ ਇਸ ਗੱਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ, |
| ਕਰਤਾਰ ਸਿੰਘ : | ਦਾਦਾ ਜੀ, ਮੈਨੂੰ ਹੌਂਸਲਾ ਦਿਉ, ਤਾਂ ਕਿ ਮੈਂ ਦੇਸ਼ ਤੋਂ |

ਆਪਣੀ ਜਾਨ ਹੱਸ ਕੇ ਕੁਰਬਾਨ ਕਰਾਂ।

ਦਾਦਾ ਜੀ : ਪੁੱਤਰਾ---।

ਕਰਤਾਰ ਸਿੰਘ : ਦਾਦਾ ਜੀ ਅਸੀਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰ ਹਾਂ ਜੋ ਸਿਰ ਦੇਣਾ ਜਾਣਦੇ ਹਨ ਸਿਰ ਝੁਕਾਉਣਾ ਨਹੀਂ। ਤੁਸੀਂ ਮੈਨੂੰ ਅਸ਼ੀਰਵਾਦ ਦਿਓ ਕਿ ਮੈਂ ਆਪਣੀ ਅਣਖ, ਇੱਜ਼ਤ ਤੇ ਅਜ਼ਾਦੀ ਲਈ ਸੌ ਸੌ ਵਾਰ ਜਾਨ ਕੁਰਬਾਨ ਕਰ ਸਕਾਂ।

ਦਾਦਾ ਜੀ : ਚੰਗਾ ਪੁੱਤਰਾ, ਜਿਵੇਂ ਤੇਰੀ ਮਰਜ਼ੀ।

(ਜੇਲ੍ਹਰ ਕਰਤਾਰ ਸਿੰਘ ਨੂੰ ਫੜ੍ਹ ਕੇ ਅੰਦਰ ਲਿਜਾਂਦਾ ਹੈ, ਦਾਦਾ ਜੀ ਦੇਖਦੇ ਦੇਖਦੇ ਵਾਪਸ ਜਾਂਦੇ ਹਨ ਤੇ ਸੰਗੀਤ ਉਭਰਦਾ ਹੈ।)

ਗੀਤ : "ਛੋਟੀ ਉਮਰੇ ਦੁੱਖ ਜ਼ਿੰਦੜੀ ਨੂੰ ਸਹਿਣੇ ਪੈਂਦੇ,
ਮੰਗਿਆ ਹੱਕ ਨੀ ਮਿਲਦੇ ਹੱਕ ਤਾਂ ਲੈਣੇ ਪੈਂਦੇ,
ਹੁਣ ਨਾ ਜ਼ਿੰਦ ਡੋਲਦੀ,
ਤਵਾਰੀਖ ਬੋਲਦੀ, ਤਵਾਰੀਖ ਬੋਲਦੀ---"

(ਰੌਸ਼ਨੀ ਜਾਂਦੀ ਹੈ। ਤੇ ਦੁਬਾਰਾ ਹੌਲੀ ਹੌਲੀ ਰੌਸ਼ਨੀ ਆਉਂਦੀ ਹੈ।)

## ਦ੍ਰਿਸ਼ ਦਸਵਾਂ

### ਕੋਰਟ ਰੂਮ

ਸੂਤਰਧਾਰ : "ਲੱਖਾਂ ਵਲਵਲੇ ਦਿਲ ਵਿੱਚ ਉੱਠ ਰਹੇ ਨੇ,
ਕਿਸ ਦਿਨ ਹੋਵਸੀ ਵਤਨ ਅਜ਼ਾਦ ਮੇਰਾ,
ਬੂਟਾ ਵਤਨ ਅਜ਼ਾਦੀ ਦਾ ਸਿੰਜ ਹੋਵੇ,
ਗਲ਼ਾ ਕੱਟ ਤੂੰ ਜਲਦ, ਜਲਾਦ ਮੇਰਾ,
ਜੀਵਾਂ ਵਤਨ ਖਾਤਰ, ਮਰਾਂ ਵਤਨ ਬਦਲੇ,
ਏਸ ਵਿੱਚ 'ਹਰਦਮ' ਹੈ ਦਿਲਸ਼ਾਦ ਮੇਰਾ।"

ਉਸ ਸਮੇਂ 61 ਦੇਸ਼ ਭਗਤਾਂ ਨੂੰ ਗ੍ਰਿਫਤਾਰ ਕੀਤਾ ਗਿਆ। ਕਰਤਾਰ ਸਿੰਘ ਤੇ ਤੀਹ ਗਵਾਹ ਭੁਗਤਾਏ ਗਏ। ਜਿਹਨਾਂ ਵਿੱਚੋਂ ਛੇ ਗਵਾਹ ਗ਼ਦਰੀਆਂ ਵਿੱਚੋਂ ਹੀ ਲਾਲਚ ਵਿੱਚ ਆ ਕੇ ਸਰਕਾਰੀ ਗਵਾਹ ਬਣ ਗਏ ਸਨ, ਜਿਹਨਾਂ ਰੱਜ ਰੱਜ ਕੇ

ਇਹਨਾਂ ਦੇ ਖ਼ਿਲਾਫ਼ ਗਵਾਹੀਆਂ ਦਿੱਤੀਆਂ। ਸਾਰੇ ਦੇਸ਼ ਭਗਤਾਂ ਨੂੰ ਫਾਂਸੀ ਲੱਗਣ ਤੱਕ ਫਾਂਸੀ ਵਾਲੀਆਂ ਕੋਠੀਆਂ ਵਿੱਚ ਹੀ ਬੰਦ ਰੱਖਿਆ ਗਿਆ। ਇਸ ਸਮੇਂ ਉਹ ਹਮੇਸ਼ਾਂ ਦੇਸ਼ ਭਗਤੀ ਦੇ ਗੀਤ ਗਾਉਂਦੇ ਤੇ ਵਤਨ-ਪਿਆਰ ਦੀਆਂ ਗੱਲਾਂ ਕਰਕੇ ਬੜੇ ਹੌਂਸਲੇ ਤੇ ਦ੍ਰਿੜਤਾ ਨਾਲ ਦੇਸ਼ ਕੌਮ ਲਈ ਸੋਚਦੇ ਰਹਿੰਦੇ। ਇਸ ਸਮੇਂ ਹੀ ਕਰਤਾਰ ਸਰਾਭਾ ਨੇ ਇਹ ਨਜ਼ਮ ਲਿਖੀ ਸੀ।

"ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ,
ਖਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ ਤੇ,
ਦੇਖ ਅਸਾਂ ਨੂੰ ਨਾ ਘਬਰਾ ਜਾਣਾ।"

ਪਹਿਲਾਂ ਸਾਰੀਆਂ ਗਵਾਹੀਆਂ ਭੁਗਤ ਚੁੱਕੀਆਂ ਹਨ। ਕਰਤਾਰ ਸਿੰਘ ਨੂੰ ਪੇਸ਼ੀ ਤੇ ਲਿਆਂਦਾ ਗਿਆ ਹੈ। ਕਰਤਾਰ ਸਿੰਘ ਕਟਹਿਰੇ ਵਿੱਚ ਖੜ੍ਹਾ ਹੈ, ਉਸਨੂੰ ਸੌਂਹ ਚੁਕਾਈ ਜਾ ਰਹੀ ਹੈ। (ਕੋਰਟ ਰੂਮ ਹੈ, ਜੱਜ ਵਕੀਲ ਤੇ ਟਾਈਪ ਰਾਈਟਰ ਬੈਠੇ ਹਨ। ਗਵਾਹੀਆਂ ਭੁਗਤੀਆਂ ਜਾ ਚੁਕੀਆਂ ਹਨ।)

ਜੱਜ : ਕਰਤਾਰ ਸਿੰਘ ਮੈਂ ਸਾਰੀਆਂ ਗਵਾਹੀਆਂ ਸੁਣ ਲਈਆਂ ਹਨ। ਹੁਣ ਤੂੰ ਆਪਣੇ ਬਾਰੇ ਕੀ ਕਹਿਣਾ ਚਾਹੁੰਦਾ ਹੈਂ?

ਕਰਤਾਰ ਸਿੰਘ : ਜੱਜ ਸਾਹਿਬ ਮੈਂ ਜੋ ਕੁਝ ਵੀ ਕੀਤਾ ਹੈ ਠੀਕ ਕੀਤਾ ਹੈ, ਮੈਂ ਇੱਕ ਕ੍ਰਾਂਤੀਕਾਰੀ ਹਾਂ। ਅੰਗਰੇਜ਼ਾਂ ਦੀ ਗ਼ੁਲਾਮੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਤੇ ਦੇਸ਼ ਨੂੰ ਅਜ਼ਾਦ ਕਰਾਉਣਾ ਮੈਂ ਆਪਣਾ ਫਰਜ਼ ਸਮਝਦਾ ਹਾਂ।

ਜੱਜ : ਕਰਤਾਰ ਸਿੰਘ, ਅਜੇ ਤੁਹਾਡਾ ਬਿਆਨ ਨਹੀਂ ਲਿਖਿਆ ਗਿਆ, ਤੁਸੀਂ ਸੋਚ ਸਮਝ ਕੇ ਬਿਆਨ ਦਿਓ। ਤੁਸੀਂ ਜਾਣਦੇ ਹੋ ਕਿ ਤੁਹਾਡੇ ਬਿਆਨ ਦਾ ਨਤੀਜਾ ਕੀ ਨਿਕਲ ਸਕਦਾ ਹੈ।

ਕਰਤਾਰ ਸਿੰਘ : (ਮਸਤਾਨੀ ਅਦਾ ਵਿੱਚ) ਫਾਂਸੀ ਹੀ ਲਾ ਦਿਉਗੇਂ ਹੋਰ ਕੀ ਕਰੋਗੇ? ਅਸੀਂ ਇਸ ਤੋਂ ਨਹੀਂ ਡਰਦੇ।

ਜੱਜ : ਕਰਤਾਰ ਸਿੰਘ, ਤੂੰ ਅਜੇ ਬੱਚਾ ਹੈਂ। ਤੂੰ ਐਹੋ ਜਿਹੇ ਕਰੜੇ ਬਿਆਨ ਨਾ ਦੇਹ। ਅਜੇ ਸੰਸਾਰ ਦਾ ਕੁੱਝ ਵੇਖ ਚਾਖ ਲੈ।

ਕਰਤਾਰ ਸਿੰਘ : ਜਦੋਂ ਅਸੀਂ ਅਮਰੀਕਾ ਤੋਂ ਤੁਰੇ ਸੀ ਅਸੀਂ ਉਦੋਂ ਵੀ ਆਪਣੇ ਬਾਰੇ ਨਹੀਂ, ਆਪਣੇ ਦੇਸ਼ ਦੇ ਭਵਿੱਖ ਬਾਰੇ ਸੋਚਿਆ ਸੀ। ਦੇਸ਼

ਦਾ ਭਵਿੱਖ ਹੀ ਮੇਰਾ ਭਵਿੱਖ ਹੈ।

ਜੱਜ : ਅਸੀਂ ਅਜੇ ਤੈਨੂੰ ਸੋਚਣ ਲਈ ਹੋਰ ਸਮਾਂ ਦੇ ਸਕਦੇ ਹਾਂ ਜੇ ਤੂੰ ਚਾਹੇਂ।

ਕਰਤਾਰ ਸਿੰਘ : ਮੈਂ ਦੁਸ਼ਮਣ ਤੇ ਬਿਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਗਏ ਕਾਰਨਾਮੇ ਲੁਕਾ ਕੇ ਆਪਣੀ ਚਮੜੀ ਨਹੀਂ ਬਚਾਉਣੀ ਚਾਹੁੰਦਾ।

ਜੱਜ : ਕਰਤਾਰ ਸਿੰਘ, ਤੁਸੀਂ ਸਭ ਨਾਲੋਂ ਘੱਟ ਉਮਰ ਦੇ ਅਪਰਾਧੀ ਹੋ। ਤੁਹਾਨੂੰ ਮਾਫ਼ ਕੀਤਾ ਜਾ ਸਕਦਾ ਹੈ ਅਗਰ ਤੁਸੀਂ ਕਿਸੇ ਦੇ ਕਹੇ ਤੇ ਇਹ ਸਭ ਕੁੱਝ ਕਬੂਲ ਕਰ ਰਹੇ ਹੋ।

ਕਰਤਾਰ ਸਿੰਘ : ਜੋ ਮੈਂ ਕੀਤਾ ਹੈ ਜੇ ਤੁਹਾਡੀਆਂ ਨਜ਼ਰਾਂ ਵਿੱਚ ਜੁਰਮ ਹੈ ਤਾਂ ਇਸ ਜੁਰਮ ਦੇ ਲਈ ਮੈਨੂੰ ਉਮਰ ਕੈਦ ਮਿਲ ਜਾਏਗੀ ਜਾਂ ਫਾਂਸੀ। ਪਰੰਤੂ ਮੈਂ ਫਾਂਸੀ ਨੂੰ ਪਹਿਲ ਦੇਵਾਂਗਾ ਤਾਂ ਕਿ ਫਿਰ ਜਨਮ ਲੈ ਕੇ ਜਦ ਤੱਕ ਹਿੰਦੋਸਤਾਨ ਅਜ਼ਾਦ ਨਹੀਂ ਹੋਵੇਗਾ, ਤਦ ਤੱਕ ਮੈਂ ਵਾਰ ਵਾਰ ਜਨਮ ਲੈ ਕੇ ਫਾਂਸੀ ਤੇ ਲਟਕਦਾ ਰਹਾਂਗਾ, ਇਹ ਮੇਰੀ ਆਖ਼ਰੀ ਖਾਹਿਸ਼ ਹੈ।

ਜੱਜ : ਠੀਕ ਹੈ ਕਰਤਾਰ ਸਿੰਘ ਤੁਹਾਡੇ ਬਿਆਨਾਂ ਤੇ ਗਵਾਹੀਆਂ ਦੇ ਮੁਤਾਬਕ ਤੁਹਾਨੂੰ ਧਾਰਾ 121 ਦੇ ਤਹਿਤ ਸਜ਼ਾਏ ਮੌਤ ਅਤੇ ਜਾਇਦਾਦ ਜਬਤੀ ਦਾ ਹੁਕਮ ਦਿੱਤਾ ਜਾਂਦਾ ਹੈ।

ਕਰਤਾਰ ਸਿੰਘ : (ਪੈਰਾਂ ਵਿੱਚੋਂ ਬੂਟ ਲਾਹ ਕੇ) ਜੱਜ ਸਾਹਿਬ ਮੇਰੀ ਆਹ ਜਾਇਦਾਦ ਵੀ ਸਰਕਾਰ ਤੱਕ ਪਹੁੰਚਾ ਦੇਣਾ ਤਾਂ ਕਿ ਮੇਰੇ ਬੂਟ ਮੇਰੀ ਇਹ ਜਾਇਦਾਦ ਵੇਚ ਕੇ ਉਹ ਆਪਣਾ ਘਾਟਾ ਪੂਰਾ ਕਰ ਲੈਣ।

ਜੱਜ : (ਉੱਚੀ ਅਵਾਜ਼ ਵਿੱਚ) ਕਰਤਾਰ ਸਿੰਘ

ਕਰਤਾਰ ਸਿੰਘ : ਜੱਜ ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ। (ਕਰਤਾਰ ਸਿੰਘ ਦੇ ਚਿਹਰੇ ਤੇ ਖ਼ੁਸ਼ੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ।)

ਗੀਤ : "ਕੱਟ ਜਾਣਗੇ ਸਿਰ ਸਾਡੇ, ਨਾ ਤੇਰੇ ਅੱਗੇ ਝੁਕਣੇ,
ਜ਼ੋਰ ਲਗਾ ਲੈ ਦੇਸ਼ ਭਗਤ ਨਾ ਕਦੇ ਵੀ ਮੁੱਕਣੇ,
ਜਿਵੇਂ ਵੇਲ ਮੌਲ਼ਦੀ,
ਤਵਾਰੀਖ਼ ਬੋਲਦੀ ਤਵਾਰੀਖ਼ ਬੋਲਦੀ---"

(ਰੌਸ਼ਨੀ ਜਾਂਦੀ ਹੈ)

## ਦ੍ਰਿਸ਼ ਗਿਆਰਵਾਂ

### ਫਾਂਸੀ ਦਾ ਤਖ਼ਤਾ

(ਰੌਸ਼ਨੀ ਜਾਂਦੀ ਹੈ। ਤੇ ਰੌਸ਼ਨੀ ਹੌਲ਼ੀ ਹੌਲ਼ੀ ਦੁਬਾਰਾ ਆਉਂਦੀ ਹੈ। ਸੱਤ ਗ਼ਦਰੀਆਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਹਨ ਤੇ ਉਹਨਾਂ ਦੇ ਸਿਰ ਉੱਤੇ ਸੱਤ ਰੱਸਿਆਂ ਵਾਲੀ ਫਾਂਸੀ ਲਟਕ ਰਹੀ ਹੈ)

ਸੂਤਰਧਾਰ : "ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ,
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਐਂ।
ਥੋਡੀ ਯਾਦ ਵਿੱਚ ਬੈਠ ਕੇ ਦੋ ਘੜੀਆਂ,
ਇੱਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਐਂ।
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ,
ਮੁੱਢ ਬੰਨਿਐਂ ਤੁਸੀਂ ਕਹਾਣੀਆਂ ਦਾ।
ਸੌਂਹ ਖਾਂਦੇ ਹਾਂ ਅਸੀਂ ਜੁਆਨੀਆਂ ਦੀ,
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।"

ਅੱਜ 16 ਨਵੰਬਰ, 1915 ਦਾ ਦਿਨ ਹੈ। ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ, ਜਗਤ ਸਿੰਘ, ਹਰਨਾਮ ਸਿੰਘ, ਬਖ਼ਸ਼ੀਸ਼ ਸਿੰਘ ਤੇ ਸੁਰੈਣ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦਿੱਤੀ ਜਾ ਰਹੀ ਹੈ। ਇਹ ਉਹ ਸਿਰਲੱਥ ਯੋਧੇ ਜਿਨ੍ਹਾਂ ਨੇ ਦੇਸ਼ ਵਾਸੀਆਂ ਦੀ ਸੁਤੰਤਰਤਾ ਦੇ ਕਾਰਜ ਲਈ ਆਪਾ ਕੁਰਬਾਨ ਕੀਤਾ। ਦੁਨੀਆਂ ਦੇ ਇਤਿਹਾਸ ਵਿੱਚ ਇੰਨਾ ਦਾ ਕੋਈ ਸਾਨੀ ਨਹੀਂ।

ਅਫਸਰ : ਤੁਹਾਡੀ ਆਖਰੀ ਖਾਹਸ਼ ਕੀ ਹੈ?

ਕਰਤਾਰ ਸਿੰਘ : (ਹੱਸ ਕੇ) ਕੀ ਤੁਸੀਂ ਸਾਡੀ ਆਖਰੀ ਇੱਛਾ ਪੂਰੀ ਕਰ ਸਕਦੇ ਹੋ? ਸਾਡੀ ਆਖਰੀ ਇੱਛਾ ਮੁਕੰਮਲ ਰੂਪ ਵਿੱਚ ਅਜ਼ਾਦੀ ਹੈ।

ਸੂਰੈਣ ਸਿੰਘ 1 : ਅਸੀਂ ਭਾਰਤੀ ਸਿਰ ਦੇ ਕੇ ਵੀ ਜੀਣ, ਮਰਨ, ਜੂਝਣ ਤੇ ਜਿੱਤਣ ਲਈ ਅਜ਼ਾਦੀ ਲਈ ਲੜਦੇ ਰਹਾਂਗੇ।

ਵਿਸ਼ਨੂੰ ਗਣੇਸ਼ ਪਿੰਗਲ : ਅਸੀਂ ਜਾਤ ਪਾਤ ਤੋਂ ਰਹਿਤ, ਧਰਮ ਨਿਰਪੱਖ, ਬਰਾਬਰੀ ਦਾ ਤੇ ਲੁੱਟ ਰਹਿਤ ਸਮਾਜ ਚਾਹੁੰਦੇ ਹਾਂ।

ਜਗਤ ਸਿੰਘ : ਅਸੀਂ ਚਾਹੁੰਦੇ ਹਾਂ ਸਾਡੇ ਗੁਰੁ ਦਾ ਸੰਦੇਸ਼–

"ਭੈ ਕਾਹੂੰ ਕੋ ਦੇਤ ਹੈ, ਨਾ ਭੈ ਮਾਨਤ ਆਨ।"

ਕਰਤਾਰ ਸਿੰਘ : ਦਰੋਗਾ ਮੱਤ ਸਮਝ ਕਿ ਕਰਤਾਰ ਸਿੰਘ ਮਰ ਗਿਆ ਹੈ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ, ਔਰ ਦੇਸ਼ ਕੀ ਅਜ਼ਾਦੀ ਕੇ ਲੀਏ ਕਾਮ ਕਰੇਂਗੇ।

ਹਰਨਾਮ ਸਿੰਘ : ਅਸੀਂ ਚਾਹੁੰਦੇ ਹਾਂ ਕਿ ਹੱਕ, ਸੱਚ, ਇਨਸਾਫ਼, ਅਜ਼ਾਦੀ, ਬਰਾਬਰੀ ਤੇ ਭਰੱਪਣ ਦੀ ਲੜਾਈ ਸਾਰਾ ਆਲਮ ਲੜੇ।

ਸੁਰੈਣ ਸਿੰਘ 2 : "ਹਿੰਦੂ, ਸਿੱਖ, ਪਠਾਣ ਤੇ ਮੁਸਲਮਾਨੋ,
ਫ਼ੌਜਾਂ ਵਾਲਿਓ ਜਰਾ ਖਿਆਲ ਕਰਨਾ।
ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ,
ਤੁਸੀਂ ਯੁੱਧ ਹੁਣ ਉਹਨਾਂ ਦੇ ਨਾਲ ਕਰਨਾ।"

ਬਖ਼ਸ਼ੀਸ਼ ਸਿੰਘ : "ਫਾਂਸੀਆਂ ਨਾਲ ਨਹੀਂ ਖ਼ਤਮ ਇਹ ਹੋਣ ਲੱਗੇ,
ਜਿਹੜੇ ਪੈਰੋਕਾਰ ਅਜ਼ਾਦੀ ਦੇ ਉੱਠ ਆਏ ਨੇ।
ਬੰਨ੍ਹੀ ਕਤਾਰਾਂ ਖੜ੍ਹੇ ਨੇ ਜੋ ਪਿੱਛੇ ਸਾਡੇ,
ਲਾਹ ਬੇੜ੍ਹੀਆਂ ਗੁਲਾਮੀ ਨਾਲ ਰੁੱਠ ਆਏ ਨੇ।"

ਕਰਤਾਰ ਸਿੰਘ : ਐ ਭਾਰਤ ਮਾਤਾ ਅਸੀਂ ਤੇਰੀਆਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜ ਤਾਂ ਨਹੀਂ ਸਕੇ। ਜੇ ਸਾਡੇ ਵਿੱਚੋਂ ਇੱਕ ਵੀ ਸਾਥੀ ਜਿਉਂਦਾ ਰਿਹਾ ਤਾਂ ਆਖਰੀ ਦਮ ਤੱਕ ਆਪਣੀ ਮਾਤਰ ਭੂਮੀ, ਜਨਤਾ ਦੀ ਅਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ। ਹਰ ਤਰ੍ਹਾਂ ਦੀ ਗ਼ੁਲਾਮੀ ਕੀ ਆਰਥਿਕ, ਕੀ ਰਾਜਨੀਤਕ ਅਤੇ ਕੀ ਸਮਾਜਿਕ, ਨੂੰ ਦੇਸ਼ ਅਤੇ ਮਨੁੱਖੀ ਸਮਾਜ ਤੋਂ ਮਿਟਾਉਣ ਦੀ ਕੋਸ਼ਿਸ਼ ਕਰੇਗਾ। ਗ਼ਦਰ ਪਾਰਟੀ।

ਸਾਰੇ : ਜ਼ਿੰਦਾਬਾਦ---ਜ਼ਿੰਦਾਬਾਦ।

ਸਾਰੇ : ਗ਼ਦਰ ਪਾਰਟੀ-ਜ਼ਿੰਦਾਬਾਦ, ਗ਼ਦਰ ਪਾਰਟੀ-ਜ਼ਿੰਦਾਬਾਦ (ਦੇ ਨਾਹਰਿਆਂ ਨਾਲ ਹਾਲ ਗੂੰਜ ਉੱਠਦਾ ਹੈ। ਜਦੋਂ ਨਾਹਰਿਆਂ ਦੀ ਅਵਾਜ਼ ਮੱਧਮ ਹੁੰਦੀ ਹੈ।

(ਸੂਤਰਧਾਰ ਦੇ ਬੋਲਣ ਦੇ ਦੌਰਾਨ ਉਹਨਾਂ ਦੇ ਮੂੰਹਾਂ ਤੇ ਕਾਲ਼ੇ ਕੱਪੜੇ ਪਾਏ ਜਾਂਦੇ ਹਨ ਤੇ ਗਲ਼ਾਂ ਵਿੱਚ ਫਾਂਸੀ ਦੇ ਰੱਸੇ ਆਪਣੇ ਹੱਥਾਂ ਨਾਲ ਆਪ ਪਾਉਂਦੇ ਹਨ। ਅਫ਼ਸਰ ਘੜੀ ਤੇ ਟਾਈਮ ਦੇਖਦਾ ਹੈ ਤੇ ਜਲਾਦ ਫੱਟਾ ਖਿੱਚਦਾ ਹੈ। ਦੇਸ਼ ਭਗਤਾਂ ਦੀਆਂ ਗਰਦਨਾਂ ਲੁਟਕ ਜਾਂਦੀਆਂ ਹਨ ਤੇ ਗੀਤ ਚਲਦਾ ਹੈ।)

"ਹਿੰਦ ਵਾਸਿਓ ਰੱਖਣਾ ਯਾਦ ਸਾਨੂੰ,
ਕਿਤੇ ਦਿਲੋਂ ਨਾ ਸਾਨੂੰ ਭੁਲਾ ਦੇਣਾ।
ਖਾਤਿਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਾ ਘਬਰਾ ਜਾਣਾ।
ਹਿੰਦ ਵਾਸਿਓ ਚਮਕਣਾ ਚੰਦ ਵਾਗੂੰ,
ਕਿਤੇ ਬੱਦਲਾਂ ਹੇਠ ਨਾ ਆ ਜਾਣਾ।"

## ਦ੍ਰਿਸ਼ ਬਾਰਵਾਂ

### ਅੰਗਰੇਜ਼ ਅਫ਼ਸਰ ਦਾ ਦਫ਼ਤਰ

ਸੂਤਰਧਾਰ : "ਇਸ ਧਰਤੀ ਨੇ ਗੋਬਿੰਦ ਜਾਇਆ
ਭਗਤ ਸਿੰਘ ਨੂੰ ਗੋਦ ਖਿਡਾਇਆ।
ਕਿੰਨੇ ਪੈਦਾ ਕਰੇ ਸਰਾਭੇ
ਏਸ ਧਰਤੀ ਨੇ ਗਦਰੀ ਬਾਬੇ।
ਸੁਣ ਵਿਰਸੇ ਦੇ ਪਹਿਰੇਦਾਰਾ
ਇਹ ਕੀ ਹੋਇਆ ਕੂੜ ਪਸਾਰਾ।"

ਅੰਗਰੇਜ਼ ਸਰਕਾਰ ਨੇ ਗ਼ਦਰ ਲਹਿਰ ਨੂੰ ਤਬਾਹ ਕਰਨ ਦੀ ਕੋਈ ਕਸਰ ਨਾ ਛੱਡੀ ਪਰ ਇਸ ਤੋਂ ਪ੍ਰਭਾਵਤ ਦੇਸ਼ ਭਗਤ ਕਾਲ਼ੇ ਪਾਣੀਆਂ ਦੀਆਂ ਪਿੰਜਰਾਬੰਦ ਜੇਲ੍ਹਾਂ ਵਿੱਚ ਤੜਫਦੇ ਰਹੇ ਤੇ ਫਾਂਸੀਆਂ ਦੇ ਰੱਸੇ ਚੁੰਮਦੇ ਰਹੇ। ਬੱਬਰ ਲਹਿਰ, ਨੌਜਵਾਨ ਭਾਰਤ ਸਭਾ-ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ ਅਤੇ ਕਿਰਤੀ ਲਹਿਰ, ਲਾਲ ਪਾਰਟੀ-- ਰਤਨ ਸਿੰਘ ਰਾਏਪੁਰ ਡੱਬਾ, ਸੰਤੋਖ ਸਿੰਘ ਧਰਦਿਓ ਅਨੇਕਾਂ ਹੀ ਸੂਰਬੀਰਾਂ ਨੇ ਲਾੜੀ ਮੌਤ ਨੂੰ ਵਿਆਹਿਆ। ਅੰਗਰੇਜ਼ ਸਰਕਾਰ ਮੀਡੀਏ ਰਾਹੀਂ ਗ਼ਦਰੀਆਂ ਨੂੰ ਡਾਕੂ ਲੁਟੇਰੇ ਕਹਿ ਕੇ ਬਦਨਾਮ ਕਰਦੀ ਰਹੀ। ਜਿਉਂ ਜਿਉਂ ਦੇਸ਼ ਭਗਤ ਕੁਰਬਾਨ ਹੁੰਦੇ ਗਏ ਤਿਉਂ ਤਿਉਂ ਝੋਲ਼ੀ ਚੁੱਕ ਨੌਕਰੀਆਂ ਤੇ ਮੁਰੱਬਿਆਂ ਦਾ ਲਾਲਚ ਲੈ ਕੇ ਪੈਦਾ ਹੁੰਦੇ ਚਲੇ ਗਏ। ਹਥਿਆਰਬੰਦ ਇਨਕਲਾਬ ਦੀ ਥਾਂ ਤੇ ਸ਼ਾਂਤਮਈ ਅੰਦੋਲਨਾਂ ਦਾ ਬੋਲ ਬਾਲਾ ਹੋ ਗਿਆ। ਗਾਂਧੀਵਾਦ ਨੇ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। ਆਪਣੀਆਂ ਗੱਦੀਆਂ ਲਈ ਧਰਮ ਦੇ ਨਾਂ ਤੇ ਨਫ਼ਰਤ ਦਾ ਬੀਜ ਪੁੰਗਰਨ ਲੱਗਿਆ ਤੇ ਸਿੱਟਾ 1947 ਸੀ।

ਗੀਤ : "ਚਾਲਾਂ ਹੋਈਆਂ ਕਾਮਯਾਬ ਦਿੱਤਾ ਦੰਡ ਵੈਰੀਆਂ,
ਹਿੰਦੂ ਮੁਸਲਿਮ ਦਿੱਤੇ ਭਾਈ ਵੰਡ ਵੈਰੀਆਂ,
ਵਿਛੜੇ ਵੀਰ ਟੋਲ਼ਦੀ,
ਤਵਾਰੀਖ ਬੋਲਦੀ, ਤਵਾਰੀਖ ਬੋਲਦੀ---"

ਅੰਗਰੇਜ਼ : ਮਿਸਟਰ ਸਿੰਘ, ਸਭ ਕੁਸ਼ ਕੈਸੇ ਚੱਲ ਰਹਾ ਹੈ?

ਹਿੰਦੂ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਆਪ ਕੇ ਰਾਜ ਮੇਂ ਸਭ ਕੁਸ਼ ਠੀਕ ਹੈ। ਸ਼ੇਰ ਔਰ ਬੱਕਰੀ ਇੱਕ ਘਾਟ ਤੇ ਪਾਣੀ ਪੀਂਦੇ ਹਨ।

ਸਿੱਖ : ਕੀ ਫਰਕ ਪੈਂਦਾ ਹੈ ਜਾਨਵਰ ਤਾਂ ਜਾਨਵਰ ਹੀ ਹੈ, ਬੱਕਰੀ ਹੋਵੇ ਜਾਂ ਸ਼ੇਰ।

ਅੰਗ਼ਰੇਜ਼ : and sheep too.

ਆਮ ਆਦਮੀ : ਹੁਣ ਸ਼ੇਰ ਤਾਂ ਖਤਮ ਹੀ ਹੋ ਗਏ ਹਨ। ਭੇਡਾਂ, ਬੱਕਰੀਆਂ ਹੀ ਰਹਿ ਗਈਆਂ ਹਨ।

ਮੁਸਲਿਮ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ ?

ਹਿੰਦੂ: ਤੁਸੀਂ ਸਾਨੂੰ ਦੱਸਿਆ ਕਿ ਸਵੇਰੇ ਉੱਠ ਕੇ ਬੈੱਡ ਟੀ (ਚਾਹ) ਪੀਈਦੀ ਹੈ।

ਸਿੱਖ : ਅਸੀਂ ਹੁਣ ਤੱਕ ਐਂਵੇ ਦੁੱਧ ਨਾਲ ਮੱਥਾ ਮਾਰਦੇ ਰਹੇ ਹਾਂ।

ਅੰਗ਼ਰੇਜ਼ : yes, yes we told you about tea and coffee.

ਆਮ ਆਦਮੀ : ਤਾਂਹੀ ਤਾਂ ਹੁਣ ਅਸੀਂ ਆਂਦਰਾਂ ਸਾੜ ਕੇ ਸਵਾਦ ਲੈਂਦੇ ਹਾਂ।

ਸਿੱਖ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਤੁਸੀਂ ਸਾਨੂੰ ਪੈਂਟਾਂ ਟਾਈਆਂ ਲਾਉਣੀਆਂ ਸਿਖਾਈਆਂ।

ਹਿੰਦੂ : ਅਸੀਂ ਤਾਂ ਐਂਵੇ ਖੱਦਰ ਦੇ ਕੁੜਤੇ ਪਜਾਮੇ ਹੀ ਪਾਉਂਦੇ ਰਹੇ।

ਅੰਗ਼ਰੇਜ਼ : Yes, yes you look like a gentleman now.

ਆਮ ਆਦਮੀ : ਆਹੋ ਜੈਂਟਲਮੈਨ ਤਾਂ ਨਹੀਂ ਪਰ ਖੱਦਰ ਦੇ ਕੱਪੜੇ ਸਰਦੀਆਂ ਨੂੰ ਨਿੱਘੇ ਤੇ ਗਰਮੀਆਂ ਨੂੰ ਠੰਡੇ ਰਹਿੰਦੇ ਸਨ।

ਹਿੰਦੂ: ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਤੁਸੀਂ ਸਾਨੂੰ ਫੌਜ ਵਿੱਚ ਭਰਤੀ ਕਰਕੇ ਲੈਫਟ-ਰਾਈਟ, ਲੈਫਟ-ਰਾਈਟ ਕਰਨਾ ਸਿਖਾਇਆ।

ਸਿੱਖ : ਹਾਂ ਸਾਨੂੰ ਬਦੂੰਕਾਂ ਨਾਲ ਲੜਨਾ ਸਿਖਾਇਆ।

ਅੰਗ੍ਰੇਜ਼ : Yes, now you can fight for us.

ਆਮ ਆਦਮੀ : ਤੁਹਾਡੇ ਚਮਚੇ ਬਣ ਕੇ ਅਸੀਂ ਹੋਰ ਕਰ ਵੀ ਕੀ ਸਕਦੇ ਹਾਂ।

ਮੁਸਲਿਮ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਹਿੰਦੂ : ਤੁਸੀਂ ਸਾਡੇ ਦੇਸ਼ ਵਿੱਚ ਰੇਲਾਂ ਬਣਾਈਆਂ।

ਸਿੱਖ : ਹੁਣ ਤੁਸੀਂ ਸਾਡੇ ਸਾਰੇ ਕੱਚੇ ਮਾਲ ਨੂੰ ਆਪਦੇ ਦੇਸ਼'ਚ ਲਿਜਾ ਸਕਦੋ ਹੋ ਅਤੇ ਸਾਨੂੰ ਸੋਹਣੀਆਂ ਸੋਹਣੀਆਂ ਵੰਨ ਸਵੰਨੀਆਂ ਵਸਤਾਂ ਲਿਆ ਕੇ ਦੇ ਸਕਦੇ ਹੋ।

ਅੰਗਰੇਜ਼ : Yes, ਅਬ ਆਪ ਅਪਨੀ ਵਾਈਫ ਕੇ ਸਾਥ ਵਿਕੇਸ਼ਨ ਪੇ ਵੀ ਜਾ ਸਕਤੇ ਹੈਂ, ਠੰਢੀ ਠੰਢੀ ਹਵਾ ਖਾਤੇ ਹੂਏ।

ਆਮ ਆਦਮੀ : ਰੋਟੀ ਚਾਹੇ ਮਿਲੇ ਨਾ ਮਿਲੇ, ਵਾਈਫ ਨਾਲ ਘੁੰਮ ਫਿਰ ਕੇ ਠੰਢੀ ਠੰਢੀ ਹਵਾ ਖਾ ਕੇ ਰੱਜ ਜਰੂਰ ਲੈਣਾ।

ਸਿੱਖ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਤੁਸੀਂ ਇਨਸਾਫ਼ ਲਈ ਕਚਹਿਰੀਆਂ ਬਣਾਈਆਂ।

ਹਿੰਦੂ : ਤਾਂ ਹੀ ਤੁਸੀਂ ਆਪਣੇ ਵਿਰੋਧੀਆਂ ਨੂੰ ਫਾਂਸੀ ਦੀਆਂ ਸਜਾਵਾਂ ਦਿੱਤੀਆਂ ਤੇ ਕਾਲੇ ਪਾਣੀ ਭੇਜਿਆ।

ਅੰਗਰੇਜ਼: Yes, ਹਮਨੇ ਚਿੜੀ ਕਾ ਫੜਫੜਾਨਾ ਬੰਦ ਕਰ ਦਿਆ।

ਆਮ ਆਦਮੀ: ਆਹੋ ਦੇਸ਼ਭਗਤਾਂ ਨੂੰ ਖ਼ਤਮ ਕਰਨ ਦੀ ਕੋਝੀ ਚਾਲ ਵੀ ਚੱਲੀ।

ਮੁਸਲਿਮ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਹਿੰਦੂ: ਤੁਸੀਂ ਸਾਨੂੰ ਪੜ੍ਹਨ ਲਈ ਸਕੂਲ, ਕਾਲਜ਼ ਤੇ ਯੂਨੀਵਰਸਿਟੀਆਂ ਖੋਲ੍ਹ ਕੇ ਦਿੱਤੀਆਂ।

ਸਿੱਖ: ਅਸੀਂ ਪੜ੍ਹ ਲਿਖ ਕੇ ਫੌਜ ਵਿੱਚ ਨੌਕਰ ਲੱਗ ਸਕਦੇ ਹਾਂ।

ਅੰਗਰੇਜ਼: Yes, ਅਬ ਹਮਨੇ ਆਪ ਕੋ ਬਹੁਤ ਪੜ੍ਹੇ ਲਿਖੇ ਲੋਗ ਬਨਾ ਦਿਆ ਹੈ।

ਆਮ ਆਦਮੀ: ਆਹੋ ਹੁਣ ਅਸੀਂ ਬਾਬੂ ਬਣ ਕੇ ਡਿਗਰੀਆਂ ਕੱਛ 'ਚ ਲੈ ਕੇ ਮਾਣ ਨਾਲ ਸੜਕਾਂ ਤੇ ਫਿਰ ਸਕਦੇ ਹਾਂ।

ਹਿੰਦੂ: ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਤੁਸੀਂ ਸਾਨੂੰ ਆਪਣੇ ਚਾਕਰਾਂ ਨੂੰ ਪੰਜ ਪੰਜ ਮੁਰੱਬੇ ਬਖਸ਼ੇ।

ਸਿੱਖ : ਹਾਂ ਤੁਸੀਂ ਸਾਨੂੰ ਦਸ ਦਸ ਮੁਰੱਬੇ ਬਖਸ਼ੇ। (ਦੂਸਰਾ ਉਹਦੇ ਵੱਲ ਈਰਖਾ ਨਾਲ ਦੇਖਦਾ ਹੈ।)

ਅੰਗਰੇਜ਼ : ਯੈੱਸ, ਹਮਨੇ ਆਪ ਕੋ ਲੈਂਡ ਕਾ ਮਾਲਕ ਬਨਾ ਦੀਆ ਹੈ।

ਆਮ ਆਦਮੀ : ਬਾਕੀ ਜਨਤਾ ਚਾਹੇ ਭੁੱਖੀ ਮਰੇ, ਨਾਲੇ ਇਹਨਾਂ ਨੇ ਤਾਂ ਲੈਂਡ ਆਪਦੇ ਨਾਨਕਿਆਂ ਤੋਂ ਲਿਆ ਕੇ ਥੋਨੂੰ ਦਿੱਤੀ ਐ।

ਸਿੱਖ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਤੁਸੀਂ ਸਾਨੂੰ ਹਿੰਦੂ, ਮੁਸਲਿਮ ਤੇ ਸਿੱਖ ਬਾਰੇ ਦੱਸਿਆ।

ਹਿੰਦੂ : ਸਾਨੂੰ ਤਾਂ ਪਤਾ ਹੀ ਨਹੀਂ ਸੀ।

ਅੰਗਰੇਜ਼ : ਯੈੱਸ ਹਮਨੇ ਆਪ ਕੋ ਬਤਾ ਦਿਆ ਹੈ ਕਿ ਹਿੰਦੂ, ਮੁਸਲਿਮ, ਸਿੱਖ ਹੋਨਾ ਕਿਤਨਾ ਅੱਛਾ ਹੈ।

ਆਮ ਆਦਮੀ : ਅਸੀਂ ਤਾਂ ਐਂਵੇ ਭਰਾਵਾਂ ਵਾਗੂੰ ਇਕੱਠੇ ਰਹੀ ਜਾਂਦੇ ਸੀ।

ਹਿੰਦੂ : ਅੰਗਰੇਜ਼ ਜੀ ਤੁਸੀਂ ਬਹੁਤ ਚੰਗੇ ਹੋ।

ਮੁਸਲਿਮ : ਤੁਸੀਂ ਮੇਰੇ ਖੱਬੇ ਕੰਨ ਵਿੱਚ ਫੂਕ ਮਾਰ ਕੇ ਦੱਸਿਆ ਕਿ ਮੈਂ ਮੁਸਲਿਮ ਹਾਂ।

ਸਿੱਖ : ਤੁਸੀਂ ਮੇਰੇ ਸੱਜੇ ਕੰਨ ਵਿੱਚ ਫੂਕ ਮਾਰ ਕੇ ਦੱਸਿਆ ਕਿ ਮੈਂ ਸਿੱਖ ਹਾਂ।

ਹਿੰਦੂ : ਤੁਸੀਂ ਮੈਨੂੰ ਵੀ ਦੱਸਿਆ ਕਿ ਮੈਂ ਹਿੰਦੂ ਹੋ

ਆਮ ਆਦਮੀ : ਬੱਸ ਇਹੀ ਨੀ ਦੱਸਿਆ ਕਿ ਤੁਸੀਂ ਇਨਸਾਨ ਹੋ ਤੇ ਭਾਈ ਭਾਈ ਹੋ।

ਮੁਸਲਿਮ : ਹੁਣ ਅਸੀਂ ਭਾਈ ਭਾਈ ਨਹੀਂ ਹਾਂ।

ਸਿੱਖ : ਹੁਣ ਅਸੀਂ ਇੱਕਠੇ ਨਹੀਂ ਰਹਿ ਸਕਦੇ।

ਹਿੰਦੂ : ਹਾਂ ਅਸੀਂ ਇਕੱਠੇ ਨਹੀਂ ਰਹਿ ਸਕਦੇ।

ਅੰਗਰੇਜ਼ : ਹੁਣ ਤੁਸੀਂ ਇਕੱਠੇ ਰਹਿ ਵੀ ਨਹੀਂ ਸਕੋਂਗੇ ਕਿਉਂਕਿ ਤੁਹਾਨੂੰ ਖਤਮ ਕਰਨ ਲਈ ਹਥਿਆਰਾਂ ਦੀ ਨਹੀਂ ਸਗੋਂ ਸੂਰ ਦਾ ਕੰਨ ਤੇ ਗਊ ਦੀ ਪੂੰਛ ਹੀ ਕਾਫੀ ਹੈ। ਹੁਣ ਅਸੀਂ ਆਪਣਾ ਰਸਤਾ ਖੋਲ੍ਹ ਲਿਆ ਹੈ। ਹੁਣ ਤੁਹਾਡਾ ਦੇਸ਼ ਅਜ਼ਾਦ ਹੈ। ਲਓ ਆ ਕੁਰਸੀ ਸਾਂਭੋ। ਪਰ ਯਾਦ ਰੱਖਣਾ ਹੁਣ ਤੁਸੀਂ ਹਿੰਦੂ, ਮੁਸਲਿਮ, ਸਿੱਖ ਹੋ।

ਆਮ ਆਦਮੀ : (ਰੋਂਦਾ ਹੋਇਆ) ਉਹ ਜ਼ਾਲਮ ਨੇ ਸਾਨੂੰ ਭਾਈਆਂ ਨੂੰ ਵੰਡ ਦਿੱਤਾ, ਟੁਕੜੇ ਟੁਕੜੇ ਕਰ ਦਿੱਤਾ, ਭਾਈਆਂ ਵਿੱਚ ਵੈਰ ਪਾ ਦਿੱਤਾ ਹੁਣ ਕੀ ਬਣੂੰਗਾ ਭਾਰਤ ਮਾਂ ਦਾ।

(ਪਿੱਛਿਓਂ ਭਾਰਤ ਮਾਂ ਜਵਾਬ ਦਿੰਦੀ ਹੈ।)

ਭਾਰਤ ਮਾਂ : ਪੁੱਤਰ ਤੈਨੂੰ ਕੀ ਤਕਲੀਫ ਏ, ਤੂੰ ਕਿਉਂ ਰੋ ਰਿਹਾ ਏਂ ?

ਆਮ ਆਦਮੀ : ਮਾਂ---ਮਾਂ ਤੇਰੇ ਪੁੱਤਰ ਵੰਡ ਦਿੱਤੇ ਉਹਨਾਂ ਤੋਂ ਹੀ ਤੇਰੇ ਟੁਕੜੇ ਕਰਵਾਉਣ ਲੱਗੇ ਨੇ ਮਾਂ।

ਭਾਰਤ ਮਾਂ : ਪੁੱਤਰ ਘਬਰਾ ਨਾ, ਮੈਂ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਸਾਂਝੀ ਮਾਂ ਆਂ, ਮੈਂ ਵੰਡੀ ਨਹੀਂ ਜਾ ਸਕਦੀ, ਮੇਰੇ ਟੁਕੜੇ ਨਹੀਂ ਹੋ ਸਕਦੇ। ਮੇਰੇ ਪੁੱਤਰ ਨਹੀਂ ਵੰਡੇ ਜਾ ਸਕਦੇ।

ਆਮ ਆਦਮੀ : ਮਾਂ ਆਹ ਧਰਮ ਦੇ ਠੇਕੇਦਾਰਾਂ ਨੇ ਤੇਰੀ ਇੱਜ਼ਤ ਸ਼ਰੇਬਜ਼ਾਰ ਨਿਲਾਮ ਕਰ ਦਿੱਤੀ, ਤੈਨੂੰ ਵੇਚ ਦਿੱਤਾ ਮਾਂ, ਤੈਨੂੰ ਵੇਚ ਦਿੱਤਾ, ਤੇਰੀ ਆਬਰੂ ਰੋਲ਼ ਦਿੱਤੀ।

ਭਾਰਤ ਮਾਂ : ਇਹ ਨਹੀਂ ਹੋ ਸਕਦਾ, ਮੇਰੇ ਸਾਰੇ ਪੁੱਤਰ ਨੇ, ਮੈਂ ਸਭ ਨੂੰ ਇੱਕੋ ਜਿਹਾ ਪਿਆਰ ਦਿੱਤੈ, ਮਾਣ ਦਿੱਤੈ, ਸਨਮਾਨ ਦਿੱਤੈ। ਉਹ ਮੈਨੂੰ ਕਿਉਂ ਵੇਚਣਗੇ। ਤੂੰ ਝੂਠ ਬੋਲਦੈਂ। ਮੇਰੇ ਜੰਮੇ ਜਾਏ ਇਹ ਨਹੀਂ ਕਰ ਸਕਦੇ।

ਆਮ ਆਦਮੀ : ਜਾ ਜੇ ਮੇਰਾ ਯਕੀਨ ਨਹੀਂ, ਤਾਂ ਜਾਹ ਜਾ ਕੇ ਆਪਦੇ ਲਾਡਲਿਆਂ ਨੂੰ ਪੁੱਛ, ਉਹ ਤੈਨੂੰ ਕਿਹੜੇ ਭਾਅ ਵੇਚਣ ਲੱਗੇ ਨੇ, ਇਹ ਤਾਂ ਉਹੀ ਦੱਸਣਗੇ। ਮੈਂ ਤਾਂ ਉਹਨਾਂ ਕੋਲ਼ ਚੱਲਿਆਂ ਜਿਹੜੇ ਚੱਕੀ ਦੇ ਦੋ ਪੁੜਾਂ ਦੇ ਵਿਚਾਲੇ ਘੁਣ ਵਾਂਗ ਪੀਸੇ ਜਾ ਰਹੇ ਨੇ। ਜਿਹੜੇ ਮਾਂ ਨੂੰ ਅੰਨ੍ਹਾ ਪਿਆਰ ਕਰਦੇ ਨੇ।

ਭਾਰਤ ਮਾਂ: ਪੁੱਤ ਖਿਆਲ ਨਾਲ ਜਾਈਂ। ਪਤਾ ਨਹੀ ਕਿਉਂ ਘਬਰਾਇਆ ਫਿਰਦੈ ਮੈਂ ਜਾ ਕੇ ਦੇਖਦੀ ਆਂ।

(ਭਾਰਤ ਮਾਂ ਆਉਂਦੀ ਹੈ ਤੇ ਇੱਕ ਪਾਸੇ ਖੜ੍ਹ ਕੇ ਦੇਖਦੀ ਹੈ।)

ਮੁਸਲਿਮ: ਇਹ ਕੁਰਸੀ ਮੇਰੀ ਹੈ। (ਦੂਸਰਾ ਉਹਨੂੰ ਧੱਕਦਾ ਹੈ।)

ਹਿੰਦੂ: ਇਹ ਕੁਰਸੀ ਤਾਂ ਮੇਰੀ ਹੈ। (ਤੀਸਰਾ ਉਹਨੂੰ ਧੱਕਦਾ ਹੈ।)

ਸਿੱਖ: ਅਸੀਂ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਨੇ, ਇਹ ਕੁਰਸੀ ਤਾਂ ਮੇਰੀ ਹੈ।

ਭਾਰਤ ਮਾਂ: ਪੁੱਤਰੋ ਤੁਸੀਂ ਕੁਰਸੀ ਪਿੱਛੇ ਕਿਉਂ ਲੜਦੇ ਓਂ, ਤੁਸੀਂ ਇਸਤੇ ਵਾਰੀ ਵਾਰੀ ਬਹਿ ਜਾਇਓ।

(ਉਹ ਉਸਨੂੰ ਨਜ਼ਰ ਅੰਦਾਜ਼ ਕਰਦੇ ਹਨ।)

ਮੁਸਲਿਮ : ਨਹੀਂ, ਮੇਰੀ ਹੈ।

ਹਿੰਦੂ: ਮੇਰੀ ਹੈ।

ਸਿੱਖ: ਨਹੀਂ ਮੇਰੀ ਹੈ। (ਕੁਰਸੀ ਦੇ ਦੋਫਾੜ ਹੋ ਜਾਂਦੇ ਨੇ।)

ਭਾਰਤ ਮਾਂ: (ਹੈਰਾਨ ਹੋ ਕੇ) ਹੈਂ ਕੁਰਸੀ ਤਾਂ ਟੁੱਟ ਗਈ, ਹੁਣ---

ਮੁਸਲਿਮ : ਜਿਹੜਾ ਵੀ ਹਿੰਦੂ, ਸਿੱਖ ਨਜ਼ਰੀ ਪੈਂਦਾ ਏ ਉਸਨੂੰ ਵੱਢ ਸਿੱਟੋ, ਅੰਗਰੇਜ਼ ਸਾਡੇ ਨਾਲ ਹੈ।

ਭਾਰਤ ਮਾਂ: ਅੰਗਰੇਜ਼ ਥੋਡੇ ਨਾਲ ਐ, ਤੇਰੇ ਭਾਈ ਤੇਰੇ ਨਾਲ ਕਿਉਂ ਨਹੀਂ, ਉਹਨਾਂ ਨੂੰ ਕਿਓਂ ਵੱਢ ਸੁੱਟਣਾ।

ਹਿੰਦੂ ਤੇ ਸਿੱਖ: ਜਿਹੜਾ ਵੀ ਮੁਸਲਿਮ ਦਿੱਸਦਾ ਹੈ, ਉਸਦੇ ਦੋ ਟੋਟੇ ਕਰ ਦਿਓ, ਅੰਗਰੇਜ਼ ਆਪਣੇ ਨਾਲ ਹੈ।

ਭਾਰਤ ਮਾਂ: ਟੋਟੇ ਟੋਟੇ ਕਰ ਦਿਓ, ਤੁਸੀਂ ਵੀ ਉਹੀ ਬੋਲੀ ਬੋਲਦੇ ਓਂ।

(ਉਹਨੂੰ ਨਜ਼ਰ ਅੰਦਾਜ਼ ਕਰਕੇ ਆਪਸ ਵਿੱਚ ਲੜਨ ਲੱਗਦੇ ਹਨ। ਇਹ ਸਾਰਾ ਕੁਝ ਮਿਊਜ਼ਕ ਦੇ ਵਿੱਚ ਚਲਦਾ ਹੈ। ਉਹ ਇੱਕ ਦੂਜੇ ਨੂੰ ਗਾਲਾਂ ਕੱਢਦੇ ਹਨ, ਲੋਕ ਆਲੇ ਦੁਆਲੇ ਤੋਂ ਕਿਰਪਾਨਾਂ ਲੈ ਕੇ ਆਉਂਦੇ ਹਨ, ਵੱਢ ਟੁੱਕ ਹੁੰਦੀ ਹੈ, ਲੋਕ ਮਰਦੇ ਹਨ। ਭਾਰਤ ਮਾਂ ਉਹਨਾਂ ਦੇ ਵਿੱਚ ਕਮਲ਼ੀ ਹੋਈ ਫਿਰਦੀ ਹੈ।)

ਭਾਰਤ ਮਾਂ:– ਓਏ ਪੁੱਤਰੋ ਕੀ ਕਰ ਰਹੇ ਓਂ, ਓਏ ਥੋਡੀ ਮੈਂ ਭਾਰਤ ਮਾਂ ਤਾਂ ਸਾਂਝੀ ਆਂ, ਓਏ ਤੁਸੀਂ ਮੇਰੀ ਲਾਜ ਨੂੰ ਕਿਉਂ ਮਿੱਟੀ ਘੱਟੇ ਰੋਲ਼ ਰਹੇ ਓਂ। ਓਏ ਭਾਰਤ ਮਾਂ ਦੇ ਪੁੱਤਰੋ ਤੁਸੀਂ ਕੀ ਵੰਡ ਰਹੇ ਓਂ,

ਸੋਚੋ। ਉਹ ਤੁਸੀਂ ਮੈਨੂੰ ਲੀਰਾਂ ਲੀਰਾਂ ਕਿਉਂ ਕਰ ਰਹੇ ਓਂ ਓਏ ਤੁਸੀਂ ਮੇਰੇ ਲਾਲਾਂ ਦੀਆਂ ਕੁਰਬਾਨੀਆਂ ਨੂੰ ਕਿਉਂ ਭੁੱਲ ਰਹੇ ਹੋ, ਜਿਹੜੇ ਵਿਦੇਸ਼ਾਂ ਦੀ ਧਰਤੀ ਤੋਂ ਉੱਠ ਕੇ ਮੈਨੂੰ ਅਜ਼ਾਦ ਕਰਾਉਣ ਆਏ ਸੀ। ਉਹ ਜਿਹੜੇ ਹੱਸ ਕੇ ਮੇਰੇ ਲਈ ਜਾਨਾਂ ਵਾਰ ਗਏ, ਓਏ ਥੋਡਾ ਖਾਣਾ ਸਾਂਝਾ, ਥੋਡਾ ਪੀਣਾ ਸਾਂਝਾ, ਥੋਡਾ ਬਹਿਣਾ ਸਾਂਝਾ, ਥੋਡਾ ਰਹਿਣਾ ਸਾਂਝਾ, ਥੋਡਾ ਕੰਮ ਸਾਂਝਾ, ਥੋਡਾ ਰੰਗ ਸਾਂਝਾ, ਥੋਡੀ ਬੋਲੀ ਸਾਂਝੀ, ਥੋਡਾ ਸਭਿਆਚਾਰ ਸਾਂਝਾ, ਥੋਡੇ ਖੇਤ ਸਾਂਝੇ, ਥੋਡੇ ਅਗਵਾੜ ਸਾਂਝੇ, ਥੋਡੀਆਂ ਭੈਣਾਂ ਸਾਂਝੀਆਂ, ਥੋਡੇ ਬੱਚੇ ਸਾਂਝੇ, ਰਿਸ਼ਤੇ ਸਾਂਝੇ, ਓਏ ਮੇਰੇ ਟੁਕੜੇ ਕਰਕੇ ਕਿਵੇਂ ਜਿਊਂਗੇ। ਮੈਂ ਕਿਸ ਨੂੰ ਪੁੱਤ ਆਖਾਂ ਕਿਸ ਨੂੰ ਨਹੀਂ, ਓਏ ਤਰਸ ਕਰੋ, ਓਏ ਦੁਸ਼ਮਣ ਦੀ ਚਾਲ ਸਮਝੋ, ਆਪਣੇ ਹੀ ਖ਼ੂਨ ਦੀਆਂ ਨਦੀਆਂ ਵਗਾ ਕੇ ਕਿਵੇਂ ਤੈਰੋਗੇ, ਹਾਂ ਖ਼ੂਨ, ਆਹ ਖ਼ੂਨ ਦੇਖੋ, ਇਹਦਾ ਰੰਗ ਲਾਲ ਹੈ, ਆਹ ਸਿੱਖ ਦੇ ਲਹੂ ਦਾ ਰੰਗ ਵੀ ਲਾਲ ਹੈ, ਮੁਸਲਿਮ ਦਾ ਵੀ ਲਾਲ ਹੈ। ਦੁਸ਼ਮਣ ਡਾਢੀ ਚਾਲ ਚੱਲ ਗਿਆ, ਓਏ ਜਾਂਦਾ ਜਾਂਦਾ ਮੇਰੇ ਪੁੱਤਰਾਂ ਵਿੱਚ ਫਲੂਹਾ ਸੁੱਟ ਗਿਆ, ਇਹ ਜ਼ਖਮ ਪਤਾ ਨਹੀਂ ਕਦੋਂ ਤੱਕ ਰਿਸਦੇ ਰਹਿਣਗੇ, ਕਦੋਂ ਤੱਕ, ਕਦੋਂ ਤੱਕ-------(ਰੋਂਦੀ ਹੈ।)

## ਦ੍ਰਿਸ਼ ਤੇਰਵਾਂ

**(ਪਿੰਡ ਬੰਗਿਆਂ ਦਾ ਪੁਲਸ ਥਾਣਾ)**

ਸੂਤਰਧਾਰ: "ਸੁਣੋ ਸੁਣਾਵਾਂ ਹਾਲ ਤੁਹਾਨੂੰ ਭਾਰਤ ਦੀ ਬਰਬਾਦੀ ਦਾ।
ਘੁੰਡ ਉਠਾ ਕੇ ਕਿਵੇਂ ਵੇਖਿਆ ਮੁਖੜਾ ਅਸੀਂ ਅਜ਼ਾਦੀ ਦਾ।
ਜਦੋਂ ਜ਼ੁਲਮ ਦੀ ਹਵਾ ਸ਼ੂਕਦੀ, ਸਾਡੀ ਲੁੱਟ ਬਹਾਰ ਗਈ।
ਲੱਖਾਂ ਹੀ ਮਨਸੂਰਾਂ ਦੀ ਉਹ ਅਣਖ ਤਾਂਈ ਵੰਗਾਰ ਗਈ।
ਸੰਗਰਾਮਾਂ ਦਾ ਸੂਰਜ ਚੜ੍ਹਿਆ ਦੇਸ਼ ਅਜ਼ਾਦ ਕਰਾਵਣ ਨੂੰ।
ਕਿਰਤੀ ਤੇ ਕਿਸਾਨ ਜਾਗਿਆ ਮੋੜ ਬਹਾਰਾਂ ਲਿਆਵਣ ਨੂੰ।"

ਅੱਜ ਦੇਸ਼ ਅਜ਼ਾਦ ਹੋਇਆਂ 23 ਸਾਲ ਹੋ ਗਏ ਹਨ, ਦੇਸ਼ ਭਗਤਾਂ ਦੇ ਸੁਪਨੇ ਦੀ ਅਜ਼ਾਦੀ ਪਰ ਲਾ ਕੇ ਉੱਡ ਗਈ, ਉਹਨਾਂ ਦੇ ਪੱਲੇ ਕੁੱਝ ਨਾ ਪਿਆ ਕਿਉਂਕਿ ਗਾਂਧੀ ਨੇ ਸ਼ਾਂਤਮਈ ਤਰੀਕੇ ਨਾਲ ਅੰਗਰੇਜ਼ਾਂ ਨਾਲ ਅਜ਼ਾਦੀ ਲਿਆ ਕੇ ਉਹਦਾ ਲੜ ਟਾਟਿਆਂ, ਬਿਰਲਿਆਂ, ਅਮੀਰ ਗੁਜਰਾਤੀ ਸੇਠਾਂ

ਦੇ ਹੱਥ ਫੜਾ ਦਿੱਤਾ, ਮਜ਼ਦੂਰ, ਕਿਸਾਨ ਉਵੇਂ ਹੱਥ ਮਲ਼ਦਾ ਰਹਿ ਗਿਆ। ਜਿਹੜੇ ਦੇਸ਼ ਭਗਤਾਂ ਨੇ ਅੰਗਰੇਜ਼ ਦੇ ਅਤਿਅੰਤ ਦੁੱਖ ਸਹੇ ਸਨ, ਉਹ ਇਹੋ ਜਿਹੀ ਕਾਲ਼ੀ ਅਜ਼ਾਦੀ ਨੂੰ ਦੇਖ ਕੇ ਕਿਵੇਂ ਚੁੱਪ ਰਹਿ ਸਕਦੇ ਸਨ। ਉਹਨਾਂ ਨੇ ਫਿਰ ਮਜ਼ਦੂਰਾਂ ਕਿਸਾਨਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹੁਣ ਭੂਰੀ ਸਰਕਾਰ ਨੂੰ ਇਹ ਸਹਿਨ ਕਰਨਾ ਔਖਾ ਹੋ ਗਿਆ। ਉਹਨਾਂ ਨੇ ਮੁਖ਼ਬਰ ਪਾਲ਼ ਕੇ ਦੇਸ਼ ਭਗਤਾਂ ਨੂੰ ਫੜ੍ਹ ਕੇ ਪੁਲਸ ਮੁਕਾਬਲੇ ਬਣਾ ਕੇ ਗ਼ਦਰ ਦੀ ਪੈਦਾਵਾਰ ਨੂੰ ਖ਼ਤਮ ਕਰਨ ਦੇ ਹੀਲੇ ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ। ਅੱਜ 27 ਜੁਲਾਈ 1970 ਨੂੰ ਬਾਬਾ ਬੂਝਾ ਸਿੰਘ ਨੂੰ 82 ਸਾਲ ਦੀ ਉਮਰ ਵਿੱਚ ਫਿਲੌਰ ਦੇ ਨੇੜੇ ਪਿੰਡ ਨਗਰ ਤੋਂ ਗ੍ਰਿਫਤਾਰ ਕੀਤਾ ਹੈ। ਫਿਲੌਰ ਦੇ ਕਿਲ੍ਹੇ ਤੋਂ ਬਾਅਦ ਬੰਗਿਆਂ ਦੇ ਥਾਣੇ ਵਿੱਚ ਲਿਆਂਦਾ ਗਿਆ ਹੈ।

(ਦੋ ਸਿਪਾਹੀ ਇੱਕ ਬਜ਼ੁਰਗ ਨੂੰ ਹੱਥਕੜੀਆਂ ਲਾ ਕੇ ਲਿਆਉਂਦੇ ਹਨ ਅਤੇ ਉੱਥੇ ਪਹਿਲਾਂ ਇੱਕ ਕੈਦੀ ਮੌਜੂਦ ਹੈ।)

ਸਿਪਾਹੀ: ਉਹ ਤੁਰ ਤਾਂ ਪੈ। ਹੁਣ ਤੈਥੋਂ ਸਿੱਧਾ ਤੁਰ ਨੀ ਹੁੰਦਾ, ਸਾਨੂੰ ਵਾਧੂ ਸੂਲੀ ਤੇ ਟੰਗਿਐ।

ਠਾਣੇਦਾਰ: ਬੁੜਿਆ ਮਰ ਐਥੇ, ਬਾਹਰ ਤੈਥੋਂ ਚੈਨ ਨਾਲ ਰਹਿ ਨੀਂ ਹੁੰਦਾ ਤੇ ਨਾ ਸਾਨੂੰ ਰਹਿਣ ਦਿੰਨੈਂ।

(ਸਿਪਾਹੀ ਤੇ ਠਾਣੇਦਾਰ ਉਸਨੂੰ ਧੱਕਾ ਦੇ ਕੇ ਸਿੱਟ ਕੇ ਚਲੇ ਜਾਂਦੇ ਹਨ।

ਕੈਦੀ: (ਪਹਿਲਾਂ ਸਿਪਾਹੀਆਂ ਤੋਂ ਡਰ ਕੇ ਪਿੱਛੇ ਹੱਟਦਾ ਹੈ ਫਿਰ ਬਾਬੇ ਦੇ ਆਲੇ ਦੁਆਲੇ ਘੁੰਮਦਾ ਹੈ ਤੇ ਅਚੰਭੇ ਨਾਲ ਦੇਖਦਾ ਹੈ। ਟਿੱਚਰ ਨਾਲ) ਬਾਬਾ ਜੀ ਸਾਸਰੀ ਕਾਲ।

ਬਾਬਾ ਬੂਝਾ ਸਿੰਘ: ਸਤਿ ਸ੍ਰੀ ਅਕਾਲ ਪੁੱਤਰ।

ਕੈਦੀ: ਬਾਬਾ ਐਨਾ ਖ਼ਤਰਨਾਕ ਦੀਂਹਦਾ ਤਾਂ ਹੈ ਨੀਂ।

ਬੂਝਾ ਸਿੰਘ: ਖ਼ਤਰਨਾਕ!

ਕੈਦੀ: ਨਾ ਫੇਰ ਕਤਲ ਕਿਵੇਂ ਕਰਤਾ।

ਬੂਝਾ ਸਿੰਘ: ਕਤਲ! ਮੈਂ ਸਮਝਿਆ ਨੀ ਕੁਸ਼।

ਕੈਦੀ: ਬਾਬਾ ਮੁੱਠ ਕੁ ਤੇਰੀਆਂ ਹੱਡੀਆਂ ਨੇ, ਭਲਾ ਤੂੰ ਕਾਹਨੂੰ ਐਸ

ਉਮਰ 'ਚ ਪੰਗਾ ਲੈਣਾ ਸੀ।

ਬੂਝਾ ਸਿੰਘ: ਨੌਜਵਾਨਾਂ! ਮੈਨੂੰ ਮੱਤਾਂ ਦੇਣ ਵਾਲਾ, ਤੂੰ ਐਥੇ ਕਿੱਥੇ ਬੈਠੈਂ।

ਕੈਦੀ: (ਬੇਪ੍ਰਵਾਹੀ ਨਾਲ) ਬਾਬਾ ਸਾਡਾ ਕੀ ਪੁੱਛਣਾ ਸਾਡਾ ਤਾਂ ਸੌਹਰੇ-ਜਵਾਈ ਆਲਾ ਕੰਮ ਐ। ਆਉਂਦੇ ਜਾਂਦੇ ਰਹੀਦੈ। ਪਹਿਲਾਂ ਤੁਸੀਂ ਆਪਣੇ ਬਾਰੇ ਚਾਨਣਾ ਪਾਓ।

ਬੂਝਾ ਸਿੰਘ: ਮੈਂ ਕੋਈ ਕਤਲ ਨੀ ਕੀਤਾ, ਮੈਨੂੰ ਤਾਂ ਇਨਕਲਾਬਪਸੰਦਾਂ ਦੀ ਮਾਂ ਕਹਿੰਦੇ ਨੇ। ਇਹੀ ਮੇਰਾ ਜੁਰਮ ਐ।

ਕੈਦੀ: ਮਾਂ ਹੋਣਾ ਕੀ ਮਾੜੀ ਗੱਲ ਐ।

ਬੂਝਾ ਸਿੰਘ: ਪੁੱਤਰਾ ਇਹਨਾਂ ਨੂੰ ਲੱਗਦੈ ਕਿ ਜੇ ਮਾਂ ਨੂੰ ਮਾਰ ਦੇਵਾਂਗੇ ਤਾਂ ਧਰਤੀ ਮਾਂ ਸੂਰਮੇ ਜੰਮਣੋਂ ਹੱਟ ਜੂ। ਪਰ ਇਹ ਇਹਨਾਂ ਦਾ ਭੁਲੇਖੈ।

ਕੈਦੀ: ਬਾਬਾ ਜੀ ਤੁਸੀਂ ਤਾਂ ਓਪਰੀਆਂ ਜਿਹੀਆਂ ਗੱਲਾਂ ਕਰਦੇ ਓਂ, ਮੇਰੀ ਤਾਂ ਸਮਝ ਤੋਂ ਬਾਹਰ ਨੇ। ਆਹ ਥੋਡੇ ਤਾਂ ਕੂਹਣੀ ਚੋਂ ਲਹੂ ਚੋਂਦੈ।

ਬੂਝਾ ਸਿੰਘ: ਲਹੂ! ਇਹ ਲਹੂ ਤਾਂ ਤੋੜ ਇਨਕਲਾਬ ਦੇ ਦਿਨ ਤੱਕ ਵਗੇਗਾ। ਇਹ ਕਿਸੇ ਨਾ ਕਿਸੇ ਸ਼ਕਲ ਵਿੱਚ ਵਗਦਾ ਹੀ ਰਿਹਾ ਏ। ਆਖਰ ਧਰਤੀ ਦੀ ਸੱਖਣੀ ਮਾਂਗ ਉਸਦੇ ਵਾਰਸਾਂ ਨੂੰ ਹੀ ਭਰਨੀ ਪੈਂਦੀ ਏ।

ਕੈਦੀ: ਬਾਬਾ ਜੀ ਜਿਹੜੀਆਂ ਗੱਲਾਂ ਤੁਸੀਂ ਕਰਦੇ ਓਂ, ਮੈਂ ਤਾਂ ਕਦੇ ਸੁਣੀਆਂ ਹੀ ਨਹੀਂ।

ਬੂਝਾ ਸਿੰਘ: ਪੁੱਤਰਾ, ਤੇਰੇ ਵਰਗੇ ਨੌਜਵਾਨਾਂ ਦੀ ਸੁੱਤੜ ਸ਼ਕਤੀ ਨੂੰ ਜਗਾਉਣ ਲਈ ਹੀ ਤਾਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ।

ਕੈਦੀ: ਬਾਬਾ ਜੀ ਮੈਂ ਕਹਿੰਨਾ ਬਜ਼ੁਰਗ ਓਂ, ਇਹ ਬੁੱਚੜ ਪੁਲਸ ਦੀ ਮਾਰ ਝੱਲ ਨੀ ਹੋਣੀ।

ਬੂਝਾ ਸਿੰਘ: ਪੁੱਤਰਾ ਲੋਹਾ ਭੱਠੀ ਤੇ ਤਪ ਕੇ ਹੀ ਹਥਿਆਰ ਬਣਦੈ। ਇਹ ਪਹਿਲੀ ਵਾਰੀ ਨੀ, ਇਹਨਾਂ ਨਾਲ ਦਸਤ-ਪੰਜਾ ਲੈਂਦਿਆਂ ਤਾਂ 50-60 ਸਾਲ ਹੋ ਗਏ।

ਕੈਦੀ: ਤਾਂ ਤਾਂ ਬਾਬਾ ਜੀ ਪਹਿਲਾਂ ਵੀ ਜੇਲ੍ਹ ਦੀ ਹਵਾ ਖਾਧੀ ਐ।

ਪਹਿਲਾਂ ਕਿਹੜੀ ਜੇਲ੍ਹ 'ਚ ਸੀ।

ਬੂਝਾ ਸਿੰਘ: 27 ਅਕਤੂਬਰ, 1935 ਦੀ ਗੱਲ ਆ, ਉਦੋਂ ਅਸੀਂ ਕਿਰਤੀ ਪਾਰਟੀ 'ਚ ਕੰਮ ਕਰਦੇ ਹੁੰਦੇ ਸੀ। ਦਿਵਾਲੀ ਵਾਲੇ ਦਿਨ ਸਾਡੀ ਜਨਰਲ ਬਾਡੀ ਦੀ ਮੀਟਿੰਗ ਸੀ। ਅਸੀਂ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕਰਦੇ ਸੀ। ਪੁਲਸ ਨੇ ਆ ਕੇ ਘੇਰਾ ਪਾ ਲਿਆ। ਮੈਨੂੰ ਤੇ ਜਲਾਲਦੀ ਵਾਲੇ ਦੁੱਲਾ ਸਿਓਂ ਨੂੰ ਫੜ ਲਿਆ।

ਕੈਦੀ: ਮੈਂ ਤਾਂ ਬਾਬਾ ਉਦੋਂ ਜੰਮਿਆ ਵੀ ਨਹੀਂ ਸੀ। ਫੇਰ ਕੀ ਹੋਇਆ?

ਬੂਝਾ ਸਿੰਘ: ਹੋਣਾ ਕੀ ਸੀ ਸਾਨੂੰ ਫੇਰ ਲਾਹੌਰ ਦੇ ਸ਼ਾਹੀ ਕਿਲ੍ਹੇ 'ਚ ਲੈ ਗਏ। ਉਸਨੂੰ ਉਦੋਂ ਜਬਰ ਜ਼ੁਲਮ ਲਈ ਦੁਨੀਆਂ ਭਰ ਦਾ ਸਭ ਤੋਂ ਵੱਡਾ ਕਸਾਈਖ਼ਾਨਾ ਮੰਨਿਆ ਜਾਂਦਾ ਸੀ। ਉਸ ਨਰਕ ਵਿੱਚ ਅਸੀਂ ਦੋ ਮਹੀਨੇ ਰਹੇ।

ਕੈਦੀ: ਬਾਬਾ ਜੀ ਉੱਥੇ ਤਾਂ ਫੇਰ ਥੋਨੂੰ ਬਹੁਤ ਤੰਗ ਕਰਦੇ ਹੋਣੇ ਆ।

ਬੂਝਾ ਸਿੰਘ: ਪੁੱਤਰਾ ਹੁਣ ਤਾਂ ਉਹ ਭਿਆਨਕ ਸਮਾਂ ਦੱਸਦਿਆਂ ਵੀ ਡਰ ਲੱਗਦੈ। ਦਿਨ ਰਾਤ ਖੜ੍ਹੇ ਰੱਖਣਾ, ਸੌਣ ਨਾ ਦੇਣਾ, ਅੱਖਾਂ ਮੂਹਰੇ 250 ਵਾਟ੍ਹ ਦਾ ਬਲਬ ਜਗਾ ਕੇ ਰੱਖਣਾ, ਜੇ ਕਿਤੇ ਅੱਖ ਲੱਗ ਜਾਣੀ ਤਾਂ ਸਿਰ ਡੰਡਿਆਂ ਨਾਲ ਭੰਨ ਦੇਣਾ, ਗਾਲ੍ਹੀ ਗਲੋਚ ਤਾਂ ਆਮ ਜਿਹੀ ਗੱਲ ਸੀ। ਗੁੱਝੀ ਮਾਰ ਮਾਰਨੀ, ਆਹ ਡੌਲ਼ੇ ਤੇ ਪੱਟ ਥਾਂ ਥਾਂ ਤੋਂ ਭੰਨ ਦੇਣੇ, ਗੋਡੇ ਗਿੱਟੇ ਸੁਜਾ ਦੇਣੇ। ਸਾਰੀ ਸਾਰੀ ਰਾਤ ਚਾਰ ਚਾਰ ਪੁਲਸੀਏ ਮੰਜਿਆਂ ਦੇ ਪਾਵੇ ਥੱਲੇ ਹੱਥ ਰੱਖਾ ਕੇ ਸੁੱਤੇ ਰਹਿੰਦੇ ਸੀ। ਗਰਮ ਸਲਾਖ਼ਾਂ ਨਾਲ ਥਾਂ ਥਾਂ ਤੋਂ ਮਾਸ ਸਾੜ ਦੇਣਾ। ਮੋਚਨਿਆਂ ਨਾਲ ਮੁੱਛਾਂ, ਦਾੜ੍ਹੀ, ਸਰੀਰ ਦੇ ਵਾਲ ਤੇ ਹੱਥਾਂ ਤੇ ਪੈਰਾਂ ਦੇ ਨੌਂਹ ਖਿੱਚਣੇ। ਸਾਰੀ ਰਾਤ ਨੰਗੇ ਕਰਕੇ, ਭੁੱਖਣ-ਭਾਣੇ ਜੰਗਲੇ ਨਾਲ ਟੰਗ ਦੇਣਾ ਬਈ ਮੱਛਰ ਖਾਈ ਜਾਵੇ। ਪੈਰਾਂ ਦੀਆਂ ਤਲ਼ੀਆਂ ਤੇ ਬਿਜਲੀ ਦਾ ਕਰੰਟ ਲਾਉਣਾ ਬਈ ਡੱਡੂਆਂ ਵਾਂਗ ਟੱਪਣ ਤੇ ਆਪ ਕੋਲ਼ ਬੈਠਿਆਂ ਨੇ ਉੱਚੀ ਉੱਚੀ ਹੱਸਣਾ। ਕਦੇ ਨੰਗੇ ਕਰਕੇ ਬਰਫ਼ ਤੇ ਲਿਟਾ ਦੇਣਾ, ਇੱਥੋਂ ਤੱਕ ਕੇ ਹੱਥਕੜੀਆਂ ਲਾ ਕੇ ਮੂੰਹ ਤੇ ਗੂੰਹ ਬੰਨ੍ਹ ਦੇਣਾ।

ਕੈਦੀ: ਬੱਸ ਬਾਬਾ ਜੀ ਬੱਸ, ਧੰਨ ਓਂ ਤੁਸੀਂ ਜਿਹੜੇ ਐਨਾ ਜ਼ੁਲਮ ਸਹਿੰਦੇ ਰਹੇ।

ਬੂਝਾ ਸਿੰਘ: (ਹੱਸਦਾ ਹੈ) ਉਹ ਹੁਣੇ ਈ, ਮੈਂ ਤਾਂ ਅਜੇ ਤੈਨੂੰ ਇਹ ਨੀ

ਦੱਸਿਆ ਕਿ ਦਿਓਲੀ ਕੈਂਪ ਰਾਜਸਥਾਨ ਵਿੱਚ ਅਸੀਂ ਦੋ ਸਾਲ ਭੁੱਖ ਹੜਤਾਲਾਂ ਤੇ ਰਹਿ ਰਹਿ ਕੇ ਕਿਵੇਂ ਕੱਟੇ।

ਕੈਦੀ: ਬੱਸ ਬਾਬਾ ਜੀ ਮੈਂ ਹੋਰ ਨਹੀਂ ਸੁਣ ਸਕਦਾ।

ਬੂਝਾ ਸਿੰਘ: ਪੁੱਤਰਾ ਜ਼ਿੰਦਗੀ ਤਾਂ ਸੰਘਰਸ਼ ਆ ਇਹ ਤੋਂ ਘਬਰਾਈਦਾ ਨਹੀਂ। ਇਹਦਾ ਸਾਹਮਣਾ ਕਰੀਦੈ। ਸਿਦਕੀ ਸੂਰਮੇ ਜ਼ੁਲਮ ਤੋਂ ਕਦੇ ਨਹੀਂ ਹਾਰਦੇ। ਯਾਦ ਰੱਖਣਾ, ਦਸਾਂ ਨਹੁੰਆਂ ਦੀ ਕਿਰਤ ਫੈਲੇਗੀ ਵੀ ਤੇ ਸੱਚ ਮਨੁੱਖ ਦਾ ਹਾਣੀ ਵੀ ਜਰੂਰ ਬਣੇਗਾ।

ਕੈਦੀ: ਲਾਹਨਤ ਐ ਮੇਰੇ ਤੇ, ਮੈਂ ਤਾਂ ਸੁੱਤਾ ਈ ਪਿਆ ਸੀ। ਮੈਂ ਤਾਂ ਜ਼ਿੰਦਗੀ ਨੂੰ ਅੱਜ ਨੇੜੇ ਹੋ ਕੇ ਵੇਖਿਆ।

ਬੂਝਾ ਸਿੰਘ: ਨੌਜਵਾਨਾ, ਭੁੱਲੇ ਰਾਹੀ ਨੂੰ ਭੁੱਲਿਆ ਨਾ ਜਾਣੀਏ ਜੇ ਸਹੀ ਰਾਹ ਲੱਭ ਲਵੇ। ਅੱਜ ਵੀ ਤੈਨੂੰ ਜਾਗਣ ਦੀ ਉਨੀ ਓ ਲੋੜ ਹੈ, ਜਿੰਨੀ ਪਹਿਲਾਂ ਸੀ।

ਕੈਦੀ: ਅੱਛਿਆ, ਬਾਬਾ ਜੀ।

ਬੂਝਾ ਸਿੰਘ: ਹਾਂ ਹੁਣ ਤੂੰ ਦੱਸ ਤੂੰ ਇੱਥੇ ਕਿਵੇਂ ਆਂ।

ਕੈਦੀ: ਬਾਬਾ ਜੀ, ਮੈਨੂੰ ਤਾਂ ਆਪਣੇ ਆਪ ਤੋਂ ਸ਼ਰਮ ਆਉਂਦੀ ਐ ਕਿ ਮੈਂ ਇੱਥੇ ਡੋਡੇ ਵੇਚਣ ਦੇ ਦੋਸ਼ ਵਿੱਚ ਬੈਠਾ ਆਂ, ਉਹ ਵੀ ਇਹਨਾਂ ਅਫ਼ਸਰਾਂ ਦੇ। (ਉਹ ਬਾਬੇ ਦੇ ਪੈਰੀਂ ਪੈ ਜਾਂਦਾ ਹੈ।)

ਬੂਝਾ ਸਿੰਘ: ਪੁੱਤਰਾ---(ਸਿਪਾਹੀ ਨੂੰ ਦੇਖ ਕੇ ਚੁੱਪ ਕਰ ਜਾਂਦੇ ਹਨ।)

ਹੌਲਦਾਰ: ਉਏ ਤੂੰ ਇਹਨੂੰ ਕੀ ਸਿਖਾਲੀ ਜਾਂਨੈ। (ਕੈਦੀ ਨੂੰ) ਚੱਲ ਓਧਰ। ਓ ਜਨਾਬ ਇਹ ਆਪਣੇ ਬੰਦਿਆਂ ਨੂੰ ਪਤਾ ਨੀ ਕੀ ਪੱਟੀ ਪੜ੍ਹਾਈ ਜਾਂਦੈ।

ਠਾਣੇਦਾਰ: ਬੁੜਿਆ, ਤੂੰ ਬਾਜ਼ ਨੀ ਆਉਂਦਾ, ਤੂੰ ਇੱਥੇ ਵੀ ਇਹੀ ਕੰਮ ਫੜ ਲਿਆ ਮੁੰਡਿਆਂ ਨੂੰ ਭੜਕਾਉਣ ਦਾ। ਤੂੰ ਜੋ ਮਰਜ਼ੀ ਕਰ ਲੈ, ਤੂੰ ਸਾਡੇ ਇਹਨਾਂ ਸ਼ੇਰਾਂ ਦੇ ਸਿਰ ਵਿੱਚ ਇਨਕਲਾਬ ਨੀ ਵਾੜ ਸਕਦਾ। (ਕੈਦੀ ਪਿੱਛੇ ਚਲਾ ਜਾਂਦਾ ਹੈ ਤੇ ਓਹਲੇ ਖੜ੍ਹ ਕੇ ਉਹਨਾਂ ਦੀਆਂ ਗੱਲਾਂ ਸੁਣਦਾ ਹੈ।

ਬੂਝਾ ਸਿੰਘ: ਉਹ ਮੈਨੂੰ ਵੀ ਪਤੈ, ਸਮਾਜ ਦੀ ਤਬਦੀਲੀ ਤਵੇ ਦੀ ਰੋਟੀ ਨਹੀਂ, ਜਿਸਨੂੰ ਉਂਗਲਾਂ ਦੇ ਚੌਂਹ ਪੋਟਿਆਂ ਦੇ ਭੋਰਾ ਜਿੰਨੇ ਸੇਕ ਨਾਲ ਪਲਟ ਲਿਆ ਜਾਏਗਾ। ਉਹਦੇ ਲਈ ਸਾਡੇ ਗ਼ਦਰੀ

| | |
|---|---|
| | ਸਾਥੀਆਂ ਵਾਂਗ ਹਿੰਮਤ, ਸਿਰੜ, ਤਿਆਗ ਤੇ ਕੁਰਬਾਨੀ ਦੀ ਲੋੜ ਐ। |
| ਠਾਣੇਦਾਰ: | ਬੁੜਿਆ, ਸਾਨੂੰ ਐਂਵੇ ਇਧਰ ਉਧਰ ਦੀਆਂ ਮਾਰ ਕੇ ਨਾ ਵਰਗ਼ਲਾਈ ਜਾ, ਮੇਰੇ ਸਵਾਲਾਂ ਦੇ ਜਵਾਬ ਦੇ, ਜਿਨ੍ਹਾਂ ਦਾ ਮੈਨੂੰ ਉੱਪਰੋਂ ਹੁਕਮ ਆਇਐ॥ |
| ਬੂਝਾ ਸਿੰਘ: | ਤੈਨੂੰ ਮੈਂ ਕਦੋਂ ਜਵਾਬ ਦਿੱਤੇ, ਤੁਸੀਂ ਤਾਂ ਨੌਕਰ ਓਂ, ਮਾਲਕ ਦੀ ਡੁਗ ਡੁਗੀ ਤੇ ਨੱਚਣਾ ਹੀ ਹੋਇਆ। |
| ਹੌਲਦਾਰ: | ਜਨਾਬ, ਇਹ ਤਾਂ ਉੱਤੇ ਈ ਉੱਤੇ ਚੜ੍ਹੀ ਆਉਂਦੈ। |
| ਠਾਣੇਦਾਰ: | ਬੁੜਿਆ, ਦੱਸ ਹੁਣ ਤੇਰੀ ਕੀ ਖ਼ਾਤਰ ਕਰੀਏ। |
| ਬੂਝਾ ਸਿੰਘ: | ਉਹੀ ਜਿਹੜੀ ਦਹਿਸ਼ਤ ਪਸੰਦ ਹੱਕ, ਸੱਚ ਤੇ ਇਨਸਾਫ਼ ਦੀ ਲੜਾਈ ਲੜਨ ਵਾਲਿਆਂ ਨਾਲ ਯੁੱਗਾਂ ਯੁੱਗਾਂ ਤੋਂ ਕਰਦਾ ਆਇਐ। |
| ਹੌਲਦਾਰ: | ਬੁੜਿਆ, ਹੁਣ ਤੂੰ ਬੁੱਢਾ ਹੋ ਗਿਐਂ, ਕਿਉਂ ਔਖਾ ਹੁੰਨੈਂ, ਜੇਲ੍ਹਾਂ ਦੀਆਂ ਕਾਲ਼ ਕੋਠੜੀਆਂ 'ਚ। |
| ਬੂਝਾ ਸਿੰਘ: | ਤੇ ਫਿਰ ਸੁਣ, ਇਨਕਲਾਬੀ ਕਦੇ ਬੁੱਢੇ ਨੀਂ ਹੁੰਦੇ। ਮੈਂ ਇਸ ਉਮਰ ਵਿੱਚ ਵੀ ਮੌਕੇ ਦੀ ਸਰਕਾਰ ਨਾਲ ਟੱਕਰ ਲੈ ਸਕਦੈਂ। |
| ਠਾਣੇਦਾਰ: | ਮੈਨੂੰ ਸਿੱਧਾ ਸਿੱਧਾ ਜਵਾਬ ਦੇ। ਤੇਰੀ ਪਾਰਟੀ ਦਾ ਨਾਂ ਕੀ ਐ। |
| ਬੂਝਾ ਸਿੰਘ: | ਮੇਰੀ ਪਾਰਟੀ ਗ਼ਦਰ ਲਹਿਰ, ਬੱਬਰ ਲਹਿਰ, ਅਕਾਲੀ ਲਹਿਰ, ਕਿਰਤੀ ਲਹਿਰ, ਲਾਲ ਪਾਰਟੀ ਤੇ ਨਕਸਲਵਾੜੀ। |
| ਹੌਲਦਾਰ: | ਬਾਬਾ ਹੁਣ ਦੇਸ਼ ਅਜ਼ਾਦ ਹੋ ਗਿਆ। ਤੂੰ ਤਾਂ ਉਹੀ 50 ਸਾਲ ਪਹਿਲਾਂ ਦੀਆਂ ਗੱਲਾਂ ਕਰੀ ਜਾਨੈਂ। |
| ਬੂਝਾ ਸਿੰਘ: | ਅਜ਼ਾਦ ਨਹੀਂ, ਇਹ ਤਾਂ ਦੇਸ਼ ਦੀ ਵਾਗਡੋਰ ਬੂਰਿਆਂ ਦੇ ਹੱਥੋਂ ਭੂਰਿਆਂ ਦੇ ਹੱਥ ਆ ਗਈ ਹੈ, ਪਰ ਬਦਲਿਆ ਕੁੱਝ ਨਹੀਂ। |
| ਠਾਣੇਦਾਰ: | ਮੈਨੂੰ ਇਹ ਦੱਸ, ਥੋਡੇ ਪਾਰਟੀ ਦੇ ਮੈਂਬਰ ਕੌਣ ਕੌਣ ਨੇ। |
| ਬੂਝਾ ਸਿੰਘ: | ਹਰ ਉਹ ਮਜ਼ਦੂਰ ਤੇ ਕਿਸਾਨ ਜਮਾਤ ਜਿਹੜੀ ਅੱਜ ਵੀ ਹੱਕ ਲੈਣ ਲਈ ਜੂਝ ਰਹੀ ਹੈ। |
| ਠਾਣੇਦਾਰ:– | ਬਾਬਾ ਮੈਂ ਤੈਨੂੰ ਅੱਗੇ ਵੀ ਦੱਸਿਆ ਕਿ ਲਾਲ ਪਾਰਟੀ ਵਿੱਚ |

ਰਹਿ ਕੇ ਹੀ ਤੂੰ ਕਿਸਾਨਾਂ ਨੂੰ ਜ਼ਮੀਨਾਂ ਉਦੋਂ ਈ ਦਵਾ ਗਿਆ। ਉਦੋਂ ਸਾਡੀ ਸਰਕਾਰ ਦੇ ਪੈਰ ਨਹੀਂ ਸੀ ਲੱਗੇ।

ਹੌਲਦਾਰ: ਆਹੋ ਜਨਾਬ, ਇਹ ਤਾਂ ਉਹੀ ਉੱਨੀ ਸੌ ਅੜਤਾਲ਼ੀ ਅੜਤੂਲ਼ੀ ਦੀਆਂ ਗੱਲਾਂ ਕਰੀ ਜਾਂਦੈ।

ਠਾਣੇਦਾਰ: ਹੌਲ਼ਦਾਰਾ ਇਹਨੂੰ ਦੱਸਦੈ, ਹੁਣ ਹਾਲਾਤ ਹੋਰ ਨੇ।

ਬੂਝਾ ਸਿੰਘ: ਇਹ ਵੀ ਤੈਨੂੰ ਭੁਲੇਖੈ, ਬਰਾਬਰ ਦੇ ਹੱਕਾਂ ਦੀ ਲੜਾਈ ਦੇ ਹਾਲਾਤ ਕਦੇ ਨਹੀਂ ਬਦਲੇ, ਜਿਨ੍ਹਾਂ ਚਿਰ ਮਾਲਕ ਤੇ ਮਜ਼ਦੂਰ ਦਾ ਪਾੜਾ ਖ਼ਤਮ ਨਹੀਂ ਹੁੰਦਾ।

ਹੌਲਦਾਰ: ਐਂਵੇ ਕਾਹਨੂੰ ਜਾਬ੍ਹਾਂ ਦਾ ਭੇੜ ਮਾਰਦੈਂ, ਤੂੰ ਮਰਨ ਕਿਨਾਰੇ ਐਂ।

ਬੂਝਾ ਸਿੰਘ: ਇਹ ਵੀ ਯਾਦ ਰੱਖ, ਮਰਦੇ ਤਾਂ ਬੁਜ਼ਦਿਲ ਨੇ, ਸੂਰਮੇ ਤਾਂ ਸ਼ਹੀਦ ਹੁੰਦੇ ਹੁੰਦੇ ਨੇ।

ਠਾਣੇਦਾਰ: ਆਹ ਤੇਰੀਆਂ ਹੱਡੀਆਂ ਦੀ ਮੁੱਠ ਐ, ਕਾਹਨੂੰ ਸਾਥੋਂ ਜੀਆ ਘਾਤ ਕਰਵਾ ਰਿਹੈਂ।

ਬੂਝਾ ਸਿੰਘ: ਤੁਸੀਂ ਮੇਰੀ ਹੱਡੀਆਂ ਦੀ ਮੁੱਠ ਈ ਦੇਖਦੇ ਓਂ। ਪਰ ਮੇਰਾ ਸਿਰੜ ਤੇ ਮੇਰਾ ਹੌਂਸਲਾ ਨਹੀਂ ਦੇਖਿਆ।

ਹੌਲਦਾਰ: ਸਿਰੜ ਤੇ ਹੌਂਸਲਾ ਵੀ ਕਿੰਨਾ ਚਿਰ। ਕੱਲ੍ਹ ਨੂੰ ਮਰ ਗਿਆ ਫੇਰ।

ਬੂਝਾ ਸਿੰਘ: ਮੇਰੇ ਮਰਨ ਨਾਲ ਧਰਤੀ ਸੂਰਮਿਆਂ ਖੁਣੋਂ ਬਾਂਝ ਨਹੀਂ ਹੋ ਜਾਵੇਗੀ। ਤਾਰੀਖ਼ ਦੇ ਪੈਰਾਂ ਨੂੰ ਸੰਗਲ ਨਹੀਂ ਪਾਏ ਜਾ ਸਕਦੇ। ਤੱਤੀਆਂ ਤਵੀਆਂ ਤੇ ਬੈਠਣ ਵਾਲੇ-ਗੁਰੂ ਅਰਜਨ ਦੇਵ, ਬੰਦ ਬੰਦ ਕਟਵਾਉਣ ਵਾਲੇ-ਭਾਈ ਮਨੀ ਸਿੰਘ, ਫਾਂਸੀਆਂ ਦੇ ਰੱਸੇ ਚੁੰਮਣ ਵਾਲੇ, ਪਿੰਜਰਾ ਬੰਦ ਕੈਦਾਂ ਕੱਟਣ ਵਾਲੇ, ਪੁਲਸ ਮੁਕਾਬਲਿਆਂ 'ਚ ਮਾਰੇ ਜਾਣ ਵਾਲੇ ਸੂਰਮੇ-ਗ਼ਦਰੀ ਬਾਬੇ ਭਗਤ ਸਰਾਭੇ। ਅੱਜ ਵੀ ਸਾਡੇ ਵਿੱਚ ਮੌਜੂਦ ਨੇ, ਦੇਖ ਕੇ ਅਣਡਿੱਠ ਕਰਨ ਵਾਲੇ, ਸਮੇਂ ਦੇ ਗ਼ਦਾਰ ਹੁੰਦੇ ਨੇ। ਮੈਂ ਉਹਨਾਂ ਵਿੱਚੋਂ ਨਹੀਂ।

ਠਾਣੇਦਾਰ: ਬੁੜਿਆ ਮੈਂ ਤੈਨੂੰ ਸਿਆਣਾ ਸਮਝ ਕੇ ਸਵਾਲ ਪੁੱਛ ਰਿਹੈਂ, ਤੂੰ ਉੱਤੇ ਈ ਉੱਤੇ ਚੜਦਾ ਆਉਂਨੈ।

ਬੂਝਾ ਸਿੰਘ: ਮੈਂ ਤਾਂ, ਤਾਂ ਦੱਸਣਾ ਚਾਹੁੰਨੈ ਕਿ ਪਤਾ ਨਹੀ ਤੈਨੂੰ ਮੁੜ ਕੇ

ਇਹ ਸੁਣਨ ਦਾ ਸਮਾਂ ਮਿਲੇ ਕਿ ਨਾ ਕਿ ਅਸੀਂ ਗ਼ਦਰ ਲਹਿਰ ਦੀ ਪੈਦਾਵਾਰ ਆਂ ਜਿਹੜੀ ਹਰ ਯੁੱਗ ਵਿੱਚ ਪਸਰੇਗੀ, ਫੈਲੇਗੀ, ਦੇਸ਼ਾਂ ਵਿਦੇਸ਼ਾਂ ਵਿੱਚੋਂ ਉੱਠੇਗੀ ਜ਼ੁਲਮ ਦਾ ਮੂੰਹ ਮੋੜਨ ਲਈ, ਹੱਕਾਂ ਦੀ ਹਾਮੀ ਲਈ, ਗ਼ਦਾਰਾਂ ਦਾ ਮੂੰਹ ਭੰਨਣ ਲਈ, ਗ਼ਦਰੀ ਸਾਥੀਆਂ ਦਾ ਸੁਪਨਾ ਪੂਰਾ ਕਰਨ ਲਈ, ਗ਼ੁਲਾਮੀ ਨੂੰ ਜੜ੍ਹੋਂ ਵੱਢਣ ਲਈ ਹਰ ਰੋਜ਼ ਗ਼ਦਰੀ ਪੈਦਾ ਹੋਣਗੇ। ਚਾਹੇ 1857 ਹੋਵੇ ਜਾਂ 1913 ਜਾਂ 1931 ਜਾਂ ਅੱਜ 1970 ਜਾਂ 1990, 2000, 2013 ਜਾਂ 2020 ਗ਼ਦਰੀ ਉੱਠਦੇ ਰਹਿਣਗੇ ਆਪਣੇ ਹੱਕਾਂ ਲਈ ਲੜਦੇ ਰਹਿਣਗੇ।

ਠਾਣੇਦਾਰ: (ਅੱਕ ਕੇ) ਬਾਬਾ ਤੂੰ ਬਹੁਤਾ ਫਿਲਾਸਫਰ ਨਾ ਬਣ, ਬਹਿ ਜਾ ਚੁੱਪ ਕਰਕੇ।

ਹੌਲਦਾਰ: ਜਨਾਬ ਜੇ ਇਹ ਨੂੰ ਕੋਈ ਪੁੱਛੇ ਬਈ ਗੋਲ਼ੀ ਮੂਹਰੇ ਕਿਹੜਾ ਅੜ ਜੂ।

ਬੂੜਾ ਸਿੰਘ: ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਲੋਕ ਨੀ ਭੁੱਲੇ ਤੁਸੀਂ ਟੋਡੀ ਗ਼ਦਾਰ ਭੁੱਲ ਸਕਦੇ ਓਂ। ਇਹ ਕਾਫ਼ਲੇ ਚੱਲਦੇ ਆਏ ਆ, ਚੱਲਦੇ ਹੀ ਰਹਿਣਗੇ। ਉਹਨਾਂ ਦੀ ਜੰਗ ਕੱਲ ਵੀ ਜਾਰੀ ਸੀ, ਅੱਜ ਵੀ ਜਾਰੀ ਹੈ ਤੇ ਆਉਣ ਵਾਲੇ ਕੱਲ੍ਹ ਨੂੰ ਵੀ ਜਾਰੀ ਰਹੇਗੀ ਜਿੰਨਾ ਚਿਰ ਇਹ ਦਹਿਸ਼ਤ ਦਾ ਤੰਦੂਰ ਤਪਦਾ ਰਹੇਗਾ।

ਠਾਣੇਦਾਰ: ਅਸੀਂ ਤੇਰੇ ਵਰਗੇ ਸੌ ਚੌਰੇ ਸਿੱਧੇ ਕੀਤੇ ਐ।

ਬੂੜਾ ਸਿੰਘ: ਚੌਰੇ ਸਿੱਧੇ ਕੀਤੇ ਹੋਣੇ ਆਂ, ਦੇਸ਼ਭਗਤ ਨੀ, ਤਾਰੀਖ਼ ਗਵਾਹ ਐ ਲੋਕਾਂ ਦੇ ਜਾਇਆਂ ਨੂੰ ਕੋਈ ਵੀ ਜ਼ਾਲਮ ਸਰਕਾਰ ਨਹੀਂ ਮਾਰ ਸਕੀ। ਸਾਡਾ ਸਰੀਰ ਮਰ ਸਕਦੈ ਪਰ ਸੋਚ ਨਹੀਂ।

ਠਾਣੇਦਾਰ: ਬੁੜਿਆ, ਤੂੰ ਬਹੁਤਾ ਨਾ ਚ੍ਹਾਮਲ, (ਰੀਸ ਲਾ ਕੇ) ਸ਼ੋਚ ਨੀ ਮਰ ਸ਼ਕਦੀ, ਤੂੰ ਕਿਹੜੇ ਬਾਗ਼ ਦੀ ਮੂਲ਼ੀ ਐਂ। ਮੁੜ ਕੇ ਦੇਖਦੇ ਆਂ ਤੈਨੂੰ।

ਹੌਲਦਾਰ: ਜਨਾਬ ਨਾਲੇ ਭੋਰਾ ਕੈਮ ਹੋ ਕੇ ਆਉਨੈਂ ਆ।

ਠਾਣੇਦਾਰ: ਲਿਆ ਉਹ ਹੌਲਦਾਰਾ, ਕੱਲ ਵਾਲੀ ਅੰਗਰੇਜ਼ੀ, ਫੇਰ ਬੰਨ੍ਹਦੇ ਆਂ ਇਹਦਾ ਮੱਕੂ।

(ਚਲੇ ਜਾਂਦੇ ਹਨ। ਕੈਦੀ ਜਿਹੜਾ ਉਹਲੇ ਖੜ੍ਹ ਕੇ ਸੁਣ ਰਿਹਾ ਸੀ ਉਹ ਨਿਕਲ ਕੇ ਬਾਹਰ ਆਉਂਦਾ ਹੈ ਤੇ ਬਾਬਾ ਜੀ ਦੇ

ਪੈਂਗੀ ਪੈਂਦਾ ਹੈ ਤੇ ਧੂੜ ਚੱਕ ਕੇ ਮੱਥੇ ਨੂੰ ਲਾਉਂਦਾ ਹੈ।)

ਬੂਝਾ ਸਿੰਘ: ਪੁੱਤਰ ਕੀ ਹੋ ਗਿਆ?

ਕੈਦੀ: ਬਾਬਾ ਤੇਰੇ ਵਰਗਾ ਜਬ੍ਹੇ ਵਾਲਾ ਬੰਦਾ ਮੈਂ ਜ਼ਿੰਦਗੀ 'ਚ ਪਹਿਲੀ ਵਾਰੀ ਦੇਖਿਆ। ਤੂੰ ਕਿਸ ਮਿੱਟੀ ਦਾ ਬਣਿਆ ਹੋਇਐਂ?

ਬੂਝਾ ਸਿੰਘ:- ਉਹ ਮਿੱਟੀ ਜਿਸਦਾ ਇੱਕ ਇੱਕ ਕਤਰਾ ਕੁਰਬਾਨੀ ਦੇ ਜਜ਼ਬੇ ਨਾਲ ਪਰੁੱਚਿਆ ਪਿਆ ਹੈ।

ਕੈਦੀ: ਬਾਬਾ ਜੀ ਮੈਨੂੰ ਦੱਸੋ, ਕੀ ਮੈਂ ਤੁਹਾਡੇ ਲਈ ਕੁੱਝ ਕਰ ਸਕਦੈਂ।

ਬੂਝਾ ਸਿੰਘ: ਪੁੱਤਰਾ ਮੇਰੇ ਲਈ ਨਹੀਂ, ਲੋਕਾਂ ਲਈ ਤੂੰ ਬਹੁਤ ਕੁਝ ਕਰ ਸਕਦੈਂ।

ਕੈਦੀ: ਤੁਹਾਡੇ ਲਈ ਕਿਉਂ ਨਹੀਂ?

ਬੂਝਾ ਸਿੰਘ: ਕਿਉਂ ਕਿ ਹੁਣ ਪੁਲਸ ਨੇ ਮੈਨੂੰ ਮਾਰ ਦੇਣੈ।

ਕੈਦੀ: ਕਿਉਂ?

ਬੂਝਾ ਸਿੰਘ: ਕਿਉਂਕਿ ਮੈਂ ਲੋਕਾਂ ਦੇ ਸਿਰ ਉਗਾਉਂਦਾ ਹਾਂ।

ਕੈਦੀ: ਹੈਂ!

(ਅੰਦਰੋਂ ਠਾਣੇਦਾਰ ਤੇ ਹੌਲਦਾਰ ਆਉਂਦੇ ਹਨ, ਉਹ ਉਹਨਾਂ ਨੂੰ ਦੇਖ ਕੇ ਚੁੱਪ ਕਰ ਜਾਂਦੇ ਹਨ। ਇੱਕ ਦੂਸਰੇ ਨੂੰ ਕਹਿੰਦਾ ਹੈ।)

ਹੌਲਦਾਰ: ਲਓ ਜਨਾਬ ਜੰਤਰ (ਡੰਡਾ ਫੜ੍ਹਾਉਂਦਾ ਹੈ।)

ਠਾਣੇਦਾਰ: ਉਹ ਮੈਨੂੰ ਕਿਉਂ? ਤੈਥੋਂ ਮਾਰ ਨੀ ਹੁੰਦਾ।

ਹੌਲਦਾਰ: ਜੀ ਜਨਾਬ, ਬਾਬਾ ਸੱਚ ਸੱਚ ਦੱਸਦੇ। (ਉਹ ਮਾਰਨ ਲੱਗਦਾ ਹੈ।)

ਠਾਣੇਦਾਰ: ਕੱਲ੍ਹ ਦੇ ਪੁੱਛਦੇ ਆਂ ਬੁੜਿਆ ਤੈਨੂੰ ਸਿੱਧੀ ਨੀਤ ਨਾਲ ਸਵਾਲਾਂ ਦੇ ਜਵਾਬ ਦੇ ਦੇ, ਨਹੀਂ ਤਾਂ ਸਾਨੂੰ ਜਾਣਦਾ ਈ ਐ।

ਬੂਝਾ ਸਿੰਘ: ਮੈਂ ਜੋ ਕੁੱਝ ਦੱਸਣਾ ਸੀ ਦੱਸ ਚੁੱਕਿਆ, ਮੈਨੂੰ ਹੋਰ ਕੁੱਝ ਨਹੀਂ ਪਤਾ।

(ਉਹ ਫਿਰ ਕੁੱਟਣ ਲੱਗਦੇ ਹਨ।)

ਠਾਣੇਦਾਰ: ਹੁਣ ਆ ਰਿਹੈ ਸਵਾਦ? ਅਸੀਂ ਤਾਂ ਤੇਰੇ ਹੱਡਾਂ ਚੋਂ ਕੱਢ ਲਾਂਗੇ ਅਤੇ ਪਤੇ।

ਹੌਲਦਾਰ: ਬੁੜਿਆ, ਆਖਰੀ ਵਾਰੀ ਪੁੱਛਦੇ ਆਂ ਕਿ ਤੁਸੀਂ ਅੱਜ ਕਾਹਦੀ ਮੀਟਿੰਗ ਕਰ ਰਹੇ ਸੀ।

ਠਾਣੇਦਾਰ:– ਥੋਡੀ ਪਾਰਟੀ ਦੇ ਕੌਣ ਕੌਣ ਮੈਂਬਰ ਨੇ?

ਹੌਲਦਾਰ: ਤੂੰ ਕਿੰਨਾ ਕਿੰਨਾ ਨੂੰ ਮਿਲਦੈਂ?

ਠਾਣੇਦਾਰ: ਬੁੜਿਆ ਬੋਲ ਪਾ, ਤੈਥੋਂ ਸਾਡਾ ਧੋਬੀ ਪਟਕਾ ਨੀ ਝੱਲ ਹੋਣਾ।

(ਫੇਰ ਕੁੱਟ ਰਹੇ ਹਨ।)

ਹੌਲਦਾਰ : ਕਿਉਂ ਬੁੱਢੇ ਬਾਰੇ ਹੱਡ ਰਗੜਦੈਂ। ਜਨਾਬ ਇਹ ਤਾਂ ਬੇਹੋਸ਼ ਹੋ ਗਿਆ।

ਠਾਣੇਦਾਰ: ਕੋਈ ਗੱਲ ਨੀ ਜੇ ਪਾਰ ਵੀ ਹੋ ਗਿਆ, ਆਪਾਂ ਨੂੰ ਤਾਂ ਫਾਇਦਾ ਈ ਆ।

ਹੌਲਦਾਰ: ਉਹ ਕਿਵੇਂ ਜਨਾਬ?

ਠਾਣੇਦਾਰ: ਓਏ ਤੂੰ ਵੀ ਭੋਲ਼ਾ ਈ ਆ, ਆਪਾਂ ਤਾਂ ਪੁਲਸ ਮੁਕਾਬਲਾ ਈ ਬਣਾਉਣੈ, ਲੈ ਚੱਲਾਂਗੇ ਨਾਈ ਮਜਾਰੇ ਦੇ ਪੁੱਲ ਤੇ। ਚੱਲ ਛੱਡ, ਸਾਲੇ ਨੇ ਮਜ਼ਾ ਈ ਕਿਰਕਰਾ ਕਰਤਾ, ਤੂੰ ਨਵੀਂ ਬੋਤਲ ਕੱਢ। (ਅੰਦਰ ਨੂੰ ਚਲੇ ਜਾਂਦੇ ਹਨ।)

(ਕੈਦੀ ਆਲਾ ਦੁਆਲਾ ਦੇਖਕੇ ਭੱਜ ਕੇ ਆ ਕੇ ਬਾਬੇ ਨੂੰ ਦੇਖਦਾ ਹੈ ਤੇ ਉਸ ਨੂੰ ਬਿਠਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਬਿਠਾ ਵੀ ਲੈਂਦਾ।)

ਕੈਦੀ: ਬਾਬਾ, ਬਾਬਾ, ਤੂੰ ਨਹੀਂ ਮਰ ਸਕਦਾ। (ਉਸਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਸਹਾਰੇ ਨਾਲ ਖੜ੍ਹਾ ਕਰ ਲੈਂਦਾ ਹੈ।)

ਬਾਬਾ ਤੂੰ ਨਹੀਂ ਮਰ ਸਕਦਾ, ਨਹੀਂ ਮਰ ਸਕਦਾ

(ਲੋਕਾਂ ਨੂੰ) ਬਾਬਾ ਜ਼ਿੰਦਾ ਐ, ਮੇਰੇ ਵਿੱਚ ਜ਼ਿੰਦਾ ਐ।

ਸਾਡੀ ਸੋਚ ਵਿੱਚ ਜ਼ਿੰਦਾ ਐ। (ਬਾਬੇ ਦਾ ਇੱਕ ਹੱਥ ਆਪਣੇ ਹੱਥ ਚੱਕ ਉੱਪਰ ਉਠਉਂਦਾ ਹੈ।)

ਇਹ ਗ਼ਦਰ ਦੀ ਲਾਟ ਮੱਘਦੀ ਰਹੇਗੀ,

ਮੱਘਦੀ ਰਹੇਗੀ-----

ਯੁੱਗਾਂ ਯੁੱਗਾਂ ਤੀਕ ਮੱਘਦੀ ਰਹੇਗੀ। ਮੱਘਦੀ ਰਹੇਗੀ----

ਗੀਤ: "ਅਸੀਂ ਵਾਰਸ ਹਾਂ ਸ਼ਹੀਦਾਂ ਦੇ, ਸਾਡੇ ਪੈਰ ਨੀ ਥੰਮਣੇ,
ਮਾਂ ਦੀ ਕੁੱਖ ਤੋਂ ਬੰਦ ਨੀ ਹੋਣੇ, ਇਹ ਯੋਧੇ ਜੰਮਣੇ,
ਤਾਲ਼ੇ ਸੱਚ ਦੇ ਖੋਲਦੀ,
ਤਵਾਰੀਖ਼ ਬੋਲਦੀ ਤਵਾਰੀਖ਼ ਬੋਲਦੀ---"

(ਪਰਦਾ ਡਿੱਗਦਾ ਹੈ।)

ਇਸ ਨੂੰ ਲਿਖਣ ਵੇਲੇ ਮੈਂ 2013 ਦੇ ਵਰ੍ਹੇ ਵਿੱਚ ਗ਼ਦਰ ਸ਼ਤਾਬਦੀ ਨੂੰ ਸਮਰਪਤ ਨਾਟਕ ਲਿਖਣ ਬਾਰੇ ਸੋਚਿਆ ਸੀ ਤਾਂ ਇਕੱਲੇ ਇਤਿਹਾਸ ਤੇ ਗੱਲ ਕਰਨੀ ਹੋਵੇ ਤਾਂ ਨੀਰਸ ਹੋਵੇਗੀ ਪਰ ਇਸਨੂੰ ਵਧੀਆ ਬਣਾਉਣ ਲਈ ਮੈਂ ਸਭ ਤੋਂ ਪਹਿਲਾਂ ਬਖਸ਼ੀਸ਼ ਸਿੰਘ ਸੈਂਬੀ ਹੋਰਾਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਹਨਾਂ ਨੇ ਇਸਦਾ ਮੁੱਖ ਗੀਤ "ਤਵਾਰੀਖ ਬੋਲਦੀ ਹੈ" ਲਿਖਿਆ ਹੈ। ਅਵਤਾਰ ਗਿੱਲ ਤੇ ਗੁਰਪ੍ਰੀਤ ਗਿੱਲ ਨੇ ਇਸ ਨੂੰ ਗਾਇਆ। ਇਸ ਤੋਂ ਇਲਾਵਾ ਮੈਂ ਕੁੱਝ ਕੁ ਕੁਟੇਸ਼ਨਾਂ ਬਾਈ ਜੀ ਅਮੋਲਕ ਸਿੰਘ, ਸੰਤ ਰਾਮ ਉਦਾਸੀ ਤੇ ਗ਼ਦਰ ਦੀ ਕਵਿਤਾ ਵਿੱਚੋਂ ਲਈਆਂ ਹਨ ਜਿਹਨਾਂ ਨੇ ਇਸ ਵਿੱਚ ਵੰਨ ਸਵੰਨੇ ਰੰਗ ਭਰੇ ਹਨ। ਮੈਂ ਇਹਨਾਂ ਸਾਰਿਆਂ ਦੀ ਬਹੁਤ ਬਹੁਤ ਧੰਨਵਾਦੀ ਹਾਂ।

-o-

"ਤਵਾਰੀਖ਼ ਬੋਲਦੀ ਹੈ" ਨਾਟਕ ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ ਵਲੋਂ 2013 ਵਿੱਚ ਗ਼ਦਰ ਲਹਿਰ ਦੇ ਸੌ ਸਾਲਾਂ ਨੂੰ ਸਮਰਪਤ ਕੀਤਾ ਗਿਆ ਸੀ ਤੇ ਦੂਸਰੀ ਵਾਰੀ 2015 ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀ ਨਾ ਭੁੱਲਣਯੋਗ ਕੁਰਬਾਨੀ ਦੇ ਸੌ ਸਾਲੇ ਨੂੰ ਸਮਰਪਤ ਕੀਤਾ ਗਿਆ ਸੀ। ਦੋਨੋਂ ਵਾਰੀ ਨੌਰਥ ਡੈਲਟਾ ਹਾਇਰ ਸੈਕੇਂਡਰੀ ਸਕੂਲ ਦੀ ਸਟੇਜ ਤੇ ਲੋਕਾਂ ਦੇ ਭਰਵੇਂ ਇਕੱਠ ਵਿੱਚ ਮੰਚਤ ਕੀਤਾ ਗਿਆ। ਹੇਠ ਲਿਖੇ ਕਲਾਕਾਰਾਂ ਨੇ ਇਸ ਵਡਮੁੱਲੇ ਇਤਿਹਾਸ ਨੂੰ ਜਾਣਿਆ ਹੀ ਨਹੀਂ ਸਗੋਂ ਇਹਨੂੰ ਖੇਡਣ ਦੇ ਮੌਕੇ ਜੀਵਿਆ ਵੀ।

| | |
|---|---|
| ਡਾਇਰੈਕਟਰ | ਗੁਰਦੀਪ ਭੁੱਲਰ, ਜਸਕਰਨ, ਪਰਮਿੰਦਰ ਸਵੈਚ |
| ਸੂਤਰਧਾਰ | ਪਰਮਿੰਦਰ ਸਵੈਚ |
| ਸੋਹਣ ਸਿੰਘ ਭਕਨਾ | ਬਾਈ ਅਵਤਾਰ ਗਿੱਲ ਤੇ ਰੁਪਿੰਦਰਜੀਤ ਸ਼ਰਮਾ |
| ਜਗਤ ਸਿੰਘ ਤੇ ਆਮ ਆਦਮੀ | ਸੁਖਵਿੰਦਰ ਤੱਖਰ ਤੇ ਸੰਤੋਖ ਸਿੰਘ ਢੇਸੀ |

| | |
|---|---|
| ਮੈਨੇਜਰ | ਗੁਰਨਾਮ ਥਾਂਦੀ ਤੇ ਬਿਲਾਵਲ ਡਸਕਾ |
| ਸੈਕਟਰੀ | ਅਨਮੋਲ ਸਵੈਚ ਤੇ ਜਾਸਮਿਨ ਸਵੈਚ |
| ਮੌਲਵੀ ਬਰਕੁਤਉੱਲਾ ਤੇ ਮੁਸਲਿਮ | ਪਰਮ ਸਰਾਂ |
| ਕਰਤਾਰ ਸਿੰਘ ਸਰਾਭਾ | ਦਰਸ਼ਪ੍ਰੀਤ ਤੇ ਨਰਿੰਦਰ ਮੰਗੂਵਾਲ |
| ਜੁਆਲਾ ਸਿੰਘ ਤੇ ਸਿੱਖ | ਨਿਰਮਲ ਕਿੰਗਰਾ |
| ਕਾਂਸ਼ੀ ਰਾਮ | ਗੁਰਜੀਤ ਹੁੰਦਲ |
| ਲਾਲਾ ਹਰਦਿਆਲ | ਪਰਮ ਸਰਾਂ ਤੇ ਸੁੱਖੀ ਗਰਚਾ |
| ਗਦਰੀ | ਸੰਤੋਖ ਸਿੰਘ ਢੇਸੀ |
| ਗੁਲਾਬ ਕੌਰ ਤੇ ਮਾਤਾ ਜੀ | ਬਲਵਿੰਦਰ ਗਰੇਵਾਲ |
| ਮਾਨ ਸਿੰਘ | ਮੱਖਣ ਟੁੱਟ, ਬਿਲਾਵਲ ਡਸਕਾ |
| ਮੇਵਾ ਸਿੰਘ | ਭਵਖੰਡਨ ਸਿੰਘ |
| ਜਸਟਿਨ ਮੋਰੀਸਨ ਤੇ ਅੰਗਰੇਜ਼ | ਗੁਰਚਰਨ ਦੁਆ |
| ਮਿਸਟਰ ਟੇਅਲਰ | ਸੁਖਜਿੰਦਰ ਗਿੱਲ |
| ਮਿਸਟਰ ਵੁੱਡ | ਸ਼ਾਨ ਸਵੈਚ |
| ਵਿਸ਼ਨੂੰ ਗਨੇਸ਼ ਪਿੰਗਲੇ ਤੇ ਹਿੰਦੂ | ਗੁਰਜੀਤ ਹੁੰਦਲ |
| ਭਾਰਤ ਮਾਂ | ਦਰਸ਼ਨ ਮਾਨ, ਪਰਮਿੰਦਰ ਸਵੈਚ |
| ਦਾਦਾ ਜੀ | ਸੰਤੋਖ ਸਿੰਘ ਢੇਸੀ |
| ਜੱਜ | ਗੁਰਮੇਲ ਗਿੱਲ, ਬਿਲਾਵਲ ਡਸਕਾ |
| ਸੁਰੈਣ ਸਿੰਘ | ਸਾਧੂ ਸਿੰਘ ਗਿੱਲ |
| ਬਖਸ਼ੀਸ਼ ਸਿੰਘ | ਨਿਰਮਲ ਕਿੰਗਰਾ |
| ਸੁਰੈਣ ਸਿੰਘ ਦੂਜਾ | ਰੁਪਿੰਦਰਜੀਤ ਸ਼ਰਮਾ |
| ਵਿਸ਼ਨੂੰ ਗਨੇਸ਼ ਪਿੰਗਲੇ | ਰੁਪਿੰਦਰ ਭੁੱਟਾ (ਰੌਬਨ) |
| ਹਰਨਾਮ ਸਿੰਘ | ਹਰਪਾਲ ਸਿੰਘ ਗਰੇਵਾਲ |
| ਸਿਪਾਹੀ | ਸਰਬਜੀਤ ਰੰਧਾਵਾ, ਸ਼ਾਨ ਸਵੈਚ |
| ਠਾਣੇਦਾਰ | ਕਰਮ ਦੁਸਾਂਝ, ਗੁਰਨਾਮ ਥਾਂਦੀ |
| ਬੂਝਾ ਸਿੰਘ | ਹਰਪ੍ਰੀਤ ਗਰੇਵਾਲ, ਸੁਖਜਿੰਦਰ ਗਿੱਲ |
| ਕੈਦੀ | ਸੁਖਵਿੰਦਰ ਤੱਖੜ, ਸੰਤੋਖ ਢੇਸੀ |

# ਮਸੋਸਿਆ ਮੂੰਹ

**ਪਾਤਰ**

ਹਰਬੰਸ – ਅਧਖੜ੍ਹ ਔਰਤ

ਹਰਮੇਲ – ਹਰਬੰਸ ਦੀ ਸਹੇਲੀ

ਰਾਣੀ – ਹਰਬੰਸ ਦੀ ਭਤੀਜੀ

(ਪਰਦਾ ਖੁਲ੍ਹਦਾ ਹੈ ਤਾਂ ਦੋਨੋਂ ਔਰਤਾਂ ਕਿਸੇ ਦੇ ਘਰ ਜਾ ਰਹੀਆਂ ਹਨ।)

ਹਰਬੰਸ : ਆ ਜਾ ਭੈਣੇ, ਛੇਤੀ ਛੇਤੀ ਚੱਲ।

ਹਰਮੇਲ : ਹੈ ਹੈ ਨੀ ਬੰਸੋ, ਤੂੰ ਤਾਂ ਬਹੁਤੀ ਤੇਜ਼ ਤੁਰਦੀ ਐਂ, ਮੇਰੇ ਤਾਂ ਆਹ ਅੱਗ ਲਗਦੇ ਗੋਡੇ ਨੀ ਤੁਰਨ ਦਿੰਦੇ।

ਹਰਬੰਸ : ਗੋਡੇ ਤਾਂ ਤੇਰੇ ਦੁਖਣੇ ਹੀ ਹੋਏ।

ਹਰਮੇਲ : ਕਿਉਂ ਕੁੜੇ, ਮੇਰੇ ਗੋਡੇ ਕਿਉਂ ਦੁਖਣੇ ਹੋਏ, ਮੈਂ ਕਿਹੜਾ ਰੱਬ ਦੇ ਮਾਂਹ ਮਾਰੇ ਆ।

ਹਰਬੰਸ : ਰੱਬ ਦੇ ਮਾਂਹ ਤਾਂ ਭਾਂਵੇ ਨਹੀਂ ਮਾਰੇ, ਪਰ ਭੈਣੇ ਗੁੱਸਾ ਨਾ ਕਰੀਂ, ਮੇਰੀ ਆਦਤ ਐ ਮੈਂ ਸੱਚੀ ਸੱਚੀ ਗੱਲ ਹਰ ਇੱਕ ਦੇ ਮੂੰਹ ਤੇ ਕਹਿ ਦਿੰਨੀ ਆ।

ਹਰਮੇਲ : ਨਾ ਸੱਚੀ ਗੱਲ ਕਿਹੜੀ?

ਹਰਬੰਸ : ਨਾ ਮੈਂ ਤਾਂ ਜਿੱਦਣ ਦੀ ਤੈਨੂੰ ਦੇਖਦੀ ਆਂ। ਸਾਰੀ ਦਿਹਾੜੀ ਸੋਫੇ ਤੇ ਬੈਠੀ ਡਰਾਮੇ ਦੇਖਦੀ ਰਹਿੰਦੀ ਐਂ। ਜਦੋਂ ਗੱਲ ਸੁਣੋ ਅੱਜ ਕੁੜੇ ਪੀਹੂ ਦਾ ਐਕਸੀਡੈਂਟ ਹੋ ਗਿਆ, ਪ੍ਰਿਆ ਫਲਾਨੀ ਨਾਲ ਲੜ ਪੀ, ਫਲਾਨੀ ਫਲਾਣੇ ਦਾ ਮੇਲ ਹੋ ਗਿਆ। ਆਹ ਨੂੰਹ ਤੇਰੀ ਬਾਹਰੋਂ ਵੀ ਸਾਰੀ ਦਿਹਾੜੀ ਕੰਮ ਕਰਕੇ ਆਉਂਦੀ ਤੇ ਘਰ ਆ ਕੇ ਫੇਰ ਸਾਰਾ ਕਰਦੀ ਐ।

ਹਰਮੇਲ : ਕਿਉਂ ਕੰਮ ਕਰਨਾ ਨੀ ਉਹਦਾ ਘਰ ਐ, ਕਿਹੜਾ ਪੁੰਨ ਨੂੰ ਕਰਨੈ, ਆਪਦਾ ਈ ਕਰਨੈ। ਮੈਂ ਕਿਹੜਾ ਜਵਾਨੀ ਵੇਲੇ ਆਪਦੇ ਘਰ ਦਾ ਥੋੜ੍ਹਾ ਧੰਦ ਪਿੱਟਿਐ।

ਹਰਬੰਸ : ਉਹ ਤਾਂ ਸਭ ਨੇ ਕਰਨਾ ਈ ਹੋਇਆ, ਹੁਣ ਤਾਂ ਭੋਰਾ ਹਿਲਪ ਈ ਆ ਜੇ ਨੂੰਹ ਦੇ ਕੰਮਾਂ 'ਚ ਕਰ ਦੇਵੇਂ। ਚਸਕੇ ਲੈ ਲੈ ਕੇ ਉਹਨਾਂ ਨੂੰ ਸਾਰੀ ਦਿਹਾੜੀ ਦੇਖੀ ਜਾਨੀ ਐਂ, ਨਾ ਕੀ ਮਿਲਦੈ, ਤੇਰੀ ਤਾਂ ਨੂੰਹ ਵੀ ਐਨੀ ਸਾਊ ਆ। ਨਾਲੇ ਐ ਗੋਡਿਆਂ ਤੋਂ ਹੈ ਹੈ ਨਾ ਕਰੇਂ।

ਹਰਮੇਲ : ਨਾ ਸੱਚੀਂ ਜੇ ਮੈਂ ਕੰਮ ਕਰਨ ਲੱਗ ਗੀ ਤਾਂ ਮੇਰੇ ਗੋਡੇ ਹੱਟ ਜਾਣਗੇ।

ਹਰਬੰਸ : ਨਾ ਮੈਂ ਕਿਹੜਾ ਝੂਠ ਬੋਲਦੀ ਆਂ। ਚਲ ਛੱਡ ਨੀ ਭੈਣੇ ਆ ਗਿਆ ਨੀ ਮੇਰੀ ਭਤੀਜੀ ਦਾ ਘਰ, ਤੂੰ ਮਾੜਾ ਜਿਹਾ ਮੂੰਹ ਮਸੋਸ ਲਾ।

ਹਰਮੇਲ : ਅੱਛਿਆ---- ਤੇਰੀ ਭਤੀਜੀ ਘਰੇ ਹੋਊਗੀ?

ਹਰਬੰਸ : ਊਂ ਤਾਂ ਐਹ ਵੇਲੇ ਉਹ ਆਪਦੇ ਜੁਆਕਾਂ ਨੂੰ ਸਕੂਲੋਂ ਲੈਣ ਜਾਂਦੀ ਹੁੰਦੀ ਐ। ਪਰ ਅੱਜ, ਨੇ ਜਾਣੇ, ਜੇ ਨਾ ਵੀ ਹੋਈ ਤਾਂ ਮੈਨੂੰ ਉਹਦੇ ਘਰ ਦੀ ਚਾਬੀ ਦਾ ਪਤੈ।

(ਚਾਬੀ ਤੱਪੜ ਥੱਲਿਓਂ ਚੱਕ ਕੇ ਡੋਰ ਖੋਲ੍ਹਣ ਦਾ ਨਾਟਕ ਕਰਦੀ ਹੈ ਤੇ ਅੰਦਰ ਜਾਂਦੀਆਂ ਹਨ।)

ਹਰਮੇਲ : (ਖਾਲੀ ਮੰਜੇ ਵੱਲ ਦੇਖ ਕੇ) ਹੈ ਹੈ ਨੀ ਬੰਸੋ ਆਹ ਮੰਜਾ ਤਾਂ ਸੱਚੀਂ ਖਾਲੀ ਪਿਐ, ਕਿਤੇ ਸੱਚੀਂ ਉਹਦਾ ਸਹੁਰਾ ਗਹਾਂ ਈ ਤਾਂ ਨੀ ਤੁਰ ਗਿਆ।

ਹਰਬੰਸ : ਨੀ ਭੈਣੇ ਮੈਨੂੰ ਤਾਂ ਆਪ ਇਹੀ ਡਰ ਐ। ਤਾਂ ਹੀ ਤਾਂ ਮੈਂ ਤੈਨੂੰ ਲੈ ਕੇ ਭੱਜੀ ਆਈ ਆਂ। ਨੀ ਮੇਰੀ ਰਾਣੀ ਤੋਂ ਤਾਂ ਬੱਸ ਐਨਾ ਈ ਕਹਿ ਹੋਇਆ ਕਿ ਬਾਪੂ ਜੀ ਦਾ ਤਾਂ ਐਕਸੀਡੈਂਟ ਹੋ ਗਿਆ, ਜਦੇ ਫੋਨ ਕੱਟਤਾ। ਉਹਤੋਂ ਤਾਂ ਗੱਲ ਵੀ ਨੀ ਹੋਈ।

ਹਰਮੇਲ : ਨਾ ਫੇਰ ਗੱਲ ਕੀ ਹੋਣੀ ਆ, ਜਦੋਂ ਐਡਾ ਭਾਣਾ ਵਾਪਰ ਗਿਆ। ਨਾ ਉਹਨੇ ਇਹ ਨੀ ਦੱਸਿਆ ਕਿ ਐਕਸੀਡੈਂਟ ਕਿਵੇਂ ਹੋ ਗਿਆ ?

ਹਰਬੰਸ : ਲੈ ਦੱਸ ਭਲਾ ਐਕਸੀਡੈਂਟ ਕਿਵੇਂ ਹੋਣੈਂ, ਇਹ ਕਿਹੜਾ ਕੋਈ ਕੰਮ ਕਰਦੈ ਸੜਕ ਟੱਪਣ ਲੱਗਿਆ ਹੋਣੈ। ਇਹ ਕਿਹੜਾ

ਅੱਗਾ ਪਿੱਛਾ ਦੇਖਕੇ ਤੁਰਦੇ ਨੇ।

ਹਰਮੇਲ : ਇਹ ਗੱਲ ਤਾਂ ਬੰਸੋ ਤੇਰੀ ਸੋਲ੍ਹਾਂ ਆਨੇ ਸੱਚੀ ਆ। ਆਪਣੇ ਬੁੜ੍ਹੇ ਤਾਂ ਵਿੱਚ ਪਟੇ ਉਵੇਂ ਈ ਚੱਲ ਪੈਂਦੇ ਨੇ। ਕਹਿ ਦਿੰਦੇ ਨੇ ਇਹ ਤਾਂ ਸਗ੍ਹੀ ਓ ਆ, ਅਖੇ ਐਥੇ ਤਾਂ ਐਂਵੇ ਈ ਚਲਦੈ।

ਹਰਬੰਸ : ਏਸੇ ਕਰਕੇ ਈ ਫਿਰ ਮਰਦੇ ਨੇ। ਬਈ ਅਗਲਿਆਂ ਨੇ ਕਿਸੇ ਗੱਲ ਨੂੰ ਲੈਟਾਂ ਤੇ ਬਟਨ ਲਾਏ ਨੇ, ਲੰਘਣ ਟੱਪਣ ਆਲਿਆਂ ਨੂੰ। ਇਹ ਹਰ ਵਕਤ ਆਪਦੀਆਂ ਈ ਚੰਮ ਦੀਆਂ ਚਲਾਉਂਦੇ ਨੇ। ਨਾ ਹੁਣ ਦੱਸ ਮੇਰੀ ਭਤੀਜੀ ਨੂੰ ਤਾਂ ਕਰਤਾ ਨਾ ਖੜ੍ਹੇ ਪੈਰ ਖਰਚਾ।

ਹਰਮੇਲ : ਨੀ ਬੰਸੋ ਮੈਂ ਤਾਂ ਸੁਣਿਐ ਇੱਥੇ ਤਾਂ ਬਾਹਲੇ ਈ ਡਾਲੇ ਲੱਗਦੇ ਆ, ਮਰਨਾ ਵੀ ਮਹਿੰਗਾ ਈ ਆ।

ਹਰਬੰਸ : (ਹਰਮੇਲ ਨੂੰ ਹੱਥ ਮਾਰ ਕੇ) ਮੈਨੂੰ ਲੱਗਦੈ ਰਾਣੀ ਆ ਗੀ। (ਰਾਣੀ ਵੱਲ ਜਾਂਦੀ ਹੈ ਤੇ ਉਹਨੂੰ ਜੱਫੀ ਪਾ ਕੇ ਰੋਣ ਲੱਗਦੀ ਹੈ। ਹਰਮੇਲ ਉੱਥੇ ਬੈਠੀ ਹੀ ਰੋਣ ਦਾ ਬਹਾਨਾ ਕਰਦੀ ਐ। ਉਹਨਾਂ ਦੇ ਡਾਇਲਾਗ ਦੇ ਦੌਰਾਨ ਊਂ ਊਂ ਕਰੀ ਜਾਂਦੀ ਹੈ।) ਨੀ ਧੀਏ ਤੂੰ ਤਾਂ ਪੱਟੀ ਗਈ, ਨੀ ਹੁਣ ਕੀ ਕਰਾਂਗੇ। ਨੀ ਉਹਤਾਂ ਹੁਣ ਚਲਿਆ ਗਿਆ ਆਪਣੇ ਨਾਲ ਤੋੜ ਵਿਛੋੜੀ ਕਰਕੇ।

ਰਾਣੀ : (ਆਲਾ ਦੁਆਲਾ ਦੇਖਦੀ ਹੋਈ) ਭੂਆ, ਭੂਆ ਕੀ ਹੋਇਆ?

ਹਰਬੰਸ : ਨੀ ਕੀ ਹੋਣਾ ਸੀ, ਤੇਰੇ ਤਾਂ ਘਰ ਨੂੰ ਜਿੰਦਰੇ ਲੱਗ ਗੇ। ਇਹ ਤਾਂ 'ਨਰਥ ਈ ਹੋ ਗਿਆ।

ਰਾਣੀ : ਭੂਆ ਕਦੋਂ ਹੋਇਆ?

(ਇਸ ਦੌਰਾਨ ਹੌਲੀ ਹੌਲੀ ਉਠਦੀ ਹੈ ਤੇ ਨੱਕ ਸਿਣਕ ਕੇ ਸੁੱਟਦੀ ਹੈ।)

ਹਰਬੰਸ : ਨੀ ਮੈਨੂੰ ਕੀ ਪੁੱਛਦੀ ਐ, ਤੇਰਾ ਤਾਂ ਘਰ ਖਾਲੀ ਹੋ ਗਿਆ। ਹੁਣ ਕਾਹਦੀਆਂ ਗੱਲਾਂ ਦੇ ਦਿਲਾਸੇ ਦਿੰਨੀ ਐ।

ਹਰਮੇਲ : ਬੰਸੋ ਹੁਣ ਚੁੱਪ ਵੀ ਕਰ, ਰਾਣੀ ਨਾਲ ਬਹਿ ਕੇ ਗੱਲ ਕਰ।

ਹਰਬੰਸ : ਨੀ ਭੈਣੇ ਗੱਲਾਂ ਕੀ ਕਰਾਂ? ਹੁਣ ਤਾਂ ਗੱਲਾਂ ਵੀ ਮੁੱਕਗੀਆਂ, ਰੋਣਾ ਧੋਣਾ ਈ ਰਹਿ ਗਿਆ ਸਾਰੀ ਉਮਰ ਦਾ।

ਰਾਣੀ : ਭੂਆ ਬਹਿ ਕੇ ਗੱਲ ਤਾਂ ਕਰ, ਆਹ ਗੁਆਂਢੀ ਗੋਰੇ ਕਹਿਣਗੇ, ਪਤਾ ਨੀ ਇੰਨਾ ਦੇ ਕੌਣ ਮਰ ਗਿਆ।

ਹਰਬੰਸ : ਉਹ ਕਾਹਤੇ ਕਹਿਣਗੇ, ਉਹਨਾਂ ਦੇ ਕਿਹੜਾ ਕੋਈ ਮਰਦਾ ਨੀ। ਜੇ ਸਾਡਾ ਮਰਿਆ ਅਸੀਂ ਤਾਂਹੀ ਰੋਨੇ ਆ।

ਰਾਣੀ : ਭੂਆ ਮੈਨੂੰ ਇਹ ਤਾਂ ਦੱਸ ਮਰ ਕੌਣ ਗਿਆ? ਕਦੋਂ ਫੋਨ ਆਇਆ ਇੰਡੀਆ ਤੋਂ।

ਹਰਮੇਲ : ਰਾਣੀ ਤੇਰਾ ਸਹੁਰਾ ਨੀ ਮਾਰਿਆ ਗਿਆ ਐਕਸੀਡੈਂਟ 'ਚ।

ਰਾਣੀ : ਨਾ ਥੋਨੂੰ ਕੀਹਨੇ ਕਹਿ ਤਾ। ਐਕਸੀਡੈਂਟ ਤਾਂ ਹੋਇਐ ਪਰ ਉਹ ਤਾਂ ਆਪਦੇ ਰੂਮ 'ਚ ਪਿਐ। ਹੋਰ ਨਾ ਕਿਤੇ ਮੇਰਾ ਝਾਟਾ ਪਟਾ ਦਿਓ।

ਹਰਬੰਸ : ਹੈਂਅ ਨੀ ਉਹ ਮਰਿਆ ਨੀ।

ਰਾਣੀ : ਭੂਆ-------।

ਹਰਬੰਸ : ਨੀ ਮੈਂ ਤਾਂ ਸਮਝਿਆ, ਤੂੰ ਤਾਂ ਐਕਸੀਡੈਂਟ ਦੱਸ ਕੇ ਫੋਨ ਉੱਥੇ ਈ ਰੱਖਗੀ ਸੀ, ਤੈਥੋਂ ਤਾਂ ਗੱਲ ਵੀ ਨਹੀਂ ਹੋਈ।

ਰਾਣੀ : ਨੀ ਭੂਆ ਮੇਰੀ ਤਾਂ ਚਾਹ ਉਬਲਦੀ ਸੀ, ਮੈਂ ਕਿਹਾ ਤਵੇ 'ਚ ਪੈਜੂ। ਤੈਨੂੰ ਫੇਰ ਫੋਨ ਕਰ ਲੂੰ। ਬਾਅਦ 'ਚ ਜੁਆਕਾਂ ਦਾ ਟਾਇਮ ਹੋ ਗਿਆ ਇਹਨਾਂ ਨੂੰ ਚੱਕਣ ਚਲੀ ਗਈ।

ਹਰਬੰਸ : ਲੈ ਦੱਸ, ਮੈਂ ਤਾਂ ਕਿਹਾ ਬਈ ਜਿਹੜਾ ਐਕਸੀਡੈਂਟ ਹੋ ਗਿਆ ਉਹਦੀ ਤਾਂ ਖੈਰ ਸੁੱਖ ਨੀ। ਮੈਂ ਤਾਂ ਆਹ ਭੈਣ ਨੂੰ ਲੈ ਕੇ ਭੱਜੀ ਆਈ ਆਂ। ਆਉਂਦੀ ਨੂੰ ਆਹ ਮੰਜਾ ਖਾਲੀ ਪਿਐ।

ਰਾਣੀ : ਭੂਆ ਪਹਿਲਾਂ ਚੰਗੀ ਤਰ੍ਹਾਂ ਪਤਾ ਤਾਂ ਕਰ ਲੈਂਦੀ, ਹੋਰ ਤਾਂ ਨੀ ਕਿਸੇ ਨੂੰ ਕਹਿਤਾ।

ਹਰਮੇਲ : ਲੈ ਇਹਨੇ ਤਾਂ ਥੋਡੇ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਕਰਤੇ।

ਰਾਣੀ : ਹੁਣ ਦੱਸ ਪਾ ਤੀ ਮੈਨੂੰ ਬਿਪਤਾ, ਅਗਲਾ ਕਹੂ ਖਨੀਂ ਸਹੁਰੇ ਨੂੰ ਮਰਿਆ ਈ ਭਾਲਦੀ ਐ।

ਹਰਮੇਲ : ਕੋਈ ਨਾ ਧੀਏ ਏਹਤੋਂ ਗਲਤੀ ਹੋ ਗੀ, ਅਗਲਾ ਤਾਂ ਆਉਣ ਲੱਗਿਆ ਪਹਿਲਾਂ ਫੋਨ ਕਰੂ ਏ ਉਦੋਂ ਦੱਸ ਦੀ, ਚੰਗਾ ਦੱਸ ਤੇਰਾ ਬਾਪੂ ਜੀ ਹੁਣ ਠੀਕ ਐ?

ਰਾਣੀ : ਆਂਟੀ ਠੀਕ ਨੇ, ਉੱਦਾਂ ਗੁੱਝੀਆਂ ਸੱਟਾਂ ਤਾਂ ਹੈਗੀਆਂ ਨੇ, ਡਾਕਟਰ ਨੂੰ ਦਿਖਾਇਆ ਸੀ ਦਵਾਈ ਲੈ ਕੇ ਰੂਮ 'ਚ ਪੈਗੇ।

ਹਰਬੰਸ : ਮੁੜ ਕੇ ਖਬਰਸਾਰ ਵੀ ਲਈ ਐ ਕਿ ਨਹੀਂ, ਕਿਤੇ ਸੁੱਤਾ ਈ---

ਰਾਣੀ : ਭੂਆ ਸੁੱਖ ਭਾਲ, ਸਾਡੇ ਬਾਪੂ ਜੀ ਦੇ ਸਿਰ ਤੇ ਅਸੀਂ ਉੱਡੇ ਫਿਰਦੇ ਆਂ।

ਹਰਬੰਸ : ਨੀ ਮੈਂ ਤਾਂ ਆਪ ਇਹੀ ਕਹਿੰਨੀ ਆਂ, ਬਈ ਤੇਰਾ ਘਰ ਖੁੱਲ੍ਹੈ ਇਹਦੇ ਕਰਕੇ, ਸੌ ਸਹਾਰਾ ਜਿਊਂਦੇ ਜੀਅ ਦਾ, ਮੈਂ ਤਾਂ ਕੀਰਨੇ ਵੀ ਇਹੀ ਪਾਉਂਦੀ ਸੀ। ਚੰਗਾ ਚਲ ਦੱਸ ਉਹਨੂੰ ਹਲਦੀ ਪਾ ਕੇ ਦੁੱਧ ਦਿੱਤੈ ਕਿ ਨਹੀਂ।

ਹਰਮੇਲ : ਆਹੋ ਨਹੀਂ ਤਾਂ ਭੋਰਾ ਸੌਂਫ ਜਮੈਣ ਦੇ ਦੇਣੀ ਸੀ।

ਹਰਬੰਸ : ਨਹੀਂ ਨੀ ਭੈਣੇ ਉਹਦਾ ਕਿਹੜਾ ਢਿੱਡ ਦੁੱਖਦੈ, ਉਹਦੇ ਤਾਂ ਸੱਟਾਂ ਨੇ, ਗਰਮ ਚੀਜ਼ਾਂ ਦੇ, ਭੋਰਾ ਸੁੰਢ ਬਣਾ ਕੇ, ਨਾਲੇ ਅਦਰਕ ਵਾਲੀ ਚਾਹ। ਆਹ ਸਾਡੀ ਵਾਲੀ ਚਾਹ 'ਚ ਵੀ ਭੋਰਾ ਅਦਰਕ ਪਾ ਲੀ।

ਰਾਣੀ : ਭੂਆ ਤੂੰ ਤਾਂ ਮਾੜੇ ਹਕੀਮ ਵਾਂਗ ਉਦੋਂ ਈ ਉੱਧੜ ਪੈਨੀ ਐਂ, ਤੇਰੇ ਕੋਲ ਤਾਂ ਬੰਦਾ ਬਿਮਾਰ ਹੋਣਾ ਚਾਹੀਦਾ। ਹਰ ਇੱਕ ਬਿਮਾਰੀ ਦਾ ਤੇਰੇ ਕੋਲ 'ਲਾਜ ਐ।

ਹਰਮੇਲ : ਨੀ ਧੀਏ ਡਾਕਟਰ ਇੱਥੇ ਕਰਦੇ ਵੀ ਕੁਸ਼ ਨੀ, ਪਹਿਲਾਂ ਦੋ ਦੋ ਘੰਟੇ ਬੈਠੀਦੈ। ਫਿਰ ਦੋ ਝਰੀਟਾਂ ਜਿਹੀਆਂ ਮਾਰ ਕੇ ਪੇਪਰ ਥੋਡੇ ਹੱਥ ਫੜਾ ਦਿੰਦੇ ਨੇ।

ਹਰਬੰਸ : ਨੀ ਆਹੋ ਅੱਧੀ ਬਿਮਾਰੀ ਤਾਂ ਅਗਲਾ ਊਂਈ ਭੁੱਲ ਜਾਂਦੈ, ਬਈ ਕਾਹਦੇ ਲਈ ਆਇਆ ਸੀ।

ਰਾਣੀ : (ਹੱਸ ਕੇ) ਚੰਗਾ ਈ ਭੂਆ ਬਿਮਾਰੀ ਡਾਕਟਰ ਦਾ ਨਾਂ ਸੁਣ ਕੇ ਈ ਭੱਜ ਜਾਂਦੀਐ।

ਹਰਮੇਲ : ਨਹੀਂ ਰਾਣੀ ਉੱਥੇ ਤਾਂ ਅਗਲਾ ਬੈਠਾ ਈ ਥੱਕ ਜਾਂਦੈ। ਡਾਕਟਰਾਂ ਦੇ ਤਾਂ ਭੀੜ ਈ ਬਹੁਤੀ ਹੋਈ ਪਈਆ।

ਰਾਣੀ : ਆਂਟੀ ਗੌਰਮਿੰਟ ਨਵੇਂ ਡਾਕਟਰ ਰੱਖਦੀ ਨੀ, ਲੋਕ ਵਧੀ ਜਾਂਦੇ ਨੇ ਭੀੜ ਤਾਂ ਹੋਣੀ ਓਂ ਆ। ਸਿਹਤ ਸਹੂਲਤਾਂ ਤੇ ਕੱਟ ਤੇ ਕੱਟ ਲਾਈ ਜਾਂਦੇ ਨੇ।

ਹਰਬੰਸ : ਉਹ ਡਾਕਟਰ ਕਿਉਂ ਨੀ ਰੱਖਦੇ?

ਰਾਣੀ : ਭੂਆ ਜੇ ਤੇਰੇ ਵਰਗੀ ਆਪਦੀਆਂ ਸਾਰੀਆਂ ਸਹੇਲੀਆਂ ਨੂੰ ਲੈ ਕੇ ਸਰਕਾਰ ਮੂਹਰੇ ਪਿੱਟ ਪਟੂਆ ਪਾਵੇ ਤਾਂ ਜਿਵੇਂ ਮੇਰੇ ਪੈਰ ਚੱਕ ਤੇ ਸੀ, ਉਹਦੇ ਕੰਨਾਂ ਤੇ ਵੀ ਜੂੰਅ ਸਰਕੂ, ਉਹ ਵੀ ਕੁੱਝ ਸੋਚੂ।

ਹਰਬੰਸ : ਨਾ ਕੁੜੀਏ ਜੇ ਥੋਤੋਂ ਪੜ੍ਹੀਆਂ ਲਿਖੀਆਂ ਤੋਂ ਕੁਸ਼ ਨਹੀਂ ਹੁੰਦਾ ਤਾਂ ਸਾਨੂੰ ਤਾਂ ਜਿੱਥੇ ਮਰਜ਼ੀ ਲਾ ਲੋ।ਐਂ ਤਾਂ ਨੀ ਭੱਜਦੀਆਂ।

ਹਰਮੇਲ : ਨੀ ਬੰਸੋ ਤੂੰ ਤਾਂ ਸ਼ਾਮ ਨੂੰ ਰੰਗੀਲਾ ਨਾਈਟ ਦੀਆਂ ਟਿਕਟਾਂ ਵੀ ਲਈ ਬੈਠੀ ਐ। ਉਹਦਾ ਕੀ ਕਰਨਾ।

ਹਰਬੰਸ : ਚੱਲ ਭੈਣੇ ਸ਼ੁੱਕਰ ਕਰ, ਆਪਣੀਆਂ ਟਿਕਟਾਂ ਨੀ ਖਰਾਬ ਹੋਈਆਂ, ਚੱਲ ਚੱਲੀਏ ਰੰਗੀਲਾ ਨਾਈਟ ਤੇ।

ਰਾਣੀ : ਆਹੋ ਭੂਆ ਐਥੇ ਰੋ ਧੋ ਲਿਆ ਉੱਥੇ ਜਾ ਕੇ ਨੱਚ ਟੱਪ ਲਿਓ, ਥੋਡੀ ਦਿਹਾੜੀ ਪਾਰ ਹੋਗੀ।

ਹਰਬੰਸ : ਚੱਲ ਚੱਲੀਏ, ਚੱਲ ਚੱਲੀਏ।

ਸਮਾਪਤ

*"ਮਸੋਸਿਆ ਮੂੰਹ" ਸਕਿੱਟ ਰੰਗੀਲਾ ਨਾਈਟ ਦੀ ਸਟੇਜ ਤੇ ਔਰਤਾਂ ਦੇ ਭਰਵੇਂ ਇਕੱਠ ਵਿੱਚ ਮੰਚਿਤ ਕਤਿੀ ਗਈ ਤੇ ਹੇਠ ਲਿਖੇ ਕਲਾਕਾਰਾਂ ਨੇ ਆਪਣਾ ਯੋਗਦਾਨ ਪਾਇਆ।*

ਬਲਵਿੰਦਰ ਗਰੇਵਾਲ – ਰਾਣੀ

ਪਰਮਿੰਦਰ ਸਵੈਚ – ਹਰਬੰਸ ਕੌਰ

ਪਰਮਜੀਤ ਗਿੱਲ – ਗੁਰਮੇਲ ਕੌਰ

# ਚਾਦਰ ਤੋਂ ਬਾਹਰ

**ਪਾਤਰ**

| | | |
|---|---|---|
| ਅਮਰੋ | – | ਅਧਖੜ੍ਹ ਜਨਾਨੀ |
| ਸੁਰਜੀਤ ਕੌਰ | – | ਅਮਰੋ ਦੀ ਸਹੇਲੀ |
| ਪ੍ਰੀਤ | – | ਸੁਰਜੀਤ ਦੀ ਬੇਟੀ |
| ਸਥਾਨ | – | ਕਨੇਡਾ ਵਿੱਚ ਪੰਜਾਬੀ ਪਰਿਵਾਰ ਦਾ ਘਰ |

(ਸੁਰਜੀਤ ਕੌਰ ਸੋਫੇ ਤੇ ਬੈਠੀ ਹੈ ਤੇ ਉਸਦੀ ਸਹੇਲੀ ਅਮਰੋ ਉਸਨੂੰ ਮਿਲਣ ਆਉਂਦੀ ਹੈ।)

ਅਮਰੋ : ਸੁਰਜੀਤ ਕੁਰੇ ਹੋਗੀ ਵਿਹਲੀ।

ਸੁਰਜੀਤ: ਹਾਂ ਭੈਣਜੀ, ਸੁੱਖੀ ਸਾਂਦੀ ਸਾਰਾ ਕਾਰਜ ਨੇਪਰੇ ਚੜ੍ਹ ਗਿਆ।

ਅਮਰੋ : ਚਲੋ ਵਧੀਆ ਹੋ ਗਿਆ, ਰਿਸ਼ਤੇਦਾਰ ਵਧੀਆ ਮਿਲਗੇ। ਥੋਨੂੰ ਤਾਂ ਮਹੀਨਾ ਈ ਲੱਗ ਗਿਆ ਵਿਆਹ ਤੇ।

ਸੁਰਜੀਤ: ਆਹੋ ਸੁੱਖ ਨਾਲ ਸਾਡੇ ਸਾਰੇ ਰਿਸ਼ਤੇਦਾਰ ਇੱਥੇ ਨੇ ਤਾਂ ਹੀ। ਕਦੇ ਕਿਸੇ ਰਿਸ਼ਤੇਦਾਰ ਵੱਲ ਕੋਈ ਪ੍ਰੋਗਰਾਮ ਹੁੰਦਾ ਸੀ ਕਦੇ ਕਿਸੇ ਵੱਲ।

ਅਮਰੋ : ਤੂੰ ਤਾਂ ਬਹੁਤੀ ਥੱਕੀ ਥੱਕੀ ਲੱਗਦੀ ਐਂ। ਕੀ ਗੱਲ ?

ਸੁਰਜੀਤ: ਭੈਣ ਜੀ ਥੱਕਣਾ ਤਾਂ ਹੋਇਆ, ਆਹ ਪਿਛਲੇ ਦੋ ਹਫਤੇ ਤਾਂ, ਦੋ ਦੋ ਤਿੰਨ ਤਿੰਨ ਘੰਟੇ ਈ ਸੌਂਦੇ ਰਹੇ ਆਂ। ਮੈਨੂੰ ਤਾਂ ਕਈ ਦਿਨਾਂ ਦਾ ਬੁਖਾਰ ਚੜ੍ਹ ਰਿਹੈ। ਉਵੇਂ ਈ ਭੱਜੀ ਨੱਠੀ ਫਿਰਦੀ ਰਹੀ ਆਂ।

ਅਮਰੋ : ਸੁਰਜੀਤ ਕੁਰੇ, ਗੁੱਸਾ ਨਾ ਕਰੀਂ। ਆਪਣੇ ਲੋਕਾਂ ਨੇ ਰਿਵਾਜਾਂ ਨੂੰ ਘਟਾਉਣਾ ਤਾਂ ਕੀ ਹੋਇਆ, ਸਗੋਂ ਦਿਨੋ ਦਿਨ ਵਧਾ ਰਹੇ ਨੇ।

ਸੁਰਜੀਤ: ਆਹੋ ਸਾਰੇ ਵਿਆਹ 'ਚ ਮੇਰੀ ਤਾਂ ਸਿਹਤ ਵੀ ਬਹੁਤੀ ਠੀਕ ਨਹੀਂ ਰਹੀ। ਮੈਂ ਤਾਂ ਸੁਮਨ ਤੇ ਪ੍ਰੀਤ ਨੂੰ ਬਥੇਰਾ ਕਿਹਾ। ਪਰ

ਅੱਜ ਕੱਲ ਦੇ ਜੁਆਕ ਵੀ ਭੋਰਾ ਪ੍ਵਾਹ ਨੀਂ ਕਰਦੇ। ਹੁਣ ਤੇਰੇ ਸਾਹਮਣੇ ਖਰਚਾ ਕਿਹੜਾ ਥੋੜ੍ਹਾ ਹੋਇਆ, ਬੱਸ ਕਰਾ ਤੀ।

ਪ੍ਰੀਤ : ਮਾਂ ਸੌਰੀ ਤੁਸੀਂ ਬਿਮਾਰ ਓਂ ਪਰ ਆਂਟੀ ਵਿਆਹ ਤੇ ਜੇ ਫੰਨ ਨਾ ਕੀਤਾ ਤਾਂ ਹੋਰ ਕਦੋਂ ਕਰਨਾ ?

ਅਮਰੋ: ਪੁੱਤ ਫੰਨ ਤਾਂ ਇੱਕ ਦੋ ਦਿਨ ਦਾ ਹੋਇਆ ਤਾਂ ਠੀਕ ਐ, ਚਾਰ ਚਾਰ ਹਫ਼ਤੇ ਫਿਰ ਐਹੋ ਜਿਹੇ ਦੇਸ਼ ਵਿੱਚ।

ਪ੍ਰੀਤ : ਆਂਟੀ ਦੇਸ਼ ਨੂੰ ਕੀ ਆ? ਮੇਰੀ ਭੈਣ ਦਾ ਵਿਆਹ ਕਿਹੜਾ ਰੋਜ਼ ਰੋਜ਼ ਹੋਣਾ ਸੀ।

ਸੁਰਜੀਤ: ਪ੍ਰੀਤ ਥੋਡੀ ਤਾਂ ਮੂੜ੍ਹ ਮੱਤ ਆ। ਭੈਣ ਗੱਲ ਤਾਂ ਠੀਕ ਕਹਿੰਦੀ ਆ, ਵਈ ਬੇਲੋੜੇ ਰਿਵਾਜ ਵੀ ਨੀਂ ਵਧਾਉਣੇ ਚਾਹੀਦੇ।

ਅਮਰੋ : ਲੈ ਧੀਏ, ਮੈਂ ਦੱਸਦੀ ਆਂ ਤੈਨੂੰ ਇਹ ਰਿਵਾਜ ਕਿਵੇਂ ਬਣੇ ਨੇ। ਪਹਿਲਾਂ ਪਹਿਲ ਜੀਹਦੇ ਵਿਆਹ ਹੁੰਦਾ ਸੀ ਤਾਂ ਪਿੰਡ ਦਾ ਸਰੀਕਾ ਕਬੀਲਾ ਤੇ ਰਿਸ਼ਤੇਦਾਰ ਉਹਨਾਂ ਦੀ ਮੱਦਦ ਲਈ ਘਰ ਦੇ ਸਾਰੇ ਕੰਮ ਕਰਾਉਂਦਾ ਹੁੰਦਾ ਸੀ। ਕਣਕ ਧੋਣੀ, ਪੀਹਣੇ ਬਣਾਉਣੇ, ਦਾਲਾਂ ਛੱਟਣੀਆਂ, ਚੁਗਣੀਆਂ, ਮਸਾਲੇ ਕੁੱਟ ਕੇ ਰੱਖਣੇ, ਦਰਜ਼ੀ ਬਿਠਾਉਣਾ ਉਹਨੇ ਸਾਰੇ ਟੱਬਰ ਦੇ ਕੱਪੜੇ ਸਿਊਣੇ। ਕੁੜੀਆਂ ਬੁੜੀਆਂ ਨੇ ਨਾਲੇ ਕੰਮ ਕਰੀ ਜਾਣਾ ਨਾਲੇ ਫਿਰ ਬਹਿ ਕੇ ਗੀਤ ਗਾਉਣੇ, ਸਿੱਠਣੀਆਂ ਦੇਣੀਆਂ। ਬਹੁਤ ਚੰਗਾ ਲੱਗਣਾ।

ਪ੍ਰੀਤ : ਉਦੋਂ ਤਾਂ ਆਂਟੀ ਫੇਰ ਬਹੁਤਾ ਫੰਨ ਕਰਦੇ ਸੀ ਸਾਰੇ ਰਲ਼ ਕੇ।

ਅਮਰੋ : ਉਹ ਫੰਨ ਨੀ ਉਹ ਤਾਂ ਸਾਰੇ ਰਲ਼ ਕੇ ਕੰਮਾਂ 'ਚ ਹੱਥ ਵੰਡਾ ਕੇ ਇੱਕ ਦੂਜੇ ਦੀ ਹੈਲਪ ਕਰਦੇ ਹੁੰਦੇ ਸੀ। ਹੁਣ ਨਿਰਾ ਫੰਨ ਈ ਕਰਦੇ ਨੇ।

ਪ੍ਰੀਤ : ਉਹ ਕਿਵੇਂ?

ਅਮਰੋ : ਅੱਜ ਕੱਲ ਦੀਆਂ ਕੁੜੀਆਂ ਹੱਥੀਂ ਕੀ ਕਰਦੀਆਂ ਨੇ ਸਵਾਇ ਆਪਣੇ ਤਿਆਰ ਹੋਣ ਦੇ। ਖਾਣਾ ਤਾਂ ਹੁਣ ਕੇਟਰਿੰਗ ਵਾਲੇ ਨੂੰ ਹੀ ਔਰਡਰ ਕਰ ਦਿੰਦੀਆਂ ਨੇ।

ਸੁਰਜੀਤ: ਨਹੀਂ ਭੈਣ ਇਹ ਤਾਂ ਹੁਣ ਤਿਆਰ ਵੀ ਪਾਰਲਰ ਦੇ ਹੀ ਹੋ ਕੇ ਆਉਂਦੀਆਂ ਨੇ, ਜਾਂ ਉਹਨੂੰ ਘਰ ਸੱਦ ਲੈਂਦੀਆਂ ਨੇ।

ਅੱਗੇ ਤਾਂ ਇਕੱਲੀ ਵਿਆਹ ਵਾਲੀ ਕੁੜੀ ਨੇ ਤਿਆਰ ਹੋਣਾ ਹੁੰਦਾ ਸੀ ਤੇ ਹੁਣ ਤਾਂ ਸਾਰੇ ਟੱਬਰ ਨੇ ਤਿਆਰ ਹੋਣਾ ਹੁੰਦੈ।

ਅਮਰੋ : ਉਦੋਂ ਜਦੋਂ ਸਾਰੇ 'ਕੱਠੇ ਬਹਿ ਕੇ ਕੰਮ ਕਰਦੇ ਹੁੰਦੇ ਸੀ, ਇੱਕ ਖੁਸ਼ੀ ਮਹਿਸੂਸ ਹੁੰਦੀ ਸੀ। ਵਿਆਹ ਦੀਆਂ ਕਈ ਕਈ ਦਿਨ ਗੱਲਾਂ ਕਰਦੇ ਰਹਿਣਾ। ਹੁਣ ਅਗਲੇ ਨੂੰ ਸੁਣਦੇ ਸਾਰ ਫਿਕਰ ਪੈ ਜਾਂਦੈ ਵਈ ਵਿਆਹ ਆ ਰਿਹੈ।

ਪ੍ਰੀਤ : ਲੈ ਆਂਟੀ ਫਿਕਰ ਕਾਹਦਾ?

ਅਮਰੋ : ਪੁੱਤ ਪਹਿਲਾ ਫਿਕਰ ਤਾਂ ਇਹੀ ਬਈ ਛੁੱਟੀ ਦਾ ਬੰਦੋਬਸਤ ਕਰਨਾ ਪੈਣੈ।

ਸੁਰਜੀਤ : ਜਿਹੜੇ ਫੰਕਸ਼ਨ ਵੀਕ ਡੇਜ਼ ਦੇ ਵਿੱਚ ਹੁੰਦੇ ਨੇ, ਉਹਨਾਂ ਤੇ ਤਾਂ ਛੁੱਟੀ ਲੈਣੀ ਬਹੁਤ ਔਖੀ ਹੋ ਜਾਂਦੀ ਆ ਭੈਣਜੀ ਕੁੜੀਆਂ ਨੂੰ ਹੋਰ ਕਿਸੇ ਗੱਲ ਦੀ ਪ੍ਰਵਾਹ ਨਹੀਂ, ਇਹਨਾਂ ਨੂੰ ਤਾਂ ਨਵੇਂ ਨਵੇਂ ਕੱਪੜੇ ਲੈਣ ਦਾ, ਪਾਉਣ ਦਾ, ਦਿਖਾਉਣ ਦਾ ਹੁੰਦੈ ਹੋਰ ਕਿਸੇ ਗੱਲ ਦਾ ਫਿਕਰ ਨਹੀਂ।

ਪ੍ਰੀਤ : ਹੋਰ ਆਂਟੀ ਐਨੇ ਸੂਟ ਸੰਵਾਈ ਦੇ ਕਾਹਦੇ ਲਈ ਨੇ, ਜੇ ਉਹ ਵਿਆਹਾਂ ਤੇ ਨਾ ਪਾਏ ਫੇਰ ਪਾਉਣੇ ਵੀ ਕਿੱਥੇ ਹੋਏ?

ਅਮਰੋ : ਆਹੋ ਧੀਏ ਹੁਣ ਤਾਂ ਦੁਨੀਆਂ ਵੀ ਦਿਖਾਵੇ ਦੀਓ ਰਹਿ ਗਈ, ਮੋਹ ਪਿਆਰ ਤਾਂ ਲੋਕਾਂ ਵਿਚੋਂ ਖ਼ਤਮ ਈ ਹੋ ਗਿਆ।

ਪ੍ਰੀਤ : ਆਂਟੀ ਮੋਹ ਪਿਆਰ ਵਧਾਉਣ ਲਈ ਈ ਤਾਂ ਫੰਕਸ਼ਨ ਕਰੀ ਦੇ ਨੇ। ਤੁਸੀਂ ਕਹੀ ਜਾਂਦੇ ਓਂ ਇਹ ਫਜ਼ੂਲ ਨੇ।

ਸੁਰਜੀਤ : ਪ੍ਰੀਤ, ਭੈਣ ਜੀ ਇਹ ਨੀ ਕਹਿੰਦੇ ਕਿ ਫੰਕਸ਼ਨ ਨਾ ਕਰੋ, ਇਹ ਤਾਂ ਇਹ ਦੱਸਦੇ ਨੇ ਕਿ ਥੋੜ੍ਹੇ ਫੰਕਸ਼ਨ ਕਰੋ।

ਅਮਰੋ : ਆਹੋ ਸੁਰਜੀਤ ਕੁਰੇ, ਮੈਂ ਤਾਂ ਇਹ ਕਹਿੰਨੀਆਂ, ਊਂ ਤਾਂ ਇੱਥੇ ਕੰਮਾਂ ਕਾਰਾਂ 'ਚ ਅਸੀਂ ਟਾਈਮ ਨਹੀਂ ਕੱਢਦੇ ਇੱਕ ਦੂਜੇ ਨੂੰ ਮਿਲਣ ਦਾ। ਉਹ ਦੋ ਤਿੰਨ ਹਫ਼ਤੇ ਵਿਆਹ ਵਾਲੇ, ਉਹੀ ਦਸ ਬਾਰਾਂ ਫੈਮਿਲੀਆਂ ਹੁੰਦੀਆਂ ਨੇ, ਕਦੇ ਕਿਸੇ ਦੇ ਘਰ ਜਾ ਬੈਠਦੀਆਂ ਨੇ ਕਦੇ ਕਿਸੇ ਦੇ। ਅਖੇ ਅੱਜ ਵੱਡੀ ਭੂਆ ਦੇ ਮਾਂਈਆਂ, ਕੱਲ੍ਹ ਨੂੰ ਛੋਟੀ ਭੂਆ ਦੇ, ਕਦੇ ਵੱਡੇ ਮਾਮੇ ਦੇ, ਕਦੇ ਛੋਟੇ ਮਾਮੇ ਦੇ, ਕਦੇ ਕਿਸੇ ਦੇ, ਕਦੇ ਕਿਸੇ ਦੇ। ਉਹਨਾਂ ਦਿਨਾਂ 'ਚ ਸਾਰਾ ਘਾਪਾ ਪੂਰਾ ਕਰ ਦਿੰਦੇ ਨੇ। ਵਿਆਹ ਤੋਂ ਪਿੱਛੋਂ ਕਦੇ ਕਿਸੇ ਦੇ ਘਰ ਰੋਟੀ, ਕਦੇ ਕਿਸੇ ਦੇ ਘਰ ਤੁਰੇ ਰਹੋ। ਆਹ

ਮਾਂ ਤੇਰੀ ਤਾਂ ਹੀ ਤਾਂ ਬਿਮਾਰ ਹੋਈ ਪਈ ਆ।

ਪ੍ਰੀਤ : ਨਹੀਂ ਆਂਟੀ ਮਾਮ ਤਾਂ ਐਂਵੇ ਸਟਰੈੱਸ ਲੈ ਲੈਦੀਂਆ। ਸਾਰਾ ਕੰਮ ਤਾਂ ਅਸੀਂ ਕਰੀ ਜਾਂਦੇ ਸੀ, ਇਹ ਕਿਉਂ ਕੇਅਰ ਕਰਦੇ ਨੇ, ਇਹ ਵੀ ਬਾਕੀਆਂ ਵਾਂਗ ਆਪਦਾ ਚੁੱਪ ਕਰਕੇ ਫੰਨ ਕਰਨ।

ਅਮਰੋ : ਤੇਰੀ ਮੰਮੀ ਸਟਰੈੱਸ ਨੀਂ ਕਰਦੀ, ਸਗੋਂ ਜਿਹੜਾ ਹਰ ਰੋਜ਼ ਤਲ਼ਿਆ ਫੂਡ ਸਮੋਸੇ, ਪਕੌੜੇ, ਮਿਠਿਆਈਆਂ, ਰੈਸਟੋਰੈਂਟਾਂ ਦੀਆਂ ਦਾਲਾਂ, ਸਬਜ਼ੀਆਂ ਰੋਟੀਆਂ। ਇਹ ਸਾਰਾ ਹੈਵੀ ਖਾਣਾ ਸਭ ਨੂੰ ਹੀ ਖਰਾਬ ਕਰਦਾ।

ਸੁਰਜੀਤ : ਭੈਣਜੀ ਤੂੰ ਸੱਚ ਕਹਿੰਨੀ ਐਂ। ਮੇਰੇ ਨਾਲ ਤਾਂ ਏਵੇਂ ਈ ਹੋਈਆ।

ਪ੍ਰੀਤ : ਮਾਂ ਹੁਣ ਤਾਂ ਸਾਰਾ ਕੁੱਝ ਹੋ ਗਿਆ। ਹੁਣ ਤੁਸੀਂ ਵੀ ਆਂਟੀ ਦੇ ਨਾਲ ਈ ਲੱਗ ਗੇ। ਨਾਲੇ ਆਪਾਂ ਡਾਂਸ ਦਾ ਪ੍ਰੋਗਰਾਮ ਤਾਂ ਹੀ ਰੱਖਿਆ ਹੁੰਦੈ, ਬਈ ਇਹ ਸਾਰਾ ਕੁੱਝ ਹਜ਼ਮ ਆ ਜਾਵੇ।

ਅਮਰੋ : ਧੀਏ ਨੱਚਣਾ-ਟੱਪਣਾ ਤਾਂ ਤੁਹਾਡੇ ਵਰਗੇ ਯੰਗ ਜੁਆਕ ਕਰ ਸਕਦੇ ਨੇ। ਮੇਰੇ ਵਰਗੀ ਦੇ ਜੀਹਦੇ ਗੋਡੇ ਦੁਖਦੇ ਨੇ, ਮੈਂ ਕਿਵੇਂ ਨੱਚ ਲੈਣਾ। ਖਾਣ ਨੂੰ ਆਹ ਜੀਭ ਨੂੰ ਜਿੰਨਾ ਮਰਜ਼ੀ ਰੋਕੀ ਜਾਓ, ਫੇਰ ਵੀ ਖਾਧਾ ਜਾਂਦੈ। ਨਾਲੇ ਇਹੋ ਜਿਹਾ ਖਾਣਾ ਤਾਂ ਲੱਗਦਾ ਵੀ ਲਿਊਆਂ ਵਾਂਗ ਆ।

ਸੁਰਜੀਤ : ਭੈਣ ਜੀ ਨੱਚ ਤਾਂ ਹੁਣ ਮੈਥੋਂ ਨੀ ਹੁੰਦਾ, ਥੋਤੋਂ ਕੀ ਨੱਚ ਹੋਣਾ।

ਅਮਰੋ : ਚੱਲ ਮੇਰੀ ਤਾਂ ਛੱਡ, ਪਰ ਆਪਣੇ ਲੋਕ ਤਾਂ ਸ਼ਰਾਬਾਂ ਪੀ ਕੇ ਰਾਤ ਦੇ ਤਿੰਨ ਤਿੰਨ ਵਜੇ ਤੱਕ ਨੱਚੀ ਜਾਣਗੇ। ਜੇ ਗੁਆਂਢ ਗੋਰਿਆਂ ਦਾ ਹੋਵੇ, ਉਹ ਤਾਂ ਬੁਰਾ ਮਨਾਉਂਦੇ ਈ ਹੋਣਗੇ ਜਿਹਨਾਂ ਦੀ ਨੀਂਦ ਹਰਾਮ ਹੁੰਦੀਆ। ਨਾਲੇ ਸਮਝ ਭੋਰਾ ਨੀ ਲੱਗਦੀ ਹੋਣੀ।

ਪ੍ਰੀਤ : ਬੁਰਾ ਲੱਗਦਾ ਤਾਂ ਲੱਗੀ ਜਾਵੇ, ਅਸੀਂ ਕੀ ਕਰੀਏ? ਅਸੀਂ ਆਪਣੀਆਂ ਰੀਝਾਂ ਵੀ ਮਾਰ ਲਈਏ।

ਸੁਰਜੀਤ : ਨਹੀਂ ਪ੍ਰੀਤ ਆਪਾਂ ਜਿਹੋ ਜਿਹੇ ਸਮਾਜ ਵਿੱਚ ਰਹਿੰਦੇ ਹਾਂ, ਉਥੋਂ ਦੇ ਲੋਕਾਂ ਨਾਲ ਮਿਲ ਵਰਤ ਕੇ ਤੇ ਸਭ ਦਾ ਧਿਆਨ ਰੱਖ ਕੇ ਹੀ ਚੱਲਣਾ ਚਾਹੀਦਾ ਹੈ। ਨਾਲੇ ਨੱਚਣ ਟੱਪਣ ਦਿਨੇ

ਦਿਨੇ ਵੀ ਤਾਂ ਹੋ ਈ ਸਕਦੈ।

ਅਮਰੋ : ਨਾ ਤੂੰ ਹੋਰ ਸੁਣ, ਜਿਹੜੀਆਂ ਕੁੜੀਆਂ ਸਾਰੀ ਦਿਹਾੜੀ ਥੱਕ ਟੁੱਟ ਕੇ ਕੰਮਾਂ ਤੋਂ ਆਉਂਦੀਆਂ ਨੇ, ਉਹਨਾਂ ਵਿਚਾਰੀਆਂ ਨੇ ਨੱਚਣਾ ਵੀ ਕਿੱਥੋਂ ਹੁੰਦੈ। ਲੈ ਮੇਰੇ ਯਾਦ ਆਇਆ, ਜਦੋਂ ਮੇਰੇ ਭਤੀਜੇ ਦਾ ਵਿਆਹ ਸੀ, ਉਹ ਇਟਲੀ ਵਾਲਿਆਂ ਦੀ ਜੀਤਾਂ ਵਿਆਹ ਤੇ ਆਪਣੇ ਜੁਆਕਾਂ ਨੂੰ ਲੈ ਕੇ ਆ ਗਈ। ਘਰ ਵਾਲਾ ਤਾਂ ਉਹਦਾ ਬਿਮਾਰ ਜਿਹਾ ਰਹਿੰਦੈ। ਉਹ 12 ਘੰਟੇ ਦੀ ਸ਼ਿਫਟ ਲਾਉਂਦੀ ਐ। ਆ ਕੇ ਵਿਚਾਰੀ ਨੇ ਜੁਆਕ ਤਿਆਰ ਕੀਤੇ ਹੋਣੇ ਨੇ ਫਿਰ ਆਈ। ਦੋ ਤਿੰਨ ਘੰਟੇ ਤਾਂ ਉਹ ਬੈਠੀ ਰਹੀ। ਉਹਨੂੰ ਥੱਕੀ ਹੋਈ ਨੂੰ ਦੇਖ ਕੇ ਮੈਂ ਉਹਨੂੰ ਕਿਹਾ ਕਿ ਤੂੰ ਪਹਿਲਾਂ ਚਲੀ ਜਾ। ਜਦ ਉਹ ਜਾਣ ਲੱਗੀ ਕੁੜੇ ਉਹਦਾ ਤਾਂ ਮੁੰਡਾ ਈ ਵੀਚਰ ਗਿਆ, ਕਹਿੰਦਾ ਮੈਂ ਤਾਂ ਬਟਰ ਚਿਕਨ ਨਾਲ ਨਾਨ ਖਾ ਕੇ ਈ ਜਾਊਂ। ਸਾਡੇ ਘਰਦਿਆਂ ਨੇ ਸਾਢੇ ਦਸ ਗਿਆਰਾਂ ਵਜਾਤੇ ਡਿਨਰ ਪਾਉਣ ਨੂੰ। ਉਹ ਕਿਤੇ ਜਾ ਕੇ ਬਾਰਾਂ ਵਜੇ ਘਰ ਪਹੁੰਚੀ ਹੋਣੀ ਆ ਤੇ ਉੱਠਦੀ ਵੀ ਚਾਰ ਵਜੇ ਆ। ਹੈ ਵੀ ਸਾਡੇ ਸਕਿਆਂ ਚੋਂ। ਜੇ ਆਈ ਵਿਚਾਰੀ ਤਾਂ ਵੀ ਔਖੀ, ਜੇ ਨਾ ਆਉਂਦੀ ਤਾਂ ਮੇਰੀ ਭਰਜਾਈ ਦਾ ਮੂੰਹ ਵਿੰਗਾ ਹੋਣਾ ਸੀ। ਕਰਦੀ ਤਾਂ ਕੀ ਕਰਦੀ। ਮੈਂ ਤਾਂ ਤਾਂ ਕਹਿੰਨੀਆਂ ਕਿ ਇਹਨਾਂ ਰਿਵਾਜ਼ਾਂ ਨੂੰ ਘਟਾਉਣਾ ਚਾਹੀਦੈ।

ਸੁਰਜੀਤ : ਭੈਣ ਜੀ ਗੱਲ ਤਾਂ ਤੁਹਾਡੀ ਠੀਕ ਐ। ਉਹਨੂੰ ਵਿਚਾਰੀ ਨੂੰ ਕਾਹਦੀ ਖ਼ੁਸ਼ੀ ਮਿਲੀ ਹੋਣੀ ਆ। ਦੂਜੇ ਦਿਨ ਉਹਨੂੰ ਬੌਸ ਝਿੜਕਾਂ ਮਾਰਦਾ ਹੋਣੈ ਜਦੋਂ ਅੱਧੀ ਸੁੱਤੀ ਪਈ ਹੋਣੀਆ ਕੰਮ ਤੇ।

ਪ੍ਰੀਤ : ਆਂਟੀ ਤੁਸੀਂ ਦੱਸੋ ਫਿਰ ਕੀ ਕਰਨਾ ਚਾਹੀਦਾ?

ਅਮਰੋ : ਧੀਏ ਤੁਸੀਂ ਤਾਂ ਐਥੇ ਦੀਆਂ ਜੰਮੀਆਂ ਪਲ਼ੀਆਂ, ਥੋਨੂੰ ਤਾਂ ਕਾਸੇ ਦਾ ਪਤਾ ਨਹੀਂ। ਸਾਡੇ ਪੰਜਾਬੀਆਂ ਦੇ ਰਿਵਾਜ ਤਾਂ ਥੋੜ੍ਹੇ ਈ ਹੁੰਦੇ ਸੀ। ਹੁਣ ਤਾਂ ਐਥੇ ਲੋਕਾਂ ਨੇ ਟੀ. ਵੀ. ਸੀਰੀਅਲ ਦੇਖ ਦੇਖ ਕੇ ਲੋਕਾਂ ਨੇ ਇੰਡੀਆ ਦੇ ਸਾਰੇ ਸੂਬਿਆਂ ਦੇ ਰਿਵਾਜ ਈ ਆਪਣੇ ਬਣਾ ਲਏ ਤੇ ਰਹਿੰਦੇ ਖੂੰਹਦੇ ਆਹ ਚੀਨਿਆਂ ਤੇ ਗੋਰਿਆਂ ਵਾਲੇ ਵੀ ਵਿੱਚ ਲੈ ਆਂਦੇ।

ਸੁਰਜੀਤ : ਆਹੋ ਆਹ ਸ਼ਾਵਰ ਪਾਰਟੀਆਂ ਤੇ ਫਲਾਵਰ ਗਰਲਾਂ ਗੁਰਲਾਂ ਆਪਣੇ ਵਿਆਹਾਂ 'ਚ ਕਿੱਥੇ ਸੀ।

ਪ੍ਰੀਤ : ਆਂਟੀ ਮੈਨੂੰ ਤਾਂ ਸੱਚੀ ਪੁੱਛੋ, ਇਹ ਸਾਰਾ ਕੁੱਝ ਮੈਨੂੰ ਤਾਂ ਚੰਗਾ ਈ ਲੱਗਦੈ।

ਅਮਰੋ : ਧੀਏ ਤੇਰੇ ਵਰਗੀਆਂ ਰੀਸੋ ਰੀਸ ਮਣਾਂ ਮੂੰਹੀਂ ਕਰਜ਼ੇ ਚੁੱਕ ਕੇ ਆਪਣੇ ਘਰ ਉਜਾੜ ਲੈਂਦੀਆਂ ਨੇ। ਕੰਮ ਉਹ ਕਰੋ ਜੋ ਸਾਫ਼ ਸੁਥਰਾ ਹੋਵੇ, ਜਿਹੜਾ ਥੋਡੇ ਮਨ ਨੂੰ ਭਾਵੇ। ਤੇਰੇ ਅਜੇ ਸਿਰ ਨਹੀਂ ਪਈ। ਨਾਲੇ ਧੀਏ ਦਿਖਾਵੇ ਦੀਆਂ ਗੱਲਾਂ ਵਿੱਚ ਕੁੱਝ ਨਹੀਂ ਪਿਆ।

ਸੁਰਜੀਤ : ਆਹੋ ਦਿਖਾਵਾ ਤਾਂ ਥੋੜ੍ਹ ਚਿਰਾ ਈ ਹੁੰਦੈ।

ਅਮਰੋ : ਸੁਰਜੀਤ ਕੁਰੇ ਤੂੰ ਉਹ ਸੁਣਿਆ ਨੀ ਉਹ ਲੁਧਿਆਣੇ ਵਾਲੇ ਜਸਵਿੰਦਰ ਸਿਉਂ ਨੇ ਆਪਣੀ ਕੁੜੀ ਦੇ ਵਿਆਹ ਤੇ ਕੀ ਕੀ ਨਹੀਂ ਸੀ ਕੀਤਾ? ਕੁੜੀ ਵਿਚਾਰੀ ਦੋ ਮਹੀਨੇ ਬਾਅਦ ਘਰ ਆਗੀ। ਨਾਲੇ ਐਨਾ ਪੈਸਾ ਬਰਬਾਦ ਹੋਇਆ। ਗੱਲ ਫਿਰ ਉੱਥੇ ਦੀ ਉੱਥੇ। ਮੈਂ ਤਾਂ ਕਹਿੰਨੀਆਂ ਪਹਿਲਾਂ ਈ ਚਾਦਰ ਦੇਖ ਕੇ ਪੈਰ ਪਸਾਰੋ।

ਪ੍ਰੀਤ : ਫਿਰ ਦੱਸੋ ਕਿਵੇਂ ਤੇ ਕੀ ਕਰੀਏ।

ਅਮਰੋ : ਦੱਸ ਤਾਂ ਦਿੱਤਾ ਹੋਰ ਕੀ ਦੱਸਣਾ। ਕਰਦੇ ਤਾਂ ਸਭ ਆਪਣੀ ਮਰਜ਼ੀ ਨੇ। ਜਦੋਂ ਸਿਰ ਪੈਂਦੀ ਆ, ਫਿਰ ਈ ਸਮਝ ਆਉਂਦੀ ਐ। ਨਾਲੇ ਹਰੇਕ ਪੱਥਰ ਚੱਟ ਕੇ ਈ ਘਰ ਮੁੜਦੈ। ਮੈਨੂੰ ਤਾਂ ਕਹਿੰਦੀ ਹੋਏਂਗੀ ਕਿ ਮਾਂ ਕਿੱਥੇ ਬਿਠਾ ਲੈਂਦੀ ਐ ਆਂਟੀ ਨੂੰ, ਘੰਟਾ ਖਰਾਬ ਕਰਕੇ ਚਲੀ ਗਈ। ਚੰਗਾ ਮੈਂ ਤਾਂ ਹੁਣ ਚਲਦੀ ਆਂ।

ਸੁਰਜੀਤ : ਨਹੀਂ ਨਹੀਂ ਭੈਣਜੀ ਤੁਸੀਂ ਬੈਠੋ, ਮੈਨੂੰ ਤਾਂ ਤੁਹਾਡੀਆਂ ਗੱਲਾਂ ਬਹੁਤ ਹੀ ਚੰਗੀਆਂ ਲੱਗਦੀਆਂ ਨੇ।

ਪ੍ਰੀਤ : ਆਂਟੀ ਗੱਲਾਂ ਤਾਂ ਮੈਨੂੰ ਵੀ ਅੱਜ ਸੁਣ ਕੇ ਸਭ ਕੁਝ ਠੀਕ ਲੱਗਿਆ, ਪਰ ਹੁਣ ਤਾਂ ਅਸੀਂ ਸਾਰਾ ਕੁੱਝ ਕਰ ਹਟੇ।

ਅਮਰੋ : ਧੀਏ ਕਿਸੇ ਗੱਲ ਦੀ ਸਮਝ ਦੇਰ ਆਏ ਦਰੁਸਤ ਆਏ। ਪਰ ਆਏ ਜਰੂਰ, ਕੋਈ ਗੱਲ ਨਹੀਂ ਸੁਮਨ ਦੇ ਵਿਆਹ ਨੂੰ ਨਾ ਸਹੀ ਹੁਣ ਆਪਣੇ ਵਿਆਹ ਵੇਲੇ ਸਾਰੀਆਂ ਗੱਲਾਂ ਧਿਆਨ 'ਚ ਰੱਖੀਂ।

ਸੁਰਜੀਤ : ਹਾਂ ਭੈਣਜੀ ਪ੍ਰੀਤ ਦੇ ਵਿਆਹ ਦੀ ਜ਼ੁੰਮੇਵਾਰੀ ਥੋਨੂੰ ਈ ਦੇ ਦੇਣੀ ਆ।

ਪ੍ਰੀਤ : ਹਾਂ ਆਂਟੀ ਜੀ ਪੱਕਾ।

ਅਮਰੋ : ਚੰਗਾ ਪੁੱਤ ਰਾਜ਼ੀ ਖੁਸ਼ੀ ਰਹੋ ਹੁਣ ਮੈਂ ਚਲਦੀ ਆਂ।

ਪ੍ਰੀਤ ਤੇ ਸੁਰਜੀਤ : ਚੰਗਾ ਜੀ ਸਤਿ ਸ੍ਰੀ ਅਕਾਲ।

ਇਹ ਸਕਿੱਟ "ਚਾਦਰ ਤੋਂ ਬਾਹਰ" ਪ੍ਰੋਗਰੈਸਿਵ ਨਾਰੀ ਐਸੋਸ਼ੀਏਸ਼ਨ ਦੀ ਸਟੇਜ ਤੋਂ ਜੂਨ 2014 ਵਿੱਚ ਤਕਰੀਬਨ 1200 ਔਰਤਾਂ ਦੇ ਇਕੱਠ ਵਿੱਚ ਖੇਡਿਆ ਗਿਆ। ਇਸ ਨੂੰ ਮੰਚਨ ਕਰਨ ਲਈ ਹੇਠ ਲਿਖੇ ਕਲਾਕਾਰਾਂ ਨੇ ਸਹਿਯੋਗ ਦਿੱਤਾ।

ਅਮਰੋ – ਸੰਤੋਖ ਭੁੱਲਰ

ਸੁਰਜੀਤ – ਪਰਮਿੰਦਰ ਸਵੈਚ

ਪ੍ਰੀਤ – ਕੋਮਲਵੀਰ ਰੰਧਾਵਾ

# ਇਨਸਾ.ਫ

**ਪਾਤਰ**

| | | |
|---|---|---|
| ਗੁਰਸੇਵਕ ਸਿੰਘ | – | 40–42 ਕੁ ਸਾਲ ਦਾ ਅਪਾਹਜ਼ ਵਿਅਕਤੀ |
| ਕਾਂਗਰਸੀ ਲੀਡਰ | – | 50 ਸਾਲ ਦਾ ਚਿੱਟੇ ਕੱਪੜੇ ਕਾਂਗਰਸੀ ਵਰਦੀਧਾਰੀ |
| ਖਾਲਿਸਤਾਨੀ ਲੀਡਰ | – | 50 ਕੁ ਸਾਲਾ ਨੀਲੀ ਪਗੜੀਧਾਰੀ ਸਿੰਘ ਕਿਸਾਨ ਮਜ਼ਦੂਰ |
| ਮੁਲਾਜ਼ਮ | | ਔਰਤ, ਬੱਚੇ |
| | | (ਲੋੜ ਅਨੁਸਾਰ ਵੱਧ ਘੱਟ ਮੈਂਬਰ ਪਾਏ ਜਾ ਸਕਦੇ ਹਨ) |
| ਸਥਾਨ | – | ਪੰਜਾਬ ਦੀ ਧਰਤੀ |

(ਵੀਲ੍ਹਚੇਅਰ ਤੇ ਇੱਕ ਅਪਾਹਜ਼ ਵਿਅਕਤੀ ਘੁੰਮ ਰਿਹਾ ਹੈ ਜੋ ਬਹੁਤ ਹੀ ਘਬਰਾਇਆ ਹੋਇਆ ਨਿਰਾਸ਼ ਦਿਖਾਈ ਦੇ ਰਿਹਾ ਹੈ।)

ਗੁਰਸੇਵਕ : ਇੱਥੇ ਕੋਈ ਹੈ? ਜਿਹੜਾ ਮੇਰੀ ਕਹਾਣੀ ਸੁਣ ਸਕਦੈ। ਕੀ ਤੁਸੀਂ ਸੁਣੋਗੇ ਮੇਰੀ ਕਹਾਣੀ? ਕੋਈ ਦੇ ਸਕਦੈ ਮੈਨੂੰ ਇਨਸਾਫ਼? ਹਾਏ ਓਏ ਮੇਰਿਆ ਰੱਬਾ, ਕੀ ਤੂੰ ਮੈਨੂੰ ਇਨਸਾਫ਼ ਦੇਵੇਗਾਂ। ਤੈਨੂੰ ਤਾਂ ਮੇਰੀ ਕਹਾਣੀ ਦਾ 30 ਸਾਲਾਂ ਤੋਂ ਪਤੈ। ਤੈਨੂੰ ਕਿਹੋ ਜਿਹੀਆਂ ਐਨਕਾਂ ਦੀ ਲੋੜ ਐ? ਜੀਹਦੇ ਨਾਲ ਤੈਨੂੰ ਮੇਰੀ ਇਹ ਹਾਲਤ ਦਿਸਣ ਲੱਗੇ। 30 ਸਾਲਾਂ ਤੋਂ ਮੇਰੀ ਜ਼ਿੰਦਗੀ ਕਿਵੇਂ ਭੰਗ ਦੇ ਭਾਣੇ ਰੁਲ਼ ਰਹੀ ਐ। ਮੈਂ ਕਿਸੇ ਸਿਆਣੇ ਤੋਂ ਸੁਣਿਆ ਸੀ ਕਿ ਜੇ ਬੱਚਾ ਰੋਂਦਾ ਨਹੀਂ, ਉਹਦੀ ਮਾਂ ਵੀ ਉਹਨੂੰ ਦੁੱਧ ਨਹੀਂ ਦਿੰਦੀ, ਮੈਂ ਰੋ ਰੋ ਕੇ ਬੇਹਾਲ ਹੋ ਗਿਆ ਹਾਂ। ਮੈਨੂੰ ਵੀ ਲੱਗਦੈ ਤੂੰ ਵੀ ਅੱਜ ਕੱਲ ਮਲਕ ਭਾਗੋਆਂ ਦੇ ਖ਼ੂਨ ਵਾਲੇ ਮਾਲ੍ਹ ਪੂੜੇ ਖਾਣ ਵਿੱਚ ਰੁਝਿਆ ਹੋਣੈਂ। ਤੂੰ ਕਿਉਂ ਸੁਣਨੀ ਆਂ ਮੇਰੀ ਗੱਲ। ਤੇਰੇ ਕੰਨਾਂ ਵਿੱਚ ਤਾਂ ਉਹਨਾਂ ਨੇ ਸਿੱਕਾ ਢਾਲ ਦਿਤਾ ਹੋਣੈਂ। ਕੋਈ ਕੋਰਟ ਕਚਹਿਰੀ, ਮੰਦਰ, ਗੁਰਦਵਾਰਾ, ਦਰਗਾਹ ਹੈ ਜਿਥੋਂ ਮੈਨੂੰ ਇਨਸਾਫ਼ ਮਿਲ ਸਕਦੈ। ਕੀ ਕੋਈ ਸੁਣ ਰਿਹੈ ਮੇਰੀ ਗੱਲ? ਮੈਂ ਚੀਕ–ਚੀਕ ਕੇ ਸਭ ਨੂੰ

ਦੱਸਣਾ ਚਾਹੁੰਨੈ, ਮੈਨੂੰ ਇਨਸਾਫ਼ ਚਾਹੀਦੈ। ਕੋਈ ਦੇ ਸਕਦਾ ਮੈਨੂੰ ਇਨਸਾਫ਼? ਮੈਂ ਕੌਣ ਆਂ? ਮੈਂ ਕਿੱਥੋਂ ਆਇਆਂ? (ਥੋੜ੍ਹਾ ਰੁਕ ਕੇ) ਮੈਂ ਗੁਰਸੇਵਕ ਸਿੰਘ ਬਲਦ ਬਹਾਦਰ ਸਿੰਘ ਬਲਦ ਅਰਜਨ ਸਿੰਘ ਭਾਰਤ ਦੇਸ਼ ਦਾ ਵਾਸੀ---

ਕਾਂਗਰਸ ਲੀਡਰ : ਕਿਉਂ ਐਥੇ ਕੁੱਤੀ ਚੀਕਾਂ ਪਾਇਐ। ਕੀ ਹੋਇਐ? ਕੀ ਚਾਹੁੰਨੈ?

ਗੁਰਸੇਵਕ : ਤੂੰ ਕੌਣ ਐਂ?

ਕਾਂਗਰਸ ਲੀਡਰ: ਤੂੰ ਮੈਨੂੰ ਨੀ ਜਾਣਦਾ, ਮੈਂ ਇਸ ਦੇਸ਼ ਦਾ ਲੀਡਰ ਆਂ। ਤੂੰ ਦੱਸ ਮੈਂ ਤੇਰੇ ਲਈ ਕੀ ਕਰ ਸਕਦਾ ਹਾਂ।

ਗੁਰਸੇਵਕ : ਅੱਛਾ! ਤੁਸੀਂ ਕਾਂਗਰਸ ਪਾਰਟੀ ਦੇ ਨੇਤਾ ਹੋ। ਤਾਂ ਤੁਸੀਂ, ਮੇਰਾ ਕੰਮ ਨੀ ਕਰ ਸਕਦੇ।

ਕਾਂਗਰਸੀ ਲੀਡਰ : ਕਿਉਂ? ਕਿਉਂ ਨਹੀਂ, ਮੇਰੇ ਕੋਲ ਤਾਕਤ ਹੈ। ਤੁਸੀਂ ਦੱਸੋ ਤੁਹਾਡੀ ਸਮੱਸਿਆ ਕੀ ਹੈ?

ਗੁਰਸੇਵਕ : ਚੰਗਾ ਸੁਣ--ਮੇਰੇ ਸਾਰੇ ਪਰਿਵਾਰ ਦਾ 30 ਸਾਲ ਪਹਿਲਾਂ ਕਤਲ ਹੋ ਗਿਆ।

ਕਾਂਗਰਸੀ ਲੀਡਰ : (ਹੈਰਾਨੀ ਨਾਲ) ਕਤਲ ਹੋ ਗਿਆ! ਸਾਰੇ ਪਰਿਵਾਰ ਦਾ।

ਗੁਰਸੇਵਕ : ਮੇਰਾ ਪਿਤਾ ਇੱਕ ਟੈਕਸੀ ਡਰਾਈਵਰ ਸੀ। ਮਾਂ ਘਰ ਦੀ ਸੁਘੜ ਸਿਆਣੀ ਔਰਤ। ਮੇਰਾ ਭਰਾ ਫੌਜੀ ਸੀ ਜਿਹੜਾ ਦੇਸ਼ ਕੌਮ ਦੀ ਸੇਵਾ ਕਰਨੀ ਚਾਹੁੰਦਾ ਸੀ ਤੇ ਭੈਣ ਉਹਦਾ ਤਾਂ ਵਿਆਹ ਵੀ ਧਰਿਆ ਹੋਇਆ ਸੀ। ਅਸੀਂ ਸਾਰੇ ਕਿੰਨੇ ਖੁਸ਼ ਸਾਂ। ਫਿਰ ਇੱਕ ਦਿਨ ਅਜਿਹੀ ਹਨੇਰੀ ਝੁੱਲੀ, ਉਹ ਇੱਕ ਇੱਕ ਕਰਕੇ ਮੇਰੀਆਂ ਅੱਖਾਂ ਸਾਹਮਣੇ ਮਾਰ ਦਿੱਤੇ ਗਏ।

ਕਾਂਗਰਸੀ ਲੀਡਰ : ਉਹਨਾਂ ਨੂੰ ਮਾਰ ਕਿਉਂ ਦਿੱਤਾ ਗਿਆ?

ਗੁਰਸੇਵਕ : ਉਹਨਾਂ ਦੀ ਆਪਣੀ ਪਹਿਚਾਣ ਕਰਕੇ।

ਕਾਂਗਰਸੀ : ਮੈਂ ਸਮਝਿਆ ਨੀ ਕੁਛ?

ਗੁਰਸੇਵਕ : ਮੇਰਾ ਪਿਤਾ ਜੀ ਤੇ ਮੇਰਾ ਭਰਾ ਪੱਗਾਂ ਬੰਨਦੇ ਸਨ, ਇਸ ਕਰਕੇ ਉਹਨਾਂ ਨੂੰ ਪਛਾਨਣਾ ਸੌਖਾ ਸੀ।

ਕਾਂਗਰਸੀ : ਉਹਨਾਂ ਦੀਆਂ ਪੱਗਾਂ ਪਹਿਨਣ ਕਰਕੇ ਉਹਨਾਂ ਨੂੰ ਕਿਉਂ ਕੋਈ ਮਾਰੇਗਾ।

ਗੁਰਸੇਵਕ : ਸ਼੍ਰੀ ਮਾਨ ਜੀ ਇਹੀ ਹੋਇਆ ਉਹਨਾਂ ਨਾਲ। ਦਰਿੰਦੇ ਸ਼ਿਕਾਰੀ ਤਾਂ ਪੱਗਾਂ ਵਾਲਿਆਂ ਨੂੰ ਲੱਭ ਲੱਭ ਕੇ ਮਾਰ ਰਹੇ ਸੀ।

ਕਾਂਗਰਸੀ ਲੀਡਰ : ਕਿਉਂ ਮਾਰ ਰਹੇ ਸੀ, ਪੱਗ ਪਹਿਨਣਾ ਕੋਈ ਜੁਰਮ ਨਹੀਂ, ਮੇਰੇ ਵੀ ਤਾਂ ਪੱਗ ਬੰਨ੍ਹੀ ਹੋਈਆ।

ਗੁਰਸੇਵਕ : ਇਹ ਤਾਂ ਹੋਇਆ ਬਈ ਦੋ ਪਗੜੀਧਾਰੀ ਆਦਮੀਆਂ ਨੇ ਇੱਕ ਲੀਡਰ ਦਾ ਕਤਲ ਕਰ ਦਿੱਤਾ ਸੀ। ਉਹਦੇ ਖ਼ੈਰ ਖ਼ੁਆਹ ਚੀਕ ਰਹੇ ਸੀ ਕਿ ਤੁਸੀਂ ਸਾਡੀ ਮਾਂ ਨੂੰ ਮਾਰਿਐ। ਉਹਨਾਂ ਨੇ ਮੇਰੇ ਪਿਤਾ ਨੂੰ ਅੰਦਰੋਂ ਧੂਹ ਲਿਆਂਦਾ। ਮੇਰੇ ਪਿਤਾ ਨੇ ਬਥੇਰੇ ਵਾਸਤੇ ਪਾਏ ਤੇ ਨਾਲੇ ਦੱਸਿਆ ਕਿ ਸਾਡੇ ਗੁਰੂ ਨੇ ਤਾਂ ਹਿੰਦੂਆਂ ਦੀ ਰਾਖੀ ਲਈ ਚਾਂਦਨੀ ਚੌਂਕ 'ਚ ਜਾ ਕੇ ਸਿਰ ਦੇ ਦਿੱਤਾ ਸੀ ਤੇ ਮੇਰੇ ਪਿਤਾ ਨੇ ਭਾਰਤ ਦੇਸ਼ ਨੂੰ ਅਜ਼ਾਦ ਕਰਾਉਣ ਲਈ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟੀਆਂ। 1947 ਵਿੱਚ ਘਰੋਂ ਬੇਘਰ ਹੋ ਕੇ ਥੋਡੇ ਨਾਲ ਸਾਂਝਾ ਪਾਈਆਂ ਨੇ। ਪਰ ਕਿਸੇ ਨੇ ਮੇਰੇ ਪਿਤਾ ਦੀ ਇੱਕ ਨਾ ਸੁਣੀ ਤੇ ਜ਼ਿੰਦਾ ਜਲਾ ਦਿੱਤਾ। ਮੇਰੇ ਭਰਾ ਨੇ ਉਹਨਾਂ ਨੂੰ ਆਪਣਾ ਫੌਜ ਦਾ ਸ਼ਨਾਖਤੀ ਕਾਰਡ ਵੀ ਦਿਖਾਇਆ, ਪਰ ਕੀਹਦੇ ਕੋਲ ਇਹ ਦੇਖਣ ਦਾ ਸਮਾਂ ਸੀ, ਉਹਨਾਂ ਨੂੰ ਤਾਂ ਕੁੱਟਣ ਮਾਰਨ ਦਾ ਝੱਲ ਸੀ ਤੇ ਕੁੱਟ ਕੁੱਟ ਕੇ ਹੀ ਮਾਰ ਦਿੱਤਾ। ਮੇਰੀ ਭੈਣ ਨੂੰ ਕਮਰੇ 'ਚ ਬੰਦ ਕਰਕੇ ਕੁਕਰਮ ਕੀਤਾ ਤੇ ਫਿਰ ਮਾਂ ਤੇ ਭੈਣ ਨੂੰ ਨੰਗਿਆਂ ਕਰਕੇ ਅੱਗ ਲਾ ਦਿੱਤੀ। ਇੱਥੋਂ ਤੱਕ ਕੇ ਪੁਲੀਸ ਵੀ ਸਾਨੂੰ ਬਚਾਉਣ ਨਾ ਆਈ।

ਕਾਂਗਰਸੀ : ਓ ਅੱਛਿਆ! ਮੈਂ ਹੁਣ ਸਮਝਿਆ, ਤੂੰ ਉਹ ਦੋ ਬੇਈਮਾਨ, ਵਿਸ਼ਵਾਸਘਾਤੀ ਬੌਡੀਗਾਰਡਾਂ ਦੀ ਗੱਲ ਕਰ ਰਿਹੈ ਜਿਹਨਾਂ ਨੇ ਸਾਡੀ ਪ੍ਰਧਾਨ ਮੰਤਰੀ ਨੂੰ ਮਾਰਿਆ ਸੀ। ਇਹ ਤਾਂ ਹੋਣਾ ਈ ਸੀ। ਜੀਹਦੀ ਹਿਫ਼ਾਜ਼ਤ ਲਈ ਉਹਨਾਂ ਨੂੰ ਰੱਖਿਆ ਗਿਆ ਸੀ ਉਹਦਾ ਹੀ ਉਹਨਾਂ ਨੇ ਕਤਲ ਕਰ ਦਿੱਤਾ।

ਗੁਰਸੇਵਕ : ਤਾਂ ਹੀ ਤਾਂ ਮੈਂ ਤੈਨੂੰ ਕਹਿੰਦਾ ਸੀ ਕਿ ਤੂੰ ਮੈਨੂੰ ਇਨਸਾਫ਼ ਨਹੀਂ ਦੇ ਸਕਦਾ।

ਕਾਂਗਰਸੀ : ਤੂੰ ਹੁਣ ਵੀ ਪੱਖਪਾਤੀ ਬਣ ਰਿਹੈਂ, ਤੂੰ ਸਿਰਫ਼ ਆਪਣੇ ਬਾਰੇ ਤੇ ਇੱਕ ਪਾਸੇ ਬਾਰੇ ਹੀ ਸੋਚ ਰਿਹੈਂ। ਉਦੋਂ ਤੁਹਾਡੇ ਲੀਡਰ ਵੀ ਪੱਖਪਾਤੀ ਹੀ ਸੋਚ ਰਹੇ ਸੀ।

ਗੁਰਸੇਵਕ : ਮਾਫ ਕਰਨਾ, ਸਾਡੇ ਕਿਹੜੇ ਲੀਡਰ?

ਕਾਂਗਰਸੀ : ਉਹ ਥੋਡੇ ਲੀਡਰ ਜਿਹੜੇ ਭਾਰਤ ਦੀ ਪ੍ਰਧਾਨ ਮੰਤਰੀ ਦੀ ਮੌਤ ਤੇ ਖੁਸ਼ੀਆਂ ਮਨਾ ਰਹੇ ਸੀ, ਮਿਠਿਆਈਆਂ ਵੰਡ ਰਹੇ ਸੀ। ਉਹਦੇ ਤੇ ਈ ਸਾਡੀ ਪਾਰਟੀ ਦੇ ਸਪੋਟਰਾਂ ਨੂੰ ਗੁੱਸਾ ਆਇਆ।

ਗੁਰਸੇਵਕ : ਇਹਦੇ ਵਿੱਚ ਮੇਰਾ ਕੀ ਕਸੂਰ ਸੀ? ਮੇਰੇ ਪਰਿਵਾਰ ਦਾ ਕੀ ਕਸੂਰ ਸੀ? ਇਹਦੀ ਕੀਮਤ ਸਾਨੂੰ ਕਿਉਂ ਚੁਕਾਉਣੀ ਪਈ?

ਕਾਂਗਰਸੀ : ਮੈਨੂੰ ਅਫਸੋਸ ਐ ਕਿ ਇਹ ਤਾਂ ਕਣਕ ਦੇ ਨਾਲ ਘੁਣ ਪੀਸਣ ਵਾਲੀ ਗੱਲ ਹੋ ਗਈ। ਪਰ ਫਿਰ ਵੀ ਮੈਨੂੰ ਤੇਰੇ ਨਾਲ ਹਮਦਰਦੀ ਐ।

ਗੁਰਸੇਵਕ : ਨਹੀਂ, ਮੈਨੂੰ ਕਿਸੇ ਤਰਸ ਜਾਂ ਹਮਦਰਦੀ ਦੀ ਲੋੜ ਨਹੀਂ ਨਾ ਹੀ ਕਿਸੇ ਭੀਖ ਦੀ ਲੋੜ ਆ, ਮੈਨੂੰ ਤਾਂ ਇਨਸਾਫ਼ ਚਾਹੀਦੈ, ਇਨਸਾਫ਼।

ਕਾਂਗਰਸੀ : ਚੰਗਾ ਠੀਕ ਆ, ਇਹ ਤਾਂ ਹੁਣ ਹੋਏ ਬੀਤੇ ਦੀ ਗੱਲ ਹੋ ਗਈ ਆ। ਪ੍ਰਧਾਨ ਮੰਤਰੀ ਮਰ ਗਈ ਉਹਦੇ ਕਾਤਲਾਂ ਨੂੰ ਫਾਂਸੀ ਲਾ ਦਿੱਤਾ ਗਿਆ। ਜਿਹੜਾ 30 ਸਾਲ ਪਹਿਲਾਂ ਵਾਪਰਿਆ ਸੀ, ਲੋਕ ਵੀ ਉਹਨੂੰ ਭੁੱਲ ਭੁਲਾ ਗਏ ਨੇ।

ਗੁਰਸੇਵਕ : ਸੌਰੀ ਸ਼੍ਰੀ ਮਾਨ ਜੀ, ਮੈਂ ਇਹ ਨੀ ਭੁੱਲ ਸਕਦਾ। ਮੈਂ ਇਹਦੇ ਵਿੱਚ ਬਹੁਤ ਕੁੱਝ ਗੁਆਇਐ। ਕੀ ਮੈਂ ਵੀ ਇਹ ਭੁੱਲ ਸਕਦੈਂ?

ਕਾਂਗਰਸੀ : ਕਿਉਂ ਸੁੱਕੇ ਜਖ਼ਮਾਂ ਨੂੰ ਉਚੇੜ ਦੈਂ। ਇਹ ਤਾਂ ਹੁਣ ਇਤਿਹਾਸ ਬਣ ਗਿਆ। ਚੰਗਾ ਰਹੇਂਗਾ ਜੇ ਭੁੱਲ ਜੇਂਗਾ।

ਗੁਰਸੇਵਕ : ਤੁਸੀਂ ਇਹਨਾਂ ਮਰ ਚੁੱਕੇ ਲੀਡਰਾਂ ਨੂੰ ਕਿਉਂ ਯਾਦ ਕਰਦੇ ਉਂ। ਹਰੇਕ ਸਾਲ ਸ਼ਰਧਾਂਜ਼ਲੀਆਂ ਦੇਣ ਵੇਲੇ ਲੋਕਾਂ ਦਾ ਐਨਾ ਐਨਾ ਪੈਸਾ ਬਰਬਾਦ ਕਰਦੇ ਉਂ। ਉਹ ਹੋਏ ਬੀਤੇ ਦੀ ਗੱਲ ਨੀ, ਉਹ ਇਤਿਹਾਸ ਨੀ।

ਕਾਂਗਰਸੀ : ਉਹਨਾਂ ਨੂੰ ਤਾਂ ਯਾਦ ਕਰਨਾ ਈ ਚਾਹੀਦੈ, ਉਹ ਤਾਂ ਦੇਸ਼ ਦੀ ਵੱਡੀ ਹਸਤੀ ਸੀ, ਦੇਸ਼ ਦੀ ਪ੍ਰਧਾਨ ਮੰਤਰੀ ਸੀ। ਆਮ ਬੰਦਿਆਂ ਕੀੜਿਆਂ ਮਕੌੜਿਆਂ ਵਾਂਗ ਤਾਂ ਨੀ।

ਗੁਰਸੇਵਕ : ਚੰਗਾ ਮੰਨ ਲੈਨੈਂ ਆਂ ਕਿ ਉਹ ਵੱਡੀ ਹਸਤੀ ਸੀ, ਪ੍ਰਧਾਨ ਮੰਤਰੀ ਸੀ, ਉਹਦੇ ਕਾਤਲਾਂ ਨੂੰ ਕੁੱਝ ਦਿਨਾਂ ਬਾਅਦ ਫਾਂਸੀ ਲਾ ਦਿੱਤਾ। ਪਰ ਮੇਰੇ ਪਰਿਵਾਰ ਦੇ ਕਾਤਲ ਅੱਜ 30 ਸਾਲਾਂ ਬਾਅਦ ਵੀ ਸੜਕਾਂ ਤੇ ਦਨਦਨਾਂਦੇ ਫਿਰ ਰਹੇ ਨੇ। ਕੀ ਇਹ ਠੀਕ ਐ?

ਕਾਂਗਰਸੀ : ਚੰਗਾ ਹੁਣ ਗੁੱਸਾ ਥੁੱਕ ਦੇ। ਤੁਹਾਡੇ ਜ਼ਖ਼ਮਾਂ ਤੇ ਮਲ੍ਹਮ ਲਾਉਣ ਲਈ ਹੀ ਤਾਂ ਸਰਕਾਰ ਨੇ ਸਿੱਖ ਪਗੜੀਧਾਰੀ ਪ੍ਰਧਾਨ ਮੰਤਰੀ ਬਣਾਇਆ ਸੀ।

ਗੁਰਸੇਵਕ : ਅੱਛਾ ਉਹ ਪਗੜੀਧਾਰੀ ਸਿੱਖ! ਜੀਹਦੇ ਮੋਢੇ ਤੇ ਬੰਦੂਕ ਰੱਖ ਕੇ ਹੀ ਘੱਟ ਗਿਣਤੀਆਂ ਤੇ ਗਰੀਬ ਲੋਕਾਂ ਦਾ ਜਿਊਣਾ ਹਰਾਮ ਕੀਤਾ ਗਿਆ ਤੇ ਅੰਨ੍ਹੇਵਾਹ ਤਸ਼ੱਸ਼ਦ ਕੀਤਾ ਗਿਆ। ਕੀ ਫਰਕ ਸੀ ਉਹਦਾ?

ਕਾਂਗਰਸੀ : ਤੂੰ ਸਾਡੀ ਪਾਰਟੀ ਨੂੰ ਦੋਸ਼ੀ ਨਾ ਠਹਿਰਾ। ਅਸੀਂ ਤਾਂ ਧਰਮ–ਨਿਰਪੱਖਤਾ ਵਿੱਚ ਯਕੀਨ ਕਰਦੇ ਆਂ। ਇਹ ਤਾਂ ਲੋਕਾਂ ਦਾ ਸੜਕਾਂ ਤੇ ਹੋਣ ਵਾਲਾ ਕੁਦਰਤੀ ਪ੍ਰਤੀਕਰਮ ਸੀ। ਜੀਹਦੇ ਵਿੱਚ ਤੇਰਾ ਪਰਿਵਾਰ ਮਾਰਿਆ ਗਿਆ।

ਗੁਰਸੇਵਕ : ਨਹੀਂ! ਇਹ ਪ੍ਰਤੀਕਰਮ ਨਹੀਂ ਸੀ। ਇਹ ਸੋਚੀ ਸਮਝੀ ਸਾਜ਼ਸ਼ ਸੀ। ਇਹ ਭਾਣਾ ਉਥੇ ਹੀ ਵਾਪਰਿਆ ਜਿਥੇ ਕਾਂਗਰਸ ਪਾਰਟੀ ਦਾ ਰਾਜ ਸੀ। ਇਹ ਤਾਂ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਈ ਹੋਇਐ। ਐਂਵੇ ਤਾਂ ਨੀ ਸੀ ਨਵੇਂ ਬਣੇ ਪ੍ਰਧਾਨ ਮੰਤਰੀ ਨੇ ਕਿਹਾ ਕਿ, "ਵੱਡੇ ਦਰਖ਼ਤ ਦੇ ਡਿੱਗਣ ਨਾਲ ਧਰਤੀ ਹਿੱਲਦੀ ਹੈ" ਇਹਦੇ ਤਾਂ ਸਬੂਤ ਵੀ ਮਿਲਦੇ ਨੇ। ਨਾਲੇ ਧਰਤੀ ਅਜਿਹੀ ਹਿਲਾਈ ਕਿ ਮੇਰੇ ਵਰਗਿਆਂ ਦੀਆਂ 30 ਸਾਲਾਂ ਵਿੱਚ ਵੀ ਜੜ੍ਹਾਂ ਨਹੀਂ ਲੱਗੀਆਂ।

ਕਾਂਗਰਸੀ : ਮੈਨੂੰ ਇਹ ਸਮਝ ਨੀ ਲੱਗੀ ਬਈ ਥੋਡੇ ਲੋਕਾਂ ਨੇ ਪ੍ਰਧਾਨ ਮੰਤਰੀ ਨੂੰ ਮਾਰਿਆ ਈ ਕਿਉਂ? ਇੱਕ ਉਹਨੂੰ ਮਾਰਨ ਨਾਲ ਮਿਲਿਆ ਕੀ?

ਗੁਰਸੇਵਕ : ਉਹ ਸਾਡੇ ਲੋਕ ਨੀ ਸੀ। ਨਾ ਹੀ ਮੇਰੇ ਪਰਿਵਾਰ ਦਾ ਉਹਨਾਂ ਨਾਲ ਕੋਈ ਵਾਸਤਾ ਸੀ। ਜਦੋਂ ਤੁਹਾਡੀ ਲੀਡਰ ਨੇ ਦਰਬਾਰ ਸਾਹਿਬ ਤੇ ਹਮਲਾ ਕਰਨ ਦਾ ਹੁਕਮ ਦਿੱਤਾ ਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕੀਤਾ ਤਾਂ ਉਸਦੇ ਬੌਡੀਗਾਰਡਾਂ ਨੇ ਉਸਦਾ ਬਦਲਾ ਲਿਆ ਸੀ। ਇਸ ਲਈ ਉਹ ਆਪਣੀ ਮੌਤ ਦੀ ਆਪ ਜ਼ੁੰਮੇਵਾਰ ਸੀ।

ਕਾਂਗਰਸੀ : ਉਂਜ ਵੀ ਤੁਹਾਡੇ ਲੋਕ ਗੁਰਦਵਾਰੇ ਵਿੱਚ ਬੈਠ ਕੇ ਅੱਤਵਾਦ ਫੈਲਾ ਰਹੇ ਸੀ ਤੇ ਪੰਜਾਬ ਵਿੱਚ ਨਿਰਦੋਸ਼ ਹਿੰਦੂਆਂ ਨੂੰ ਮਾਰ ਰਹੇ ਸੀ। ਫਿਰ ਉਹਦੇ ਕੋਲ ਹੋਰ ਚਾਰਾ ਵੀ ਕੀ ਸੀ?

ਗੁਰਸੇਵਕ : ਤੂੰ ਇਹ ਕੀ ਸਾਬਤ ਕਰਨਾ ਚਾਹੁੰਨੈ ਕਿ ਉਹ ਸਾਡੇ ਲੋਕ

ਸੀ। ਮੇਰੇ ਪਰਿਵਾਰ ਦਾ ਅੱਤਵਾਦ ਨਾਲ ਕੋਈ ਸਬੰਧ ਨਹੀਂ ਸੀ। ਮੇਰੇ ਬਾਬਾ ਜੀ ਸੱਚੇ ਦੇਸ਼ ਭਗਤ ਸੀ। ਮੇਰੇ ਪਿਤਾ ਜੀ ਨੇ ਹਮੇਸ਼ਾਂ ਤੁਹਾਡੀ ਸਰਕਾਰ ਨੂੰ ਵੋਟ ਪਾਈ ਐ। ਮੇਰਾ ਭਰਾ ਵੀ ਦੇਸ਼ ਦੀ ਬਿਹਤਰੀ ਲਈ ਸੌਂਹ ਖਾ ਕੇ ਫੌਜ ਵਿੱਚ ਭਰਤੀ ਹੋਇਆ ਹੋਵੇਗਾ ਪਰ ਤੁਹਾਡੀ ਸਰਕਾਰ ਨੇ ਉਹਨਾਂ ਬੇਕਸੂਰਾਂ ਨੂੰ ਮਜ਼੍ਹਬੀ ਜਨੂੰਨ ਫੈਲਾ ਕੇ ਕਤਲ ਹੀ ਕਰਵਾ ਦਿੱਤਾ।

ਕਾਂਗਰਸੀ : ਫਿਰ ਤੂੰ ਕਿਵੇਂ ਬਚ ਗਿਆ?

ਗੁਰਸੇਵਕ : ਆਹ ਦੁੱਖ ਹੰਢਾਉਣ ਨੂੰ ਤੇ ਤਿਲ ਤਿਲ ਕਰਕੇ ਹਰ ਰੋਜ਼ ਮਰਨ ਨੂੰ। ਪਤਾ ਨਹੀਂ ਮੈਨੂੰ ਛੋਟੇ ਹੋਣ ਕਰਕੇ ਮੇਰੀ ਮਾਂ ਨੇ ਮੈਨੂੰ ਇੱਕ ਕਮਰੇ ਵਿੱਚ ਕਿਉਂ ਲਕੋ ਦਿੱਤਾ। ਜਿਥੋਂ ਮੈਂ ਖੜ੍ਹਾ ਉਹਨਾਂ ਨੂੰ ਬੇਬਸ ਜਿਊਂਦੇ ਸੜਦਾ ਦੇਖਦਾ ਰਿਹਾ। ਮੈਂ ਉਸ ਦਿਨ ਹੀ ਕਿਉਂ ਨਾ ਮਰ ਗਿਆ। ਬਾਅਦ ਵਿੱਚ ਗੁੰਡਿਆਂ ਨੇ ਸਾਡੇ ਘਰ ਨੂੰ ਅੱਗ ਲਾ ਦਿੱਤੀ। ਮੇਰੇ ਸਰੀਰ ਦਾ ਹੇਠਲਾ ਹਿੱਸਾ ਅੱਗ ਵਿੱਚ ਸੜ੍ਹ ਗਿਆ। ਮੇਰੇ ਗੁਆਂਢੀਆਂ ਨੇ ਬਚਾ ਲਿਆ ਤੇ ਰਿਫਿਊਜੀ ਕੈਂਪ ਵਿੱਚ ਭੇਜ ਦਿੱਤਾ। ਹੁਣ ਮੇਰੀ ਹਾਲਤ ਸਭ ਦੇ ਸਾਹਮਣੇ ਐ।

ਕਾਂਗਰਸੀ : ਚੰਗਾ। ਮੈਂ ਤੇਰੀ ਸਰਕਾਰ ਕੋਲ ਸਿਫਾਰਸ਼ ਕਰਾਂਗਾ ਕਿ ਤੈਨੂੰ ਮੁਆਵਜ਼ਾ ਵੀ ਤੇ ਨੌਕਰੀ ਵੀ ਦਿੱਤੀ ਜਾਵੇ।

ਗੁਰਸੇਵਕ : ਮੈਨੂੰ ਪੈਸਾ ਤੇ ਨੌਕਰੀ ਨਹੀਂ, ਮੈਨੂੰ ਤਾਂ ਇਨਸਾਫ਼ ਚਾਹੀਦੈ।

ਕਾਂਗਰਸੀ : ਮੈਂ ਵੀ ਤਾਂ ਇਹੀ ਕੋਸ਼ਿਸ਼ ਕਰ ਰਿਹੈ।

ਗੁਰਸੇਵਕ : ਕੀ ਤੁਸੀਂ ਮੇਰਾ ਪਰਿਵਾਰ ਮੈਨੂੰ ਲਿਆ ਕੇ ਦੇ ਸਕਦੇ ਹੋ? ਮੇਰੀਆਂ ਲੱਤਾਂ ਵਿੱਚ ਜਾਨ ਪਾ ਸਕਦੇ ਹੋ? ਮੇਰੇ 30 ਸਾਲ ਮੈਨੂੰ ਮੋੜ ਸਕਦੇ ਹੋ? ਮੇਰਾ ਬਚਪਨ, ਮੇਰੀ ਜਵਾਨੀ, ਮੇਰੀਆਂ ਸੱਧਰਾਂ, ਮੇਰੇ ਚਾਅ, ਮੇਰੀਆਂ ਖੁਸ਼ੀਆਂ ਮੋੜ ਸਕਦੇ ਹੋ?

ਕਾਂਗਰਸੀ : ਅਫਸੋਸ, ਇਹ ਮੇਰੇ ਵਸ ਤੋਂ ਬਾਹਰ ਹੈ, ਇਹ ਸੰਭਵ ਨਹੀਂ ਹੋ ਸਕਦਾ।

ਗੁਰਸੇਵਕ : ਇਹ ਤਾਂ ਕਰ ਸਕਦੇ ਉਂ ਕਿ ਮੇਰੇ ਪਰਿਵਾਰ ਦੇ ਕਾਤਲਾਂ ਨੂੰ ਫਾਂਸੀ ਚੜ੍ਹਾ ਦੇਵੋਂ।

ਕਾਂਗਰਸੀ : ਇਸ ਲਈ ਵੀ ਤਾਂ ਸਬੂਤ ਚਾਹੀਦੇ ਨੇ।

ਗੁਰਸੇਵਕ : ਕੀ ਤੁਹਾਨੂੰ ਮੇਰੇ ਨਾਲੋਂ ਵੀ ਵੱਡਾ ਸਬੂਤ ਚਾਹੀਦੈ, ਕੀ

ਉਹਨਾਂ ਨੂੰ ਸਜ਼ਾ ਮਿਲ ਸਕਦੀ ਐ, ਜਿਹਨਾਂ ਦੇ ਇਸ਼ਾਰੇ ਤੇ ਗੁੰਡਿਆਂ ਨੇ ਇਹ ਕਤਲੋਗਾਰਤ ਕੀਤੀ।

ਕਾਂਗਰਸੀ : ਉਹਦੇ ਲਈ ਵੀ ਤਾਂ ਸਬੂਤ ਚਾਹੀਦੇ ਨੇ। ਉਦੋਂ ਤੇਰੀ ਉਮਰ ਥੋੜ੍ਹੀ ਸੀ, ਤੂੰ ਗਵਾਹ ਹੀ ਨਹੀਂ ਬਣ ਸਕਦਾ।

ਗੁਰਸੇਵਕ : ਜੇ ਤੁਹਾਨੂੰ ਮੇਰਾ ਕਿਹਾ ਸੁਣਿਆ ਜਾਂ ਮੇਰਾ ਇਹ ਨਿਕਾਰਾ ਸਰੀਰ ਸਬੂਤ ਨਹੀਂ ਲੱਗਦਾ ਤਾਂ ਫਿਰ ਤੁਸੀਂ ਮੈਨੂੰ ਇੱਕ ਬੰਦੂਕ ਲਿਆ ਕੇ ਦੇ ਸਕਦੇ ਹੋ।

ਕਾਂਗਰਸੀ : ਇਹਦਾ ਕੀ ਮਤਲਬ?

ਗੁਰਸੇਵਕ : ਮੈਂ ਉਹ ਲੋਕਾਂ ਨੂੰ ਤਬਾਹ ਕਰ ਦੇਵਾਂਗਾ ਜਿਹਨਾਂ ਨੇ ਮੇਰੇ ਪਰਿਵਾਰ ਨੂੰ ਮਾਰਿਆ ਹੈ।

ਕਾਂਗਰਸੀ : ਮੈਂ ਤੇਰੇ ਨਾਲ ਸਹਿਜ ਭਾਅ ਸਲੀਕੇ ਨਾਲ ਗੱਲ ਰਿਹੈਂ ਤੂੰ ਅੱਤਵਾਦੀ ਬਣਨ ਦੀਆਂ ਗੱਲਾਂ ਕਰਦੈਂ।

ਗੁਰਸੇਵਕ : ਜੇ ਤੁਸੀਂ ਮੈਨੂੰ ਇਨਸਾਫ਼ ਨਹੀਂ ਦੇ ਸਕਦੇ ਤਾਂ ਮੈਨੂੰ ਘੱਟੋ ਘੱਟ ਇੱਕ ਨੂੰ ਤਾਂ ਮਾਰ ਲੈਣ ਦਿਉ। ਬਾਅਦ ਵਿੱਚ ਤੁਹਾਡੀ ਸਰਕਾਰ ਮੈਨੂੰ ਚਾਹੇ ਕਾਤਲ ਕਹੇ ਜਾਂ ਅੱਤਵਾਦੀ । ਮੈਨੂੰ ਪਰਵਾਹ ਨਹੀਂ ਮੈਨੂੰ ਇਨਸਾਫ਼ ਮਿਲ ਜਾਵੇਗਾ। ਮੈਨੂੰ ਸਕੂਨ ਮਿਲ ਜਾਵੇਗਾ। ਹੁਣ ਤਾਂ ਨਾ ਮੈਂ ਜਿਉਂਦਿਆਂ ਵਿੱਚ ਹਾਂ ਤੇ ਨਾ ਮਰਦਿਆਂ ਵਿੱਚ।

ਕਾਂਗਰਸੀ : ਮੈਨੂੰ ਲੱਗਦੈ ਤੇਰੇ ਨਾਲ ਗੱਲ ਕਰਨ ਦਾ ਕੋਈ ਫਾਇਦਾ ਨਹੀਂ, ਸਭ ਬੇਕਾਰ, ਮੈਂ ਤਾਂ ਚੱਲਿਆਂ, ਟਾਈਮ ਵੇਸਟ, ਮੂਡ ਈ ਖਰਾਬ ਕਰਤਾ, ਹੂੰਅ---( ਕਹਿ ਕੇ ਚਲਾ ਜਾਂਦਾ ਹੈ।)

ਗੁਰਸੇਵਕ : ਹਾਂ ਤੇਰੇ ਲਈ ਇਹੀ ਠੀਕ ਹੋਵੇਗਾ ਕਿਉਂਕਿ ਕਿਸੇ ਮਜ਼ਲੂਮ ਨੂੰ ਇਨਸਾਫ਼ ਦੇਣਾ ਤੁਹਾਡੀ ਫਿਤਰਤ ਨਹੀਂ।

(ਉਹਦੇ ਮਗਰ ਜਾਂਦਾ ਹੈ ਤੇ ਫਿਰ ਸਟੇਜ ਦੇ ਮੱਧ ਵਿੱਚ ਆ ਕੇ)

ਮੈਨੂੰ ਇਨਸਾਫ਼ ਚਾਹੀਦੈ, ਮੈਨੂੰ ਇਨਸਾਫ਼ ਕੌਣ ਦੇਵੇਗਾ? ਕੀ ਕੋਈ ਮੇਰੇ ਦਿਲ ਦੀ ਅਵਾਜ਼ ਸੁਣਦੈ। ਮੈਂ ਇਨਸਾਫ਼ ਮੰਗਦਾਂ. ਕੀ ਕੋਈ ਮੇਰੇ ਜ਼ਖ਼ਮਾਂ ਤੇ ਮਲ੍ਹਮ ਲਾ ਸਕਦੈ। ਕੋਈ ਹੈ? ਕੋਈ ਹੈ? (ਆਪਣਾ ਸਿਰ ਕੁੱਟਣ ਲੱਗਦਾ ਹੈ।)

ਖਾਲਿਸਤਾਨੀ : ਉਹ ਸਿੰਘ ਸਾਹਿਬ ਤੂੰ ਆਪਣਾ ਸਿਰ ਕਿਉਂ ਕੁੱਟ ਰਿਹੈਂ?

ਮੁਕਾਬਲਾ ਕਰ, ਭੀੜਾਂ ਸਿੰਘਾਂ ਤੇ ਈ ਪੈਂਦੀਆਂ ਨੇ। ਦੱਸ ਮਾਜਰਾ ਕੀ ਐ?

ਗੁਰਸੇਵਕ : ਤੂੰ ਕੌਣ ਐਂ?

ਖਾਲਿਸਤਾਨੀ : ਅਸੀਂ ਸਾਡੇ ਗੁਰੂ ਦਾ ਖੰਡੇ ਵਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਜੇ ਹਾਂ ਤੇ ਸਾਡੀ ਕੌਮ ਦੇ ਸੇਵਾਦਾਰ। ਮੈਂ ਤੇਰੀ ਕੁੱਝ ਕੁ ਗੱਲ ਤਾਂ ਸੁਣ ਲਈ ਐ। ਤੂੰ ਬਹੁਤ ਹੌਂਸਲੇ ਵਾਲੈ। ਜਿਹੜਾ ਤੁਰਤ ਇਨਸਾਫ਼ ਦੀ ਮੰਗ ਕਰਦੈਂ। ਤੂੰ ਦੱਸ ਤੈਨੂੰ ਕੀ ਲੋੜ ਐ? ਅਸੀਂ ਪੂਰੀ ਕਰਾਂਗੇ।

ਗੁਰਸੇਵਕ : ਕਿਸ ਤਰ੍ਹਾਂ?

ਖਾਲਿਸਤਾਨੀ : ਮੈਂ ਸੁਣ ਲਿਐ, ਤੂੰ ਚਾਹੁੰਨੈਂ ਏ. ਕੇ ਸੰਤਾਲੀ ਜਾਂ ਆਤਮ-ਘਾਤੀ ਬੰਬ। ਸਾਨੂੰ ਵੀ ਪਤੈ ਤੂੰ ਇਨਸਾਫ਼ ਇਵੇਂ ਹੀ ਲੈ ਸਕਦੈਂ। ਕਾਤਲਾਂ ਕੋਲ ਇਨਸਾਫ ਦੀ ਭੀਖ ਨਹੀਂ ਹੁੰਦੀ। ਸਾਬਾਸ਼ ਤੂੰ ਤਾਂ ਯੋਧਾ ਏਂ ਯੋਧਾ, ਸਿੱਖ ਕੌਮ ਦਾ ਯੋਧਾ।

ਗੁਰਸੇਵਕ : ਕੀ ਤੁਸੀਂ ਵੱਖਵਾਦੀ ਹੋ?

ਖਾਲਿਸਤਾਨੀ : ਮੈਂ ਹੈਰਾਨ ਆਂ ਕਿ ਤੂੰ ਮੈਨੂੰ ਇਹ ਕਹਿ ਰਿਹੈਂ। ਮੈਂ ਤੇਰੇ ਬਾਬਾ ਜੀ ਵਾਂਗ ਅਜ਼ਾਦੀ ਘੁਲਾਟੀਆਂ ਹਾਂ। ਸਾਨੂੰ ਵੀ ਆਪਣਾ ਦੇਸ਼ ਚਾਹੀਦੈ। ਜਿੱਥੇ ਅਸੀਂ ਸਾਰੇ ਸਿੱਖ ਮਾਣ ਨਾਲ ਰਹਿ ਸਕੀਏ ਤੇ ਬਹੁਗਿਣਤੀ (ਹਿੰਦੂਆਂ) ਦਾ ਡਰ ਨਾ ਹੋਵੇ।

ਗੁਰਸੇਵਕ : ਤੁਸੀਂ ਮੇਰੇ ਬਾਬਾ ਜੀ ਵਰਗੇ ਨਹੀਂ ਹੋ ਸਕਦੇ। ਉਹਨਾਂ ਦਾ ਨਿਸ਼ਾਨਾ ਧਰਮ ਦੇ ਨਾਂ ਤੇ ਦੇਸ਼ ਬਣਾਉਣਾ ਨਹੀਂ ਸੀ। ਸਗੋਂ ਉਹਨਾਂ ਦੀ ਜਥੇਬੰਦੀ ਤਾਂ ਜਾਤਾਂ-ਪਾਤਾਂ, ਧਰਮਾਂ-ਮਜ੍ਹਬਾਂ ਦੇ ਫਰਕ ਮਿਟਾ ਕੇ ਵਿਦੇਸ਼ੀਆਂ ਹੱਥੋਂ ਦੇਸ਼ ਅਜ਼ਾਦ ਕਰਾਉਣਾ ਚਾਹੁੰਦੀ ਸੀ।

ਖਾਲਿਸਤਾਨੀ : ਹਾਂ--- ਇਸ ਧਰਮ-ਨਿਰਪੱਖ ਦੇਸ਼ ਦੀ ਰਾਜਧਾਨੀ ਵਿੱਚ ਤੇਰੇ ਮਾਂ-ਬਾਪ, ਭੈਣ-ਭਾਈ ਨੂੰ ਤੇਰੇ ਸਾਹਮਣੇ ਅੱਗ ਲਾ ਕੇ ਜਿਉਂਦਿਆਂ ਸਾੜ ਦਿੱਤਾ ਗਿਆ, ਉਹਨਾਂ ਦੀ ਪਹਿਚਾਣ ਕਰਕੇ। ਵਾਹ ! ਫਿਰ ਵੀ ਕਿਆ ਮਿਸਾਲ ਐ ਦੇਸ਼ਭਗਤੀ ਦੀ?

ਗੁਰਸੇਵਕ : ਜੇ ਦੇਸ਼ ਦੀ ਵਾਗਡੋਰ ਬਸਤੀਵਾਦੀ ਆਪਣੇ ਪਿੱਠੂਆਂ ਨੂੰ ਸੰਭਾਲ ਗਏ ਤਾਂ ਮੇਰੇ ਬਾਬਾ ਜੀ ਵਰਗੇ ਦੇਸ਼ ਭਗਤਾਂ ਦਾ ਕੀ ਕਸੂਰ ਐ। ਉਹਨਾਂ ਨੇ ਤਾਂ ਉਹੀ ਕਰਨਾ ਸੀ ਜੋ

ਅੰਗਰੇਜ਼ਾਂ ਨੇ ਕੀਤਾ।

ਖਾਲਿਸਤਾਨੀ : ਓਏ ਭੋਲ਼ਿਆ, ਤੂੰ ਸੱਤਾਧਾਰੀਆਂ ਦੇ ਹੱਥੋਂ ਸਭ ਕੁੱਝ ਗੁਆ ਕੇ ਵੀ ਏਸੇ ਦੇਸ਼ ਨੂੰ ਆਪਣਾ ਦੇਸ਼ ਕਹੀ ਜਾਨੈਂ।

ਗੁਰਸੇਵਕ : ਹਾਂ ਇਹੀ ਮੇਰਾ ਦੇਸ਼ ਐ। ਇਹੀ ਮੇਰੀ ਜਨਮ ਭੂਮੀ। ਮੈਂ ਪਾਗਲ ਨਹੀਂ ਆਂ। ਮੈਂ ਮੇਰੇ ਨਾਲ ਹੋਈ ਜਿਆਦਤੀ ਦਾ ਮੇਰੇ ਹੀ ਲੋਕਾਂ ਤੋਂ ਇਨਸਾਫ਼ ਚਾਹੁੰਨੈਂ।

ਖਾਲਿਸਤਾਨੀ : (ਹੱਸ ਕੇ) ਇਨਸਾਫ਼ ਕੀਹਤੋਂ? ਤੂੰ ਆਪਣੇ ਮਾਂ-ਬਾਪ ਤੇ ਭੈਣ-ਭਾਈ ਦੇ ਕਾਤਲਾਂ ਦੀ ਗਿਣਤੀ ਕਰ ਸਕਦੈਂ। ਇਹ ਹਿੰਦੂ ਆਪਾਂ ਨੂੰ ਖਤਮ ਕਰਨਾ ਚਾਹੁੰਦੈਂ ਨੇ। ਭੋਲ਼ਿਆ ਕਿਉਂ ਸੁੱਤੈ! ਜਾਗ! ਅੱਖਾਂ ਖੋਲ਼।

ਗੁਰਸੇਵਕ : ਮੈਂ ਸੁੱਤਾ ਨਹੀਂ ਜਾਗਦਾਂ, ਸਭ ਕੁੱਝ ਦੇਖ ਰਿਹਾਂ। ਤੁਸੀਂ ਸਾਰੇ ਹਿੰਦੂਆਂ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਉਹ ਵੀ ਹਿੰਦੂ ਹੀ ਸਨ ਸਾਡੇ ਨਾਲ ਦੇ ਘਰ ਵਾਲੇ, ਜੇ ਉਹ ਮੇਰੀ ਮੱਦਦ ਨਾ ਕਰਦੇ ਤਾਂ ਮੈਂ ਜ਼ਿੰਦਾ ਨਹੀਂ ਸੀ ਹੋਣਾ।

ਖਾਲਿਸਤਾਨੀ : ਅੱਛਿਐ? ਬੱਲੇ ਓ ਤੇਰੇ, ਜਿਹੜੇ ਕੁੱਝ ਲੋਕਾਂ ਨੇ ਤੇਰੀ ਮੱਦਦ ਕੀਤੀ, ਉਹ ਤਾਂ ਤੈਨੂੰ ਦਿਸ ਰਹੇ ਨੇ ਪਰ ਜਿਹਨਾਂ ਨੇ ਤੇਰਾ ਪਰਿਵਾਰ ਤਬਾਹ ਕਰ ਦਿੱਤਾ ਤੂੰ ਉਹਨਾਂ ਨੂੰ ਭੁੱਲ ਗਿਆ।

ਗੁਰਸੇਵਕ: ਨਹੀਂ! ਮੈਂ ਭੁੱਲਿਆ ਨਹੀਂ। ਇਹ ਤਾਂ ਉਹਨਾਂ ਥਾਵਾਂ ਤੇ ਹੋਇਆ ਜਿੱਥੇ ਕਾਂਗਰਸ ਦਾ ਰਾਜ ਸੀ।

ਖਾਲਿਸਤਾਨੀ : ਕਾਂਗਰਸ ਜਾਂ ਹਿੰਦੂਆਂ ਦੀ ਸਰਕਾਰ ਦੀ ਹੀ ਇਹ ਸੋਚੀ ਸਮਝੀ ਸਾਜ਼ਸ਼ ਸੀ। ਜੇ ਤੂੰ ਇਨਸਾਫ਼ ਚਾਹੁੰਨੈ ਤਾਂ ਤੈਨੂੰ ਆਪਣਾ ਦੇਸ਼ ਚਾਹੀਦੈ, ਜਿੱਥੇ ਤੂੰ ਸ਼ਾਂਤੀ ਨਾਲ ਰਹਿ ਸਕੇਂ।

ਗੁਰਸੇਵਕ : ਇਹ ਤੂੰ ਤਾਂ ਕਹਿ ਰਿਹੈਂ, ਤੂੰ ਮੇਰੇ ਵਾਂਗ ਕੁੱਝ ਗੁਆਇਆ ਨਹੀਂ। ਤੂੰ ਆਪਣੇ ਕੰਮ ਨੂੰ ਅੰਜ਼ਾਮ ਦੇਣ ਲਈ ਇਸ ਗੱਲ ਦਾ ਲਾਭ ਉਠਾ ਰਿਹੈਂ।

ਖਾਲਿਸਤਾਨੀ : ਸਾਨੂੰ ਖਾਲਿਸਤਾਨ ਦੀ ਮੰਗ ਲਈ ਕੀਹਨੇ ਮਜ਼ਬੂਰ ਕੀਤੈ ਭਲਾ। ਦੇਸ਼ ਦੀ ਅਜ਼ਾਦੀ ਲਈ 1947 ਵੇਲੇ ਵੀ ਸਾਰੀ ਕਰੋਪੀ ਅਸੀਂ ਝੱਲੀ। ਸਾਡੇ ਹੀ ਭੈਣ ਭਰਾ ਕਤਲ ਹੋਏ, ਸਾਡੀਆਂ ਹੀ ਧੀਆਂ ਭੈਣਾਂ ਦੀਆਂ ਇੱਜ਼ਤਾਂ ਰੁਲ਼ੀਆਂ, ਅਸੀਂ ਸਿੱਖ ਹੀ ਘਰੋਂ ਬੇਘਰ ਹੋਏ। ਸਭ ਤੋਂ ਵੱਧ ਤੇਰੇ ਬਾਬਾ ਜੀ ਸਣੇ, ਸਾਡੀ ਕੌਮ ਦੇ ਅਜ਼ਾਦੀ ਘੁਲਾਟੀਏ ਹੋਏ ਤੇ ਇਹ ਬਣ ਕੇ

ਬਹਿ ਗਏ ਦੇਸ਼ ਦੇ ਮਾਲਕ ਤੇ ਸਾਡੇ ਨਾਲ ਸਲੂਕ ਹੁੰਦੈ ਮਤਰੇਏਆਂ ਵਾਲਾ।

ਗੁਰਸੇਵਕ : ਭਾਈ ਸਾਹਿਬ ਆਪਾਂ ਵੀ ਖੂਹ ਦੇ ਡੱਡੂ ਈ ਨਾ ਬਣੇ ਰਹੀਏ। ਦੇਸ਼ ਅਜ਼ਾਦੀ ਲਈ 'ਕੱਲੇ ਸਿੱਖ ਹੀ ਨਹੀਂ ਲੜੇ, ਬਹੁਤ ਸਾਰੇ ਲੋਕਾਂ ਨੇ ਬਲੀਦਾਨ ਦਿੱਤੇ ਨੇ। ਨਾਲੇ 30 ਸਾਲ ਪਹਿਲਾਂ ਤਾਂ ਅਸੀਂ ਸਾਰੇ ਬੜੇ ਸ਼ਾਂਤੀ ਨਾਲ ਰਲ਼ ਮਿਲ਼ ਕੇ ਰਹਿੰਦੇ ਸੀ। ਕੋਈ ਦੂਜੇ ਦਰਜ਼ੇ ਦੇ ਸ਼ਹਿਰੀ ਨਹੀਂ ਸੀ ਸਗੋਂ ਜਿਹੜੇ ਹਿੰਦੂ ਝੁੱਗੀਆਂ ਵਿੱਚ ਰਹਿੰਦੇ ਨੇ ਉਹਨਾਂ ਨਾਲੋਂ ਤਾਂ ਕਿਤੇ ਚੰਗੇ ਸੀ।

ਖਾਲਿਸਤਾਨੀ : ਤੂੰ ਸੋਚਦੈਂ ਅਸੀਂ ਸਾਰੇ ਇੱਕ ਆਂ। ਅਜ਼ਾਦੀ ਵੇਲੇ ਦੁੱਖ ਅਸੀਂ ਕੱਟੇ, ਜਾਨਾਂ ਅਸੀਂ ਦਿੱਤੀਆਂ। ਹਿੰਦੂਆਂ ਨੇ ਭਾਰਤ ਲੈ ਲਿਆ। ਮੁਸਲਮਾਨਾਂ ਨੇ ਪਾਕਿਸਤਾਨ। ਸਾਨੂੰ ਕੀ ਮਿਲਿਆ? ਠੈਂਗਾ।

ਗੁਰਸੇਵਕ : ਪਾਕਿਸਤਾਨ ਲੈ ਕੇ ਆਮ ਲੋਕਾਂ ਨੇ ਕੀ ਖੱਟ ਲਿਆ? ਰੋਜ਼ ਸੈਂਕੜੇ ਮਰਦੇ ਨੇ ਸ਼ੀਆ-ਸੁੰਨੀ ਦੇ ਮਸਲੇ ਤੇ। ਮੈਂ ਇਸ ਗੱਲ ਤੇ ਸਹਿਮਤ ਹਾਂ ਕਿ ਕੱਟੜ ਹਿੰਦੂ ਹਿੰਦੂ ਰਾਜ ਬਣਾਉਣਾ ਚਾਹੁੰਦੇ ਨੇ ਜਾਤ ਦੇ ਮੁੱਦੇ ਤੇ। ਇਹ ਵੀ ਠੀਕ ਨੀ।

ਖਾਲਿਸਤਾਨੀ : ਪੁਲੀਸ ਹਮੇਸ਼ਾਂ ਅੱਤਵਾਦੀ ਘਟਨਾ ਕਹਿ ਕੇ ਘੱਟ ਗਿਣਤੀਆਂ ਤੇ ਹਮਲਾ ਕਰਦੀ ਐ।ਰੋਸ ਤਾਂ ਤਾਂਹੀ ਪੈਦਾ ਹੋਇਐ ਜਦੋਂ ਸਾਡੇ ਪਵਿੱਤਰ ਹਰਮੰਦਰ ਸਾਹਿਬ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਕਿਉਂ ?

ਗੁਰਸੇਵਕ : ਮੈਨੂੰ ਪਤੈ ਉਸ ਵੇਲੇ ਸਰਕਾਰ ਪੱਖਪਾਤੀ ਸੀ। ਪਰ ਥੋਨੂੰ ਵੀ ਪੂਜਣ ਵਾਲੀ ਥਾਂ ਤੇ ਮੋਰਚਾਬੰਦੀ ਨਹੀਂ ਸੀ ਕਰਨੀ ਚਾਹੀਦੀ। ਤੁਸੀਂ ਨਿਰਦੋਸ਼ ਹਿੰਦੂਆਂ ਨੂੰ ਮਾਰਿਆ, ਉਹਨਾਂ ਮੌਤਾਂ ਨੇ ਹੀ ਦੇਸ਼ ਦੇ ਦੂਜਿਆਂ ਹਿੱਸਿਆਂ ਵਿੱਚ ਸਾਨੂੰ ਨੁਕਸਾਨ ਪਹੁੰਚਾਇਆ।

ਖਾਲਿਸਤਾਨੀ : ਅਸੀਂ ਕਿਸੇ ਨਿਰਦੋਸ਼ ਨੂੰ ਨਹੀਂ ਮਾਰਿਆ। ਸਰਕਾਰ ਸਾਡੀ ਲਹਿਰ ਨੂੰ ਖੋਰਾ ਲਾਉਣ ਲਈ ਬਦਨਾਮ ਕਰਦੀ ਐ। ਜਿਹੜੀ ਗੁਰਦਵਾਰੇ ਵਿੱਚ ਮੋਰਚਾਬੰਦੀ ਦੀ ਗੱਲ ਐ, ਉਹ ਸਾਡੇ ਗੁਰੂਆਂ ਨੇ ਕਿਹਾ ਕਿ ਜਦੋਂ ਇਨਸਾਫ਼ ਦੇ ਸਾਰੇ ਰਸਤੇ ਬੰਦ ਹੋ ਜਾਣ ਤਾਂ ਹਥਿਆਰ ਚੱਕਣਾ ਜਰੂਰੀ ਹੈ। ਮੈਂ ਤਾਂ ਤੈਨੂੰ ਗੁਰੂਆਂ ਵਲੋਂ ਦਿੱਤੇ ਸੰਦੇਸ਼ ਵਾਰੇ ਦੱਸ ਰਿਹੈਂ।

ਗੁਰਸੇਵਕ : ਆਪਣੇ ਗੁਰੂ ਨੇ ਤਾਂ ਆਪਣੇ ਚਾਰੇ ਪੁੱਤਰ ਜੰਗ ਵਿੱਚ ਝੋਕ

ਦਿੱਤੇ ਸੀ ਤੇ ਤੁਸੀਂ ਆਪਣੇ ਪੁੱਤਰਾਂ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹੋ। ਕਿਉਂ ਨਹੀਂ ਤੁਸੀਂ ਆਪਣੇ ਬੱਚਿਆਂ ਨੂੰ ਰਾਜਸੀ ਦੁਸ਼ਮਣਾਂ ਨਾਲ ਟੱਕਰ ਲੈਣ ਲਈ ਕਹਿੰਦੇ, ਲੋਕਾਂ ਦੇ ਬੱਚਿਆਂ ਨੂੰ ਅੱਗ ਵਿੱਚ ਝੋਕ ਰਹੇ ਹੋ।

ਖਾਲਿਸਤਾਨੀ : ਜੇ ਤੂੰ ਇਹੀ ਗ਼ੁਲਾਮਾਂ ਵਾਲੀ ਜ਼ਿੰਦਗੀ ਜਿਊਣੀ ਚਾਹੁੰਨੈ ਤਾਂ ਰਹੀ ਜਾ ਏਸੇ ਹਾਲ। ਫਿਰ ਕੰਧਾਂ 'ਚ ਟੱਕਰਾਂ ਕਾਹਨੂੰ ਮਾਰਦੈਂ। ਤੇਰੇ ਨਾਲ ਬਹਿਸ ਕਰਨ ਦਾ ਨੀ ਕੋਈ ਫਾਇਦਾ, ਮੈਂ ਤਾਂ ਚੱਲਿਆ, ਐਵੇਂ ਟਾਈਮ ਖੋਟੀ ਕੀਤਾ।

ਗੁਰਸੇਵਕ : ਹਾਂ ਹਾਂ ਜਾਓ ਜਾਓ-ਮੈਂ ਅੱਤਵਾਦੀ ਨੀ ਬਣ ਸਕਦਾ, ਮੈਂ ਵੱਖਵਾਦੀ ਨੀ ਬਣ ਸਕਦਾ, ਮੈਂ ਖਾਲਿਸਤਾਨੀ ਨੀ ਬਣ ਸਕਦਾ, ਮੈਂ ਤਾਂ ਭਾਰਤੀ ਹਾਂ, ਮੈਨੂੰ ਮੇਰੀ ਇਸ ਧਰਤੀ ਤੇ ਹੀ ਇਨਸਾਫ਼ ਚਾਹੀਦੈ। ਮੈਂ ਕਾਤਲਾਂ ਨੂੰ ਸਜ਼ਾ ਦਵਾਉਣਾ ਚਾਹੁੰਨੈ ਕਿ ਮੁੜ ਕੇ ਕਦੇ 1947 ਜਾਂ 1984 ਕਦੇ ਨਾ ਵਾਪਰੇ। ਇਨਸਾਫ਼----ਇਨਸਾਫ਼ ਲੈਣਾ ਮੇਰਾ ਹੱਕ ਐ। ਇਹ ਮੈਂ ਕਿਸਤੋਂ ਮੰਗਾਂ? ਇਹ ਹੱਕ ਮੈਨੂੰ ਕੌਣ ਦੇਵੇਗਾ----ਕੌਣ ਦੇਵੇਗਾ।

(ਕਿਸਾਨ, ਮਜ਼ਦੂਰ, ਔਰਤਾਂ, ਮਰਦ, ਮੁਲਾਜ਼ਮ ਬੱਚੇ ਸਟੇਜ਼ ਤੇ ਆਉਂਦੇ ਹਨ)

ਦੇਸ਼ ਭਗਤ : ਹੱਕ ਮੰਗਿਆਂ ਨਾ ਮਿਲਦੇ, ਹੱਕ ਤਾਂ ਖੋਹਣੇ ਪੈਂਦੇ ਨੇ।

ਗੁਰਸੇਵਕ : ਤੁਸੀਂ ਕੌਣ ਹੋ?

ਦੇਸ਼ ਭਗਤ : ਅਸੀਂ ਹਾਂ ਲਾਲੋਆਂ ਦੇ ਸਾਥੀ, ਕੋਧਰੇ ਦੀ ਰੋਟੀ ਖਾਣ ਵਾਲੇ, ਹੱਕ, ਸੱਚ, ਇਨਸਾਫ਼ ਦੇ ਹਾਮੀ, ਗ਼ਦਰੀ ਬਾਬਿਆਂ ਦੇ ਪੈਰੋਕਾਰ, ਊਧਮ, ਭਗਤ, ਸਰਾਭਿਆਂ ਦੇ ਵਾਰਸ।

ਕਿਸਾਨ : ਮੈਂ ਇਸ ਦੁਨੀਆਂ ਨੂੰ ਪਾਲਣ ਵਾਲਾ, ਢਿੱਡ ਭਰਨ ਵਾਲਾ, ਜ਼ਿੰਦਾ ਰੱਖਣ ਵਾਲਾ।

ਕਿਰਤੀ : ਮੈਂ ਇਹਦੀ ਸੱਜੀ ਬਾਂਹ ਕਿਰਤੀ, ਕਾਨਖਾਨਿਆਂ, ਮਿੱਲਾਂ, ਭੱਠਿਆਂ, ਖੇਤਾਂ ਵਿੱਚ ਕੰਮ ਕਰਕੇ ਅਮੀਰਾਂ ਨੂੰ ਸੁੱਖ ਸਹੂਲਤਾਂ ਦੇਣ ਵਾਲਾ।

ਮੁਲਾਜ਼ਮ : ਮੈਂ ਹਾਂ ਗਿਆਨ ਦੇ ਫੁੱਲ ਬਿਖੇਰਨ ਵਾਲਾ। ਸਰਕਾਰੀ ਨੌਕਰ।

ਔਰਤ : ਮੈਂ ਇਹਨਾਂ ਸਾਰਿਆਂ ਦੇ ਕੰਮਾਂ ਦੀ ਭਾਗੀਦਾਰ, ਪਰ

ਬਲਾਤਕਾਰੀ ਦੇ ਸਾਏ ਹੇਠ ਕੱਟਦੀ ਹਾਂ ਦਿਨ ਰਾਤ।

ਬੱਚੇ : ਅਸੀਂ ਹਾਂ ਦੇਸ਼ ਦਾ ਭਵਿੱਖ!

ਗੁਰਸੇਵਕ : ਤੁਸੀਂ ਮੈਨੂੰ ਕੀ ਕਹਿਣਾ ਚਾਹੁੰਨੈਂ ਓਂ।

ਦੇਸ਼ ਭਗਤ : ਇਹ ਵੋਟ ਰਾਜ ਐ ਵੋਟ ਰਾਜ।

ਮੁਲਾਜ਼ਮ : ਇਹ ਸਰਕਾਰਾਂ ਆਪਣੀਆਂ ਵੋਟਾਂ ਵਟੋਰਨ ਲਈ ਧਰਮਾਂ, ਜਾਤਾਂ ਦਾ ਪੱਤਾ ਖੇਡਦੀਆਂ ਨੇ, ਉਦੋਂ ਵੀ ਇਹੀ ਹੋਇਆ ਸੀ। ਜਦੋਂ ਹੱਥੋਂ ਜਾਂਦਾ ਦਿੱਸਿਆ ਤਾਂ ਗੁਰਦਵਾਰੇ ਤੇ ਅਟੈਕ ਕਰਵਾ ਦਿੱਤਾ।

ਮਜ਼ਦੂਰ : ਉਹਨਾਂ ਨੂੰ ਕਿਸੇ ਨਾਲ ਕੋਈ ਹਮਦਰਦੀ ਨਹੀਂ ਹੁੰਦੀ। ਅੱਜ ਵੀ ਉਹੀ ਹੋ ਰਿਹੈ। ਗੁਰੁ ਗਰੰਥ ਸਾਹਿਬ ਦੇ ਪੱਤਰੇ ਪਾੜ ਕੇ ਜਾਂ ਗਊ ਦਾ ਮਾਸ ਸਿੱਟਕੇ ਜਿੱਥੇ ਮਰਜ਼ੀ ਭਦਰੋਹਲ ਪਾ ਦੇਣ।

ਕਿਸਾਨ : ਸਾਡੇ ਲੋਕ ਕਰਜ਼ੇ ਦੇ ਸਤਾਏ ਖੁਦਕੁਸ਼ੀਆਂ ਨਾਲ ਮਰ ਰਹੇ ਨੇ, ਉਹਨਾਂ ਦੀ ਸਮੱਸਿਆ ਨੂੰ ਹੱਲ ਕਰਨ ਦੀ ਥਾਂ ਤੇ ਸਾਡੇ ਲੋਕਾਂ ਨੂੰ ਬੇਰਹਿਮੀ ਨਾਲ ਕੁੱਟਿਆ ਮਾਰਿਆ ਜਾ ਰਿਹਾ ਹੈ।

ਔਰਤ : ਆਏ ਦਿਨ ਮੁਲਾਜ਼ਮ ਔਰਤਾਂ ਜਾਂ ਵਿਦਿਆਰਥਣਾਂ ਦਾ ਸ਼ੋਸ਼ਣ ਕੀਤਾ ਜਾਂਦੈ।

ਗੁਰਸੇਵਕ : ਫਿਰ ਕੀਤਾ ਕੀ ਜਾਵੇ?

ਮੁਲਾਜ਼ਮ : ਇਹ ਸਮਝਣਾ ਪੈਣੈ ਕਿ ਇਹ ਧਰਮਾਂ, ਜਾਤਾਂ ਦੀ ਲੜਾਈ ਨਹੀਂ ਸਗੋਂ ਇਹ ਤਾਂ ਦੋ ਜਮਾਤਾਂ ਦੀ ਲੜਾਈ ਆ।

ਮਜ਼ਦੂਰ : ਅਮੀਰ ਤੇ ਗਰੀਬ ਦੀ ਲੜਾਈ ਐ। ਅਮੀਰ ਹੋਰ ਅਮੀਰ ਹੋਣਾ ਚਾਹੁੰਦੈ, ਤੇਰੇ ਮੇਰੇ ਵਰਗਿਆਂ ਨੂੰ ਦਰੜ ਕੇ।

ਗੁਰਸੇਵਕ : ਕੀ ਆਪਣੀ ਕਿਸਮਤ ਵਿੱਚ ਇਹੀ ਲਿਖਿਐ?

ਮੁਲਾਜ਼ਮ : ਨਹੀਂ, ਲਿਖਿਆ ਕਿਸੇ ਨੇ ਨਹੀਂ, ਸਾਡੀ ਆਪਣੀ ਨਿਰਬਲਤਾ, ਭਲਮਾਣਸੀ ਤੇ ਕਮਜ਼ੋਰੀ ਨੇ ਲਿਖਿਐ।

ਕਿਸਾਨ : ਸਾਡੀ ਆਪਸੀ ਲੜਾਈ ਨੇ ਲਿਖਿਐ, ਸਾਡੀ ਏਕਤਾ ਦੀ ਥਾਂ ਤੇ ਅਨੇਕਤਾ ਨੇ ਲਿਖਿਐ।

ਔਰਤ : ਉਹ ਸਾਨੂੰ ਵੰਡ ਰਹੇ ਨੇ, ਧਰਮ, ਜਾਤ, ਫਿਰਕੇ, ਇਲਾਕੇ ਤੇ ਲਿੰਗ ਦੇ ਅਧਾਰ ਤੇ।

ਦੇਸ਼ ਭਗਤ : ਆਓ ਹੁਣ 'ਕੱਠੇ ਹੋਈਏ ਤੇ ਅਸਲੀ ਦੁਸ਼ਮਣ ਨੂੰ ਪਛਾਣੀਏ। ਇਸ ਧਰਮਾਂ ਜਾਤਾਂ ਦੀ ਡੂੰਘੀ ਖਾਈ ਨੂੰ ਭਰੀਏ। ਜਿਹੜੀ ਮੰਜ਼ਲ ਅਜੇ ਦੂਰ ਹੈ ਉਹਦੇ ਲਈ ਹੁਣ ਹੱਥ ਨਹੀਂ ਮੁੱਕਾ ਬਣੀਏ। ਇਸ ਹਨੇਰਗਰਦੀ ਦਾ ਪਰਦਾਫਾਸ਼ ਕਰੀਏ। (ਬੱਚਿਆਂ ਨੂੰ ਅੱਗੇ ਕਰਕੇ) ਇਸ ਦੇਸ਼ ਦੇ ਭਵਿੱਖ ਨੂੰ ਸੰਵਾਰੀਏ।

ਅਜੇ ਨਾ ਆਈ ਮੰਜ਼ਲ ਤੇਰੀ, ਅਜੇ ਵਡੇਰਾ ਪਾੜਾ ਏ
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜ੍ਹਾ ਏ
ਅਜੇ ਮੁਸੱਵਰ ਛਾਪ ਨਾ ਸਕਿਆ, ਦਰਦ ਦੀਆਂ ਤਸਵੀਰਾਂ ਨੂੰ।
ਅਜੇ ਮਿਸਤਰੀ ਤੋੜ ਨਾ ਸਕਿਆ, ਇਹ ਮਜ਼੍ਹਬੀ ਜ਼ੰਜੀਰਾਂ ਨੂੰ।
ਅਜੇ ਇਸ਼ਕ ਦਾ ਕਾਸਾ ਖਾਲੀ, ਖ਼ੈਰ ਹੁਸਨ ਨੇ ਪਾਇਆ ਨਾ।
ਮਾਨਵਤਾ ਦੇ ਬੂਹੇ ਤੇ ਕੋਈ ਰਾਂਝਾ ਮੰਗਣ ਆਇਆ ਨਾ।
ਹਰ ਦਿਲ ਦੇ ਵਿੱਚ ਸ਼ਿਕਵੇ ਝੋਰੇ, ਹਰ ਦਿਲ ਦੇ ਵਿੱਚ ਸਾੜਾ ਏ।
ਅਜੇ ਬਹਾਰਾਂ ਨਹੀਂ ਚਹਿਕੀਆਂ, ਅਜੇ ਹਨੇਰਾ ਗਾੜ੍ਹਾ ਏ। ਹਿੰਮਤ ਕਰ--
--
ਅਜੇ ਕਿਰਤ ਦੀ ਚੁੰਜ ਹੈ ਖਾਲੀ, ਵਿਹਲੜ ਰੱਜ ਕੇ ਖਾਂਦੇ ਨੇ।
ਮੁੱਲਾਂ, ਪੰਡਤਾਂ, ਭਾਈ. ਧਰਮ ਦੇ ਠੇਕੇਦਾਰ ਕਹਾਂਦੇ ਨੇ।
ਅਜੇ ਮਨੁੱਖ ਦੀ ਕਾਇਆ ਉੱਤੇ, ਸਾਇਆ ਹੈ ਜਾਗੀਰਾਂ ਦਾ।
ਅਜੇ ਮਨੁੱਖ ਨਾ ਮਾਲਕ ਬਣਿਆ, ਆਪਣੀਆਂ ਤਕਦੀਰਾਂ ਦਾ।
ਅਜੇ ਕਿਸੇ ਬੇਵੱਸ ਜਿਸਮ ਦਾ, ਮਿਲਦਾ ਏਥੇ ਭਾੜਾ ਏ।
ਅਜੇ ਨਾ ਸੁੱਤੀ ਜਨਤਾ ਜਾਗੀ, ਅਜੇ ਹਨੇਰਾ ਗਾੜ੍ਹਾ ਏ। ਅਜੇ ਨਾ ਆਈ------
ਅਜੇ ਤਾਂ ਏਥੇ ਲੋਕਾਂ ਦੇ , ਅਰਮਾਨ ਵੀ ਵੇਚੇ ਜਾਂਦੇ ਨੇ।
ਅਜੇ ਤਾਂ ਪੈਸੇ ਪੈਸੇ ਤੋਂ, ਈਮਾਨ ਵੀ ਵੇਚੇ ਜਾਂਦੇ ਨੇ।
ਅਜੇ ਹੈ ਪਰਬਤ ਓਡਾ ਕੋਡਾ, ਅਜੇ ਨਾ ਤੇਜ਼ ਕੁਹਾੜਾ ਏ
ਅਜੇ ਨਾ ਸ਼ੀਰੀ ਹੱਥ ਵਟਾਇਆ, ਅਜੇ ਹਨੇਰਾ ਗਾੜ੍ਹਾ ਏ। ਅਜੇ ਨਾ ਆਈ-----
ਅਜੇ ਤਾਂ ਹਿੰਸਾ ਖੁੱਲ੍ਹੀ ਚਰਦੀ, ਅਮਨ ਅਮਨ ਦੇ ਨਾਹਰੇ ਥੱਲੇ।
ਅਜੇ ਹੈ ਦੁਨੀਆ ਨਰਕ ਭੋਗਦੀ, ਜੱਨਤ ਦੇ ਇੱਕ ਲਾਰੇ ਥੱਲੇ।
ਅਜੇ ਨਾ ਕਾਲੇ ਬੱਦਲਾਂ ਵਿੱਚੋਂ, ਚਮਕੀ ਕੋਈ ਕਿਰਨ ਸੁਨਹਿਰੀ।
ਭਾਂਵੇ ਮੰਤਰ ਯਾਦ ਅਸਾਡੇ, ਅਜੇ ਕੀਲਣੀ ਸੱਪਣੀ ਜ਼ਹਿਰੀ।
ਅਜੇ ਅਸੀਂ ਹੈ ਰੱਬ ਨੂੰ ਦੱਸਣਾ, ਉਹ ਜਨਤਾ ਤੋਂ ਮਾੜਾ ਏ।
ਅਜੇ ਨਾ 'ਹੂਟਰ' ਵੱਜਿਆ ਸਾਥੀਓ, ਅਜੇ ਹਨੇਰਾ ਗਾੜ੍ਹਾ ਏ। ਅਜੇ ਨਾ ਆਈ ਮੰਜ਼ਲ -------

*ਇਹ ਨਾਟਕ ਗੁਰਪ੍ਰੀਤ ਸਿੰਘ ਰੇਡੀਓ ਹੋਸਟ ਦੀ ਅੰਗਰੇਜ਼ੀ ਵਿੱਚ ਲਿਖੀ ਕਹਾਣੀ ਜਸਟਿਸ ਤੇ ਅਧਾਰਤ ਹੈ ਇਸ ਨੂੰ ਪੰਜਾਬੀ ਵਿੱਚ ਨਾਟਕੀ ਰੂਪ ਦੇਣ ਲਈ ਥੋੜ੍ਹੀਆਂ ਬਹੁਤ ਤਬਦੀਲ਼ੀਆਂ ਵੀ ਕੀਤੀਆਂ ਗਈਆਂ ਹਨ। ਇਸ ਵਿੱਚ ਮੈਂ ਪੰਜਾਬੀ ਦੇ ਸਿਰਮੌਰ ਕਵੀ ਸੰਤ ਰਾਮ ਉਦਾਸੀ ਦੀ ਸਮੁੱਚੀ ਰਚਨਾ ਵਿੱਚੋਂ "ਅਜੇ" ਕਵਿਤਾ ਨੂੰ ਨਾਟਕ ਦਾ ਪ੍ਰਭਾਵਸ਼ਾਲੀ ਅੰਤ ਕਰਨ ਲਈ ਵਰਤਿਆ ਹੈ। ਮੈਂ ਉਹਨਾਂ ਦੋਨਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਸ ਕਰਕੇ ਇਹ ਨਾਟਕ ਆਉਣ ਵਾਲੇ ਸਮੇਂ ਵਿੱਚ ਲੋਕਾਂ ਸਾਹਮਣੇ ਮੰਚਤ ਵੀ ਹੋਵੇਗਾ।*

# ਰਿਸਕ

**ਪਾਤਰ**

ਗੁਰੁ - ਢੌਂਗੀ ਬਾਬਾ

ਪਾਲਾ - ਬਾਬੇ ਦਾ ਚੇਲਾ

ਬਚਨੀ - ਬਾਬੇ ਦੀ ਦਲਾਲ

ਸੀਬੋ = ਦੁਖਿਆਰੀ ਔਰਤ

ਸੀਬੋ ਦਾ ਪਤੀ ਦੋ ਪੁਲਸ ਕਰਮਚਾਰੀ

(ਪਰਦਾ ਖੁੱਲ੍ਹਣ ਤੇ ਕਨੇਡਾ ਦੀ ਧਰਤੀ ਤੇ ਬਾਬੇ ਦਾ ਡੇਰਾ ਬੇਸਮੈਂਟ ਵਿੱਚ ਬਣਿਆ ਹੋਇਆ ਹੈ, ਆਸਣ ਕੋਲ ਪਾਣੀ ਵਾਲਾ ਕਰਮੰਡਲ, ਖੰਭਾਂ ਦਾ ਝਾੜੂ, ਤਸਵੀਰਾਂ ਵਗੈਰਾ ਦਿਖਾਈਆਂ ਜਾ ਸਕਦੀਆਂ ਹਨ, ਸਾਰਾ ਸਾਜੋ ਸਮਾਨ ਭੜਕੀਲਾ ਦਿਸਣਾ ਚਾਹੀਦਾ ਹੈ।)

ਗੁਰੂ_: ਆ ਵੀ ਪਾਲਿਆ, ਕੀ ਹਾਲ ਐ?

ਪਾਲਾ : ਗੁਰੂ ਜੀ, ਕੀ ਦੱਸਾਂ, ਹਾਲ ਤਾਂ ਮੰਦੇ ਈ ਨੇ।

ਗੁਰੂ : ਕਿਉਂ ਬਈ, ਸਾਡੇ ਹੁੰਦੇ ਸੁੰਦੇ ਤੇਰੇ ਹਾਲ ਕਿਉਂ ਮੰਦੇ ਨੇ?

ਪਾਲਾ : ਕੁਸ਼ ਨਾ ਪੁੱਛੋ ਜੀ, ਮੈਂ ਤਾਂ ਬਾਹਲਾ ਹੀ ਦੁਖੀ ਆ।

ਗੁਰੂ : ਉਹ ਦੱਸ ਤਾਂ ਸਹੀ, ਐਂਵੇ ਕਾਹਤੋਂ ਦਿਲ ਛੱਡੀ ਜਾਨੈਂ, ਆਹ ਐਨੇ ਲੋਕਾਂ ਦੇ ਦੁੱਖ ਨਵਿਰਤ ਕਰਦੇ ਆਂ। ਤੇਰਾ ਨੀ ਹੋਊ।

ਪਾਲਾ : ਨਾ ਜੀ, ਮੇਰਾ ਦੁੱਖ ਤੁਹਾਥੋਂ ਦੂਰ ਨਹੀਂ ਹੋ ਸਕਦਾ।

ਗੁਰੂ : ਫਿਰ ਬਈ ਐਹੋ ਜਿਹੀ ਕੀ ਖਾਸ ਗੱਲ ਐ?

ਪਾਲਾ : ਖਾਸ ਗੱਲ ਤਾਂ ਇਹ ਆ, ਬਈ ਮੇਰੇ ਵਾਲਾ ਦੁੱਖ ਥੋਨੂੰ ਵੀ ਆ।

ਗੁਰੂ : ਹੈਂ, ਮੈਨੂੰ ਵੀ ਆ, ਫੇਰ ਤਾਂ ਮੈਨੂੰ ਜਰੂਰ ਦੱਸ।

ਪਾਲਾ : ਗੱਲ ਤਾਂ ਇਹ ਐ ਜੀ ਕਿ ਸਾਰੀ ਦਿਹਾੜੀ ਐਥੇ ਲੋਕਾਂ ਨਾਲ ਝੂਠ ਤੂਫ਼ਾਨ ਬੋਲ ਬੋਲ ਕੇ ਪੈਸੇ ਕਮਾਈਦੇ ਨੇ। ਘਰ ਜਾ ਕੇ ਟੀਟੂ ਦੀ ਮੰਮੀ ਬਹੁਤ ਤੰਗ ਕਰਦੀ ਐ।

ਗੁਰੂ : ਆਹ ਤਾਂ ਬਈ ਬੜੀ ਮਾੜੀ ਗੱਲ ਐ, ਪਰ ਉਹ ਤੰਗ ਕਿਉਂ ਕਰਦੀ ਐ।

ਪਾਲਾ : ਸਾਰੀ ਦਿਹਾੜੀ ਐਥੇ ਥੱਕ ਕੇ ਜਾਈਦੈ, 12 ਵਜੇ ਤੱਕ ਉਹ ਕਹਿੰਦੀ ਆ, ਲੱਤਾਂ ਘੁੱਟ।

ਗੁਰੂ : ਤੈਨੂੰ ਕੀ ਜਰੂਰੀ ਆ, ਕਹਿ ਦਿਆ ਕਰ ਮੈਂ ਨੀ ਘੁੱਟਦਾ।

ਪਾਲਾ : ਜੇ ਮੈਂ ਕਹਿ ਦਿੱਤਾ ਤਾਂ ਆਪਣਾ ਇਹ ਜੁਗਾੜ ਟੁੱਟ ਜੂ।

ਗੁਰੂ : ਜੁਗਾੜ ਟੁੱਟ ਜੂ, ਉਹ ਕਿਵੇਂ?

ਪਾਲਾ : ਕਹਿੰਦੀ ਲੋਕਾਂ ਨੂੰ ਦੱਸ ਦੂੰ, ਤੁਸੀਂ ਝੂਠ ਮਾਰ ਕੇ ਲੋਕਾਂ ਨੂੰ ਲੁੱਟਦੇ ਓਂ।

ਗੁਰੂ : ਉਹ ਇਹ ਤਾਂ ਮੇਰੇ ਵਾਲੀ ਵੀ ਕਹਿੰਦੀ ਆ।

ਪਾਲਾ : ਤਾਂ ਹੀ ਤਾਂ ਮੈਂ ਥੋਨੂੰ ਕਹਿੰਦਾ ਸੀ, ਆਪਣਾ ਇੱਕੋ ਜਿਹਾ ਦੁੱਖ ਆ।

ਗੁਰੂ : ਹੁਣ ਤਾਂ ਫੇਰ ਇਹੀ ਆ ਕਿ ਮੂੰਹ ਵਿੱਚ ਆਈ ਕੋਹੜ ਕਿਰਲੀ, ਖਾਂਦੇ ਆ ਕੋਹੜੀ, ਛੱਡਦੇ ਆ ਕਲੰਕੀ।

ਪਾਲਾ : ਹੁਣ ਦੱਸੋ, ਫਿਰ ਹੁਣ ਕੀ ਕਰੀਏ।

ਗੁਰੂ : ਕੋਈ ਗੱਲ ਨੀ, ਉਹਨਾਂ ਦੀਆਂ ਵੀ ਘੁੱਟੀ ਚੱਲਦੇ ਆਂ।

ਪਾਲਾ : ਪਰ ਗੁਰੁ ਜੀ ਸੱਚੀਂ ਆਖਾਂ, ਬਿਗਾਨੀ ਖੁਰਲੀ ਵਰਗਾ ਮਜ਼ਾ ਉੱਥੇ ਕਿੱਥੇ।

ਗੁਰੂ : ਓਏ ਤੂੰ ਤਾਂ ਮੇਰੇ ਨਾਲੋਂ ਵੀ ਅੱਗੇ ਲੰਘ ਗਿਆ।

ਪਾਲਾ : ਗੁਰੁ ਜੀ ਇਹ ਤਾਂ ਥੋਡੀ ਕਿਰਪਾ ਦਾ ਅਸਰ ਐ।

ਗੁਰੂ : ਚੱਲ ਠੀਕ ਐ, ਤੂੰ ਵੀ ਆਪਦੀ ਗੱਡੀ ਭਜਾਈ ਚੱਲ। ਕੋਈ ਨੀ, ਕੋਈ ਨੀ ਸਾਡੇ ਸਿਰ ਤੇ ਐਸ਼ ਲੁੱਟ। ਚੱਲ ਅੱਜ ਦਾ ਹੀਲਾ ਕਰ, ਮਾਰ ਐਧਰ ਓਧਰ ਨਿਗ੍ਹਾ, ਕੋਈ ਮੁਰਗੀ ਫਸਦੀ ਐ ਕਿ ਨਹੀਂ।

ਪਾਲਾ : ਬਚਨੀ ਨੂੰ ਕੱਲ੍ਹ ਫੋਨ ਤਾਂ ਕੀਤਾ ਸੀ, ਕਹਿੰਦੀ ਸੀ ਲੈ ਕੇ ਆਊਂ ਸੀਬੋ ਨੂੰ।

ਗੁਰੂ : ਉਹਦਾ ਚੱਕਰ ਕੀ ਆ ?

ਪਾਲਾ : ਚੱਕਰ ਤਾਂ ਮੈਨੂੰ ਵੀ ਨੀ ਪਤਾ, ਬਚਨੀ ਕੋਈ ਤਾਂ ਪੱਟੀ ਪੜ੍ਹਾ ਕੇ ਈ ਲਿਆਊ।

ਗੁਰੂ : ਜੇ ਪਤਾ ਕਰ ਲੈਂਦਾ ਤਾਂ ਪਹਿਲਾਂ ਤਿਆਰੀ ਕਰ ਲੈਂਦੇ।

ਪਾਲਾ : ਗੁਰੂ ਜੀ ਥੋਨੂੰ ਵੀ ਤਿਆਰੀਆਂ ਦੀ ਲੋੜ ਐ, ਵੀਹ ਸਾਲ ਹੋ ਗਏ, ਝੂਠ ਮੂਠ ਦੇ ਗੋਦੀ ਮੁੰਡੇ ਦਿੰਦਿਆਂ ਨੂੰ।

ਗੁਰੂ : ਆਹੀ ਜੁਗਤ ਤਾਂ ਤੂੰ ਸਿੱਖੀ ਨੀ, ਜੇ ਸਿੱਖੀ ਹੁੰਦੀ ਤਾਂ ਹੁਣ ਨੂੰ ਤੂੰ ਮੇਰੀ ਥਾਂ ਤੇ ਹੁੰਦਾ।

ਪਾਲਾ : ਗੁਰੂ ਜੀ ਮੈਂ ਸੋਚਦੈਂ, ਆਪਾਂ ਵੀ ਐਥੇ ਇੱਕ ਕੰਮਪਿਊਟਰ ਰੱਖ ਲਈਏ, ਆਹ ਵੇਲੇ ਕੁਵੇਲੇ ਜਿਹੇ ਲਈ ਮਨ ਪਰਚਾਉਣ ਨੂੰ। ਕਦੇ ਕਦੇ ਨੀਲੀਆਂ ਪੀਲੀਆਂ ਫਿਲਮਾਂ ਈ ਦੇਖ ਲਿਆ ਕਰਾਂਗੇ।

ਗੁਰੂ : ਗੱਲ ਤਾਂ ਤੇਰੀ ਠੀਕ ਐ, ਅੱਗੋਂ ਪਿੱਛੋਂ ਆਪਣਾ ਕੰਮ ਕਰ ਲਿਆ, ਨਾਲੇ ਲੋਕਾਂ ਨੂੰ ਦੱਸੀ ਜਾਵਾਂਗੇ ਮਾਂਗਟ ਸਾਹਿਬ ਵਾਂਗ, ਬਈ ਜੋਤਿਸ਼ ਤਾਂ ਵਿਗਿਆਨ ਐ।

ਪਾਲਾ : ਗੁਰੂ ਜੀ ਆਪਾਂ ਕਿਹੜਾ ਜੋਤਸ਼ੀ ਆਂ।

ਗੁਰੂ : ਫੇਰ ਕੀ ਆ, ਭੇਸ ਦਾ ਈ ਫਰਕ ਐ, ਹੈਗਾ ਤਾਂ ਆਪਣਾ ਈ ਭਾਈਚਾਰਾ।

ਪਾਲਾ : ਗੁਰੂ ਜੀ ਮੈਨੂੰ ਲੱਗਦਾ, ਕੋਈ ਆ ਗਿਆ।

(ਬਾਬਾ ਆਸਣ ਤੇ ਬੈਠਦਾ ਹੈ, ਅੱਖਾਂ ਮੀਚ ਕੇ ਰਾਮ ਰਾਮ ਕਰਦਾ ਹੈ, ਚੇਲਾ ਪਾਣੀ ਛਿੜਕਦਾ ਹੈ, ਪੱਖਾ ਝੱਲਣ ਲੱਗਦਾ ਹੈ। ਕਾਫੀ ਢਕਵੰਜ਼ ਜਿਹਾ ਕਰਦਾ ਹੈ।)

ਗੁਰੂ : ਰਾਮ ਰਾਮ ਰਾਮ ਵਹਿਗੁਰੂ ਵਹਿਗੁਰੂ ਰੱਬ ਭਲੀ ਕਰੇ, ਜੀਆ ਜੰਤ ਦੀ ਭਲੀ ਕਰੇ। ਸਭ ਦੇ ਪਾਰ ਉਤਾਰੇ ਹੋਣ, ਸਭ ਦੇ ਦੁਆਰੇ ਸੁੱਖੀ ਵੱਸਣ ਵਹਿਗੁਰੂ ਵਹਿਗੁਰੂ ਰਾਮ-ਰਮ-ਰਮ-ਰਮ।

ਪਾਲਾ : ਗੁਰੂ ਜੀ ਸਮਾਧੀ ਖੋਲ੍ਹੋ, ਸੰਗਤ ਆਈ ਐ, ਇਹਨਾਂ ਦੇ ਦੁੱਖ ਸੁਣੋ, ਦੁੱਖਾਂ ਨੂੰ ਨਵਿਰਤ ਕਰੋ।

ਗੁਰੂ : ਰੱਬ ਸਭ ਦਾ ਭਲਾ ਕਰੇ, ਆਓ ਸੰਗਤੇ ਆਓ।

ਬਚਨੀ : ਬਾਬਾ ਜੀ ਇਹ ਸੀਬੋ ਆ, ਇਹ ਬਾਹਲ਼ੀ ਚਿੰਤਾ 'ਚ ਆ, ਇਹਦਾ ਦੁੱਖ ਸੁਣੋ, ਜੇ ਕੋਈ ਇਹਦਾ ਉਪਾਅ ਹੋ ਸਕੇ।

| | |
|---|---|
| ਗੁਰੂ : | ਬੋਲੋ ਬੀਬਾ ਏਸੇ ਕੰਮ ਲਈ ਬੈਠੇ ਆਂ। |
| ਸੀਬੋ : | ਬਾਬਾ ਜੀ ਮੈਨੂੰ ਤੁਹਾਡੇ ਬਾਰੇ ਬਚਨੀ ਨੇ ਦੱਸਿਆ ਤਾਂ ਵਥੇਰਾ ਕੁਸ਼ ਆ ਪਰ ਮੈਂ ਥੋੜ੍ਹੀ ਸਿੱਧੀ ਜਿਹੀ ਆਂ, ਤਸੱਲੀ ਕਰਨਾ ਚਾਹੁੰਨੀ ਆਂ। ਤੁਸੀਂ ਆਪਣੇ ਬਾਰੇ ਚੰਗੀ ਤਰ੍ਹਾਂ ਦੱਸੋ। |
| ਗੁਰੂ : | ਬੀਬਾ ਦਿਲ ਖੋਲ੍ਹ ਕੇ ਪੁੱਛੋ ਤੇ ਆਪਣੀ ਤਸੱਲੀ ਕਰੋ। |
| ਸੀਬੋ : | ਨਾ ਤੁਸੀਂ ਕਾਹਦਾ ਕਾਹਦਾ ਇਲਾਜ ਕਰਦੇ ਓਂ। |
| ਗੁਰੂ : | ਵਿਛੜਿਆਂ ਨੂੰ ਮਿਲਾਉਣਾ ਹੋਵੇ ਜਾਂ ਛੁਟਕਾਰਾ ਪਾਉਣਾ ਹੋਵੇ, ਲਾਟਰੀ ਦਾ ਨੰਬਰ ਲਵਾਉਣਾ ਹੋਵੇ, ਪ੍ਰੇਮ ਸਬੰਧਾਂ ਦਾ ਟਾਂਕਾ ਫਿੱਟ ਕਰਵਾਉਣਾ ਹੋਵੇ, ਬੱਚਾ ਝੋਲੀ ਪਵਾਉਣਾ ਹੋਵੇ, ਸ਼ੌਂਕਣ ਦਾ ਘਰ ਤੁੜਵਾਉਣਾ ਹੋਵੇ, ਸੱਸ ਨੂੰ ਚੁੱਪ ਕਰਾਉਣਾ ਹੋਵੇ, ਵਿਦੇਸ਼ਾਂ ਦਾ ਵੀਜ਼ਾ ਲਗਵਾਉਣਾ ਹੋਵੇ, ਪਰਿਵਾਰ ਦਾ ਝਗੜਾ ਨਿਪਟਾਉਣਾ ਹੋਵੇ, ਸਰਕਾਰੀ ਕੰਮ ਕਢਵਾਉਣਾ ਹੋਵੇ, ਜ਼ਮੀਨਾਂ ਦਾ ਕਬਜ਼ਾ ਛੁਡਵਾਉਣਾ ਹੋਵੇ, ਉਲਾਦ ਨੂੰ ਆਗਿਆਕਾਰੀ ਬਣਾਉਣਾ ਹੋਵੇ, ਨਸ਼ਿਆਂ ਤੋਂ ਖਹਿੜਾ ਛੁਡਵਾਉਣਾ ਹੋਵੇ, ਗੁਆਂਢੀਆਂ ਦਾ ਭੱਠਾ ਗੁੱਲ ਕਰਵਾਉਣਾ ਹੋਵੇ। ਤੂੰ ਦੱਸ, ਤੇਰੇ ਲਈ ਅਸੀਂ ਕੀ ਕਰ ਸਕਦੇ ਆਂ। |
| ਸੀਬੋ : | ਅੱਛਿਆ ਬਾਬਾ ਜੀ, ਹੁਣ ਤਾਂ ਮੇਰਾ ਮਨ ਖੁਸ਼ ਹੋ ਗਿਆ ਕਿ ਮੈਂ ਸਹੀ ਥਾਂ ਤੇ ਪਹੁੰਚੀ ਆਂ। |
| ਪਾਲਾ : | ਖੁਸ਼ ਤਾਂ ਹੋਣਾ ਈ ਆ, ਬਾਬਾ ਜੀ ਦੇ ਦਰ ਤੇ ਆਇਆ, ਕੋਈ ਖਾਲ਼ੀ ਨੀ ਗਿਆ। |
| ਗੁਰੂ : | ਹਾਂ ਬੀਬਾ ਹੁਣ ਦੱਸੋ, ਤੁਹਾਨੂੰ ਕੀ ਦੁੱਖ ਆ। |
| ਸੀਬੋ : | ਬਾਬਾ ਜੀ ਮੇਰੇ ਤਿੰਨ ਮੁੰਡੇ ਨੇ। |
| ਗੁਰੂ : | ਫੇਰ ਕਾਹਦਾ ਦੁੱਖ ਐ। |
| ਸੀਬੋ : | ਮੇਰੀਆਂ ਅੱਖਾਂ ਸਾਹਮਣੇ ਤਾਂ ਹਰਵਕਤ ਦੁੱਖ ਮੰਡਰਾਉਂਦਾ ਫਿਰਦੈ। |
| ਗੁਰੂ : | ਕੀ ਕੰਮ ਕਾਰ ਚੰਗਾ ਨਹੀਂ ਚਲਦਾ। |
| ਸੀਬੋ : | ਕੰਮ ਕਾਰ ਤਾਂ ਬਥੇਰਾ ਚੰਗਾ ਚਲਦੈ। |
| ਗੁਰੂ : | ਬੱਚਿਆਂ ਦੀ ਪੜ੍ਹਾਈ ਬਾਰੇ ਕੋਈ ਪਰੋਬਲਮ ਆ। |

ਸੀਬੋ : ਬੱਚੇ ਤਾਂ ਸੁੱਖ ਨਾਲ ਮੇਰੇ ਸਾਰੀਆਂ ਏਆਂ ਈ ਲੈ ਕੇ ਆਉਂਦੇ ਨੇ।

ਗੁਰੂ : ਫੇਰ ਕਾਹਦਾ ਦੁੱਖ ਐ?

ਸੀਬੋ : ਬਾਬਾ ਜੀ ਮੈਨੂੰ ਤਾਂ ਮੇਰਾ ਬੁਢਾਪਾ ਖ਼ਤਰੇ 'ਚ ਨਜ਼ਰ ਆਉਂਦੈ।

ਗੁਰੂ : (ਹੈਰਾਨ ਹੋ ਕੇ) ਬੁਢਾਪਾ ਖ਼ਤਰੇ 'ਚ ਨਜ਼ਰ ਆਉਂਦੈ, ਉਹ ਕਿਵੇਂ?

ਸੀਬੋ : ਕੀ ਦੱਸਾਂ ਬਾਬਾ ਜੀ, ਮੇਰੇ ਕੋਈ ਕੁੜੀ ਨੀ।

ਗੁਰੂ : ਲੋਕ ਮੁੰਡਿਆਂ ਲਈ ਤਾਂ ਮੱਥੇ ਰਗੜਦੇ ਦੇਖੇ ਨੇ, ਤੂੰ ਕੁੜੀ ਲਈ ਆਈ ਏਂ।

ਸੀਬੋ : ਹਾਂ ਬਾਬਾ ਜੀ।

ਗੁਰੂ : ਕਿਉਂ?

ਸੀਬੋ : ਬਾਬਾ ਜੀ ਮੈਂ ਤਾਂ ਇੱਥੇ ਸਾਰੇ ਬਾਪੂ, ਬੀਬੀਆਂ ਨੂੰ ਦੇਖਦੀਆਂ, ਉਹਨਾਂ ਨੂੰ ਕੁੜੀਆਂ ਈ ਸਾਂਭਦੀਆਂ ਨੇ।

ਗੁਰੂ : ਨਾ ਤੇਰੇ ਮੁੰਡੇ ਸਿਆਣੇ ਤੇ ਲਾਈਕ ਨੀ, ਤੈਨੂੰ ਉਹਨਾਂ ਤੇ ਭਰੋਸਾ ਨੀ।

ਸੀਬੋ : ਭਰੋਸਾ ਵੀ ਹੈਗਾ, ਮੇਰੇ ਮੁੰਡੇ ਸਿਆਣੇ ਵੀ ਨੇ ਤੇ ਲਾਈਕ ਵੀ ਨੇ ਪਰ ਮੈਂ ਇਹ ਰਿਸਕ ਨੀ ਲੈਣਾ ਚਾਹੁੰਦੀ।

ਗੁਰੂ : ਅੱਛਿਆ, ਇਹ ਗੱਲ ਵੀ ਤੇਰੀ ਠੀਕ ਐ। ਪਰ ਇਸ ਉਮਰ ਵਿੱਚ।

ਸੀਬੋ : ਬਾਬਾ ਜੀ ਬੁਢਾਪੇ ਨਾਲੋਂ ਤਾਂ ਅਜੇ ਚੰਗੀ ਆਂ, ਏਸ ਉਮਰ 'ਚ ਤਾਂ ਸਾਰੇ ਦੁੱਖ ਸੁੱਖ ਸਹਿ ਲੂੰ, ਉਦੋਂ ਨੂੰ ਔਖੈ।

ਗੁਰੂ : ਆਹੋ ਬੀਬਾ ਟਰਾਈ ਕਰਨ 'ਚ ਕੀ ਹਰਜ਼ ਐ।

ਪਾਲਾ : ਬਾਬਾ ਜੀ ਕੰਮ ਤਾਂ ਕੋਈ ਨੀ ਅੜਦਾ, ਜੇ ਚੰਗੀ ਰੂਹ ਨਾਲ ਕੀਤਾ ਜਾਵੇ।

ਗੁਰੂ : ਆਹੋ ਬੀਬਾ, ਤੂੰ ਤਾਂ ਬਹੁਤੀ ਸਿਆਣੀ ਐ, ਤੂੰ ਅਜੇ ਏਸ ਉਮਰ ਦੇ ਬੁਢਾਪੇ ਬਾਰੇ ਹੀ ਸੋਚਦੀ ਐ।

ਸੀਬੋ : ਹੋਰ ਕੀ ਬਾਬਾ ਜੀ, ਮੈਨੂੰ ਤਾਂ ਬਚਨੀ ਨੇ ਦੱਸਿਆ ਕਿ ਤੁਸੀਂ

ਬਹੁਤ ਚੰਗੇ ਉਪਾਅ ਕਰਦੇ ਓਂ।

ਗੁਰੂ : ਬੀਬਾ ਅਸੀਂ ਤਾਂ ਲੋਕਾਂ ਦੇ ਅਗਲੇ ਜਨਮ ਦੇ ਦੁੱਖ ਨਵਿਰਤ ਕਰ ਦਿੰਦੇ ਹਾਂ, ਤੂੰ ਫਿਕਰ ਨਾ ਕਰ, ਨਾਲੇ ਸਾਡੇ ਮੂਹਰੇ ਦੁੱਖ ਕਿਵੇਂ ਅੜ ਜਾਊ?

ਸੀਬੋ : ਹੁਣ ਤੁਸੀਂ ਮੇਰਾ ਦੁੱਖ ਚੰਗੀ ਤਰ੍ਹਾਂ ਜਾਣ ਗਏ ਓਂ, ਹੁਣ ਫਿਰ ਕੋਈ ਚੰਗਾ ਜਿਹਾ ਇਲਾਜ ਕਰੋ।

ਗੁਰੂ : (ਚੇਲੇ ਨੂੰ) ਲਿਆ ਬਈ ਬੀਬੀ ਨੂੰ ਤਵੀਤ ਲਿਆ ਕੇ ਦੇ। ਚੇਲੇ ਤੋਂ ਫੜ ਕੇ ਮੰਤਰ ਪੜ੍ਹਨ ਲੱਗਦਾ ਹੈ। (ਸੀਬੋ ਨੂੰ) ਆ ਲੈ ਤਵੀਤ ਲੈ ਜਾ, ਘਰ ਵਾਲੇ ਦੇ ਡੌਲ਼ੇ ਨਾਲ ਬੰਨ੍ਹ ਦੇਈਂ।

ਸੀਬੋ : ਨਾ ਨਾ ਬਾਬਾ ਜੀ, ਇਹ ਕਰਕੇ ਮੈਨੂੰ ਘਰੋਂ ਕੱਢਵਾਉਣੈ।

ਪਾਲਾ : ਕੋਈ ਗੱਲ ਨਹੀਂ ਬੀਬੀ, ਤੂੰ ਫਿਕਰ ਨਾ ਕਰ, ਤੈਨੂੰ ਕੋਈ ਤਾਂ ਸਾਂਭੂੰ।

ਸੀਬੋ : ਕੁਸ਼ ਹੋਰ ਨੀ ਹੋ ਸਕਦਾ।

ਗੁਰੂ : ਤਾਂ ਉਹਦੇ ਸਿਰ੍ਹਾਣੇ ਥੱਲੇ ਰੱਖ ਦਈਂ।

ਸੀਬੋ : ਇਹ ਠੀਕ ਐ, ਇਹ ਤਾਂ ਹੋ ਜੂ, ਪਰ ਬਾਬਾ ਜੀ ਮੈਨੂੰ ਇਹ ਤਵੀਤ ਪਹਿਲੇ ਵਰਗਾ ਈ ਲੱਗਦੈ।

ਗੁਰੂ : ਬੀਬਾ ਤੂੰ ਘਬਰਾ ਨਾ, ਆਪਾਂ ਇਹਨੂੰ ਪੁੱਠਾ ਪੜ੍ਹਿਐ।

ਸੀਬੋ : ਹੈਂ ਪੁੱਠਾ ਪੜ੍ਹਿਐ, ਉਹ ਕਿਵੇਂ?

ਗੁਰੂ : ਤੈਨੂੰ ਪੁਲਿੰਗ ਦਾ ਇਸਤਰੀ ਲਿੰਗ ਬਣਾ ਕੇ ਦਿੱਤੈ।

ਪਾਲਾ : ਬੀਬੀ ਤੂੰ ਚਿੰਤਾ ਨਾ ਕਰ। ਬਾਬਾ ਜੀ ਬਹੁਤ ਕਰਨੀ ਵਾਲੇ ਨੇ।

ਸੀਬੋ : ਬਾਬਾ ਜੀ ਥੋਡੇ ਸਿਰ ਤੇ ਮੈਂਨੂੰ ਕਾਹਦੀ ਚਿੰਤਾ। ਮੇਰਾ ਤਾਂ ਰਿਸਕ ਦੂਰ ਹੋ ਗਿਆ। ਹੁਣ ਦੱਸੋ ਥੋਡੀ ਦੱਛਣਾ।

ਪਾਲਾ : ਬੀਬੀ ਐਡਾ ਵੱਡਾ ਤੇਰਾ ਰਿਸਕ ਦੂਰ ਹੋਇਐ। ਦਿਲ ਖੋਲ੍ਹ ਕੇ ਸੰਤਾਂ ਨੂੰ ਦਾਨ ਕਰ।

ਸੀਬੋ : ਆਹ ਲਓ ਬਾਬਾ ਜੀ, ਚੰਗਾ ਚਲਦੀ ਆਂ। (ਮੱਥਾ ਟੇਕ ਕੇ ਜਾਂਦੀਆਂ ਹਨ, ਬਚਨੀ ਪਿੱਛੇ ਹੋ ਕੇ ਬਾਬਿਆਂ ਨੂੰ ਇਸ਼ਾਰਾ ਜਿਹਾ ਕਰਦੀ ਹੈ।)

## ਦੂਜਾ ਸੀਨ

(ਕਿਸੇ ਹੋਰ ਦਿਨ ਚੌਂਕੀ ਤੇ ਬਾਬਾ ਜੀ ਬਿਰਾਜਮਾਨ ਹਨ ਤੇ ਗਾਹਕਾਂ ਦੀ ਉਡੀਕ ਕਰ ਰਹੇ ਹਨ।)

ਗੁਰੂ : ਪਾਲਿਆ ਤੇਰੀ ਬਚਨੀ ਨਾਲ ਫੇਰ ਨੀ ਗੱਲ ਹੋਈ, ਤੈਨੂੰ ਫੋਨ ਕਰਨ ਨੂੰ ਕਿਹਾ ਸੀ।

ਪਾਲਾ : ਉਹ ਕਹਿੰਦੀ ਸੀ, ਦੋ ਤਿੰਨ ਥਾਂ ਤੇ ਗੱਲ ਕੀਤੀ ਐ, ਸ਼ਾਇਦ ਗੱਲ ਬਣ ਹੀ ਜਾਵੇ।

ਗੁਰੂ : ਜਿਹੜੀ ਬੀਬੀ ਦੋ ਤਿੰਨ ਕੁ ਮਹੀਨੇ ਹੋ ਗਏ, ਕੁੜੀ ਹੋਣ ਦਾ ਉਪਾਅ ਕਰਾ ਕੇ ਲੈ ਗਈ ਸੀ, ਉਹਦਾ ਸੁੱਖ ਸੁਨੇਹਾ ਨੀ ਆਇਆ।

ਪਾਲਾ : ਉਹ ਤਾਂ ਮੈਂ ਪੁੱਛਣਾ ਈ ਭੁੱਲ ਗਿਆ, ਉਹਦੇ ਉਪਾਅ ਦਾ ਤਾਂ ਤੁੱਕਾ ਲੱਗ ਈ ਗਿਆ ਹੋਣੈਂ।

ਗੁਰੂ : ਉਹ ਤੁੱਕਾ ਨਾ ਵੀ ਲੱਗੇ, ਤਾਂ ਵੀ ਲੋਕ ਕਿਹੜਾ ਆਪਣੇ ਕੋਲ ਵਾਪਸ ਆਉਂਦੇ ਨੇ, ਉਹ ਸੋਚਦੇ ਨੇ ਕਿ ਉਹਨਾਂ ਤੋਂ ਹੀ ਉਪਾਅ ਕਰਨ ਵਿੱਚ ਕੋਈ ਗਲਤੀ ਰਹਿ ਗਈ ਹੋਣੀ ਆ।

ਪਾਲਾ : ਤਾਂ ਹੀ ਤਾਂ ਆਪਣਾ ਤੋਰੀ ਫੁਲਕਾ ਚੱਲੀ ਜਾਂਦੈ।

ਗੁਰੂ : ਸੱਚ ਮੈਂ ਤੈਨੂੰ ਪੁੱਛਣਾ ਹੀ ਭੁੱਲ ਗਿਆ, ਟੀਟੂ ਦੀ ਮੰਮੀ ਹੁਣ ਤਾਂ ਨੀ ਕੁਸ਼ ਕਹਿੰਦੀ।

ਪਾਲਾ : ਉਹ ਤਾਂ ਜੀ ਹਰ ਰੋਜ਼ ਈ ਕਹੀ ਜਾਂਦੀ ਐ।

ਗੁਰੂ : ਉਹ ਕਾਹਤੇ ਕਹੀ ਜਾਂਦੀ ਐ, ਤੂੰ ਲੱਤਾਂ ਘੁੱਟਣੀਆਂ ਤਾਂ ਨੀ ਛੱਡ ਤੀਆਂ।

ਪਾਲਾ : ਇਹ ਗੱਲ ਤਾਂ ਨੀ।

ਗੁਰੂ : ਉਂ ਮੈਂ ਕਦੇ ਕਦੇ ਸੋਚਦੈਂ ਕਿ ਟੀਟੂ ਤੇ ਸ਼ਿੰਦੂ ਦੀ ਮੰਮੀ ਠੀਕ ਈ ਕਹਿੰਦੀਆਂ ਨੇ

ਪਾਲਾ : ਉਹ ਕੀ ਠੀਕ ਕਹਿੰਦੀਆਂ ਨੇ?

ਗੁਰੂ : ਸ਼ਿੰਦੂ ਦੀ ਮੰਮੀ ਤਾਂ ਕਹਿੰਦੀ ਆ ਕਿ ਕੋਈ ਚੱਜ ਦਾ ਕੰਮ ਕਰ ਲੈ, ਮਿਹਨਤ ਵਾਲਾ। ਕਹਿੰਦੀ ਝੂਠ ਬੋਲ ਕੇ ਲੁੱਟਣ ਦਾ

ਨਤੀਜਾ ਮਾੜਾ ਨਿਕਲੂ।

ਪਾਲਾ : ਮਾੜਾ ਕੀ ਨਿਕਲੂ?

ਗੁਰੂ : ਕਹਿੰਦੀ ਜੁਆਕਾਂ ਤੇ ਗ਼ਲਤ ਅਸਰ ਪਊਗਾ, ਜਦੋਂ ਉਹਨਾਂ ਨੂੰ ਥੋਡੀ ਅਸਲੀਅਤ ਪਤਾ ਲੱਗੂ, ਫੇਰ ਉਹ ਜੁੱਤੀਆਂ ਮਾਰਨਗੇ।

ਪਾਲਾ : ਗੱਲ ਤਾਂ ਉਹਦੀ ਠੀਕ ਐ।

ਗੁਰੂ : ਹੁਣ ਕੀ ਕਰੀਏ, ਕੰਮ ਕਰਨ ਨੂੰ ਕਿਹੜਾ ਜੀਅ ਕਰਦੈ। ਜਦੋਂ ਗੱਪਾਂ ਮਾਰ ਕੇ ਡਾਲਰ ਬਣਦੇ ਹੋਣ।

ਪਾਲਾ : ਉਹਨੇ ਹੋਰ ਤਾਂ ਨੀ ਕੁਸ਼ ਕਿਹਾ?

ਗੁਰੂ : ਨਹੀਂ, ਕੀ ਗੱਲ ਤੂੰ ਡਰਦੈ ਜਿਹਾ ਕਿਉਂ ਐਂ? ਤੈਨੂੰ ਕਾਹਦੀ ਸ਼ੱਕ ਪੈ ਗਈ।

ਪਾਲਾ : ਗੱਲ ਈ ਡਰਨ ਵਾਲੀ ਕਹਿਤੀ ਟੀਟੂ ਦੀ ਮੰਮੀ ਨੇ ਤਾਂ।

ਗੁਰੂ : ਨਾ ਉਹਨੇ ਹੁਣ ਇਹੋ ਜਿਹਾ ਕੀ ਕਹਿ ਦਿੱਤਾ।

ਪਾਲਾ : ਉਹ ਕਹਿੰਦੀ ਸਮਝ ਜਾਓ, ਨਹੀਂ ਤਾਂ ਲੋਕਾਂ ਨੂੰ ਮੂੰਹ ਦਿਖਾਉਣ ਜੋਗੇ ਨੀ ਰਹਿਣਾ। ਅਖੇ ਗ਼ਲਤ ਕੰਮਾਂ ਦੇ ਗ਼ਲਤ ਨਤੀਜੇ ਹੁੰਦੇ ਐ।

ਗੁਰੂ : ਅਸੀਂ ਕੀ ਗ਼ਲਤ ਕਰਦੇ ਆਂ, ਸਾਡਾ ਕੀ ਕਸੂਰ ਆ। ਲੋਕ ਆਉਂਦੇ ਨੇ ਤਾਂ ਉਹਨਾਂ ਦਾ ਉਪਾਅ ਕਰਦੇ ਆਂ, ਨਾ ਆਉਣ। (ਬੇਪ੍ਰਵਾਹੀ ਨਾਲ) ਅਸੀਂ ਕਿਹੜਾ ਘਰੋਂ ਸੱਦਦੈ ਫਿਰਦੇ ਆਂ।

ਪਾਲਾ : ਉਹ ਕਹਿੰਦੀ ਪਤਾ ਉਦੋਂ ਲੱਗੂ, ਜਦੋਂ ਕੁਟਾਪਾ ਚੜ੍ਹਿਆ।

ਗੁਰੂ : ਛੱਡ ਉਏ ਛੱਡ, ਕਾਵਾਂ ਦੇ ਕਹੇ ਤੇ ਕਦੇ ਢੱਗੇ ਮਰੇ ਨੇ, ਮੈਨੂੰ 10 ਸਾਲ ਹੋਗੇ, ਇਸ ਬਿਜ਼ਨਿਸ ਵਿੱਚ ਪਏ ਨੂੰ, ਮਜ਼ਾਲ ਐ ਕਦੇ ਕੋਈ ਗੱਲ ਹੋਈ ਹੋਵੇ।

ਪਾਲਾ : ਜੇ ਨਾ ਹੋਵੇ ਤਾਂ ਚੰਗਾ ਈ ਆ, ਪਰ ਹੁਣ ਆ ਜਦੋਂ ਦੇ ਤਰਕਸ਼ੀਲ ਉੱਠੇ ਆ, ਉਦੋਂ ਦੇ ਰੰਗ 'ਚ ਭੰਗ ਪਾਉਣ ਲੱਗੇ ਹੋਏ ਆ।

ਗੁਰੂ : ਓਏ ਤੂੰ ਪਰਵਾਹ ਨਾ ਕਰ, ਆਪਣਾ ਕੋਈ ਕੁਸ਼ ਨੀ ਵਿਗਾੜ

ਸਕਦਾ, ਬੱਸ ਤੂੰ ਚੜ੍ਹਦੀਆਂ ਕਲਾਂ 'ਚ ਰਿਹਾ ਕਰ। ਆ ਲੈ ਫੜ੍ਹ, ਭੋਰਾ ਹੌਂਸਲਾਂ ਕਾਇਮ ਕਰ। ਐਂਵੇ ਦਿਲ ਛੱਡੀ ਬੈਂਠੈ। ਇਹ ਤੀਵੀਆਂ ਦੀ ਪਰਵਾਹ ਨੀ ਕਰੀਦੀ ਹੁੰਦੀ।

ਪਾਲਾ : ਗੁਰੂ ਜੀ ਮੈਨੂੰ ਲੱਗਦਾ ਐ, ਕੋਈ ਆ ਗਿਆ, ਬੈਠੋ ---–ਬੈਠੋ। ਆਸਣ ਲਾਓ।

(ਉਹ ਫਿਰ ਸਮਾਧੀ ਲਾਉਣ ਦਾ ਢਕਵੰਜ਼ ਕਰਦਾ ਹੈ।)

ਪਾਲਾ : ਬੀਬਿਓ ਆਓ ਆਓ ਆਪਣੇ ਦੁੱਖ ਨਵਿਰਤ ਕਰੋ।

(ਸੀਬੋ ਤੇ ਬਚਨੀ ਥੋੜ੍ਹੀ ਪਿੱਛੋਂ ਆਉਂਦੀਆਂ ਹਨ।)

ਸੀਬੋ : ਵੇ ਕੁੱਤਿਆ ਕਮੀਣਿਆ ਸਾਧਾ, ਵੇ ਤੂੰ ਝੂਠ ਬੋਲਦੈਂ।

ਗੁਰੂ : ਬੀਬਾ ਸ਼ਾਂਤ, ਸ਼ਾਂਤ।

ਸੀਬੋ : ਲੱਗਦਾ ਹੋਇਆ ਸ਼ਾਂਤ ਦਾ, ਮੇਰੇ ਅੰਦਰ ਲੱਗਿਆ ਪਿਐ ਲਾਂਬੂੰ।

ਗੁਰੂ : ਬੀਬਾ ਕੀ ਹੋਇਆ?

ਸੀਬੋ : ਬਚਨੀਏ ਮਾਰ ਨੀ ਇਹਦੇ ਮੱਥੇ 'ਚ ਆਹ ਡਾਕਟਰੀ ਰਿਪੋਰਟ, ਟੁੱਟ ਪੈਣੇ ਦੇ, ਜੀਹਦੇ 'ਚ ਲਿਖਿਐ, ਮੇਰੇ ਤਾਂ ਚੌਥਾ ਵੀ ਮੁੰਡਾ ਈ ਹੋਊ।

ਗੁਰੂ : ਬੀਬਾ ਘਬਰਾਈ ਦਾ ਨਹੀਂ, ਅਸੀਂ ਤਾਂ ਸਭ ਕੁੱਝ ਠੀਕ ਕਰਕੇ ਦਿੱਤਾ ਸੀ, ਤੈਥੋਂ ਗਲਤੀ ਹੋ ਗਈ ਹੋਣੀਆਂ।

ਸੀਬੋ : ਮੈਥੋਂ ਗ਼ਲਤੀ! ਮੈਂ ਤਾਂ ਗ਼ਲਤੀ ਵਾਲੇ ਦਿਨ ਜੰਮੀ ਨੀ। ਮੈਥੋਂ ਨੀ ਹੋ ਸਕਦੀ।

ਗੁਰੂ : ਕੋਈ ਨੀ ਬੀਬੀ ਬੱਚਾ ਤਾਂ ਬੱਚਾ ਈ ਹੁੰਦੈ।

ਸੀਬੋ : ਦੱਸਦੀਆਂ ਤੈਨੂੰ ਮੈਂ ਪਤਾ, ਅਖੇ ਬੱਚਾ ਤਾਂ ਬੱਚਾ ਈ ਹੁੰਦੈ। ਢੈ ਜਾਣਿਆ, ਤੇਰੇ ਕਹੇ ਤੇ ਮੈਂ ਐਡਾ ਵੱਡਾ ਰਿਸਕ ਲੈ ਲਿਆ, ਮੈਨੂੰ ਕੀ ਲੋੜ ਸੀ ਆਹ ਉਮਰ 'ਚ ਪੰਗਾ ਲੈਣ ਦੀ।

ਪਾਲਾ : ਬੀਬੀ, ਚੁੱਪ ---ਚੁੱਪ।

ਸੀਬੋ : ਧਗੜਾ ਹੋਇਆ, ਚੁੱਪ ਚੁੱਪ ਦਾ। ਚੁੱਪ ਤਾਂ ਮੈਂ ਕਰਾਊਂ ਥੋਨੂੰ, ਜੇ ਮੁੜ ਕੇ ਬੋਲਣ ਜੋਗੇ ਛੱਡ ਤੇ। (ਕੋਲ ਪਿਆ ਝਾੜੂ ਚੁੱਕ ਕੇ ਮਾਰਨ ਲੱਗਦੀ ਹੈ। ਉਹ ਅੱਗੇ ਅੱਗੇ ਭੱਜਦੇ ਹਨ।)

ਗੁਰੂ : ਬੀਬੀ, ਅਸੀਂ ਥੋਡੇ ਪੈਸੇ ਮੋੜ ਦਿੰਨੇ ਆਂ। ਰੌਲ਼ਾ ਨਾ ਪਾ।

ਸੀਬੋ : ਰੌਲ਼ਾ ਤਾਂ ਹੁਣ ਪੈ ਗਿਆ, ਮੇਰੇ ਤਾਂ ਕੀ ਤੁਸੀਂ ਤਾਂ ਅਗਲਿਆਂ ਪਿੱਛਲਿਆਂ ਦੇ ਵੀ ਪੈਸੇ ਮੋੜੋਗੇਂ। ਮੈਂ ਚਕਾ ਦੂ ਥੋਡੇ ਚੌਂਕੜੇ। ਤੁਸੀਂ ਕੀ ਸਮਝੋਗੇ, ਪੰਗਾ ਕੀਹਦੇ ਨਾਲ ਪੈ ਗਿਆ। ਆਉਂਦਾ ਸੋਨੀ ਦਾ ਬਾਪੂ ਪੁਲਸ ਲੈ ਕੇ।

ਗੁਰੂ : ਹੈਂ ਪੁਲਸ!

(ਆਪਣੀਆਂ ਪੋਟਲੀਆਂ ਜਿਹੀਆਂ ਚੱਕ ਕੇ ਭੱਜਣ ਦੀ ਕੋਸ਼ਿਸ਼ ਕਰਦੇ ਹਨ। ਐਨੇ ਨੂੰ ਪੁਲੀਸ ਆ ਕੇ ਦਬੋਚ ਲੈਂਦੀ ਹੈ।)

ਪਾਲਾ ਤੇ ਗੁਰੂ : ਬੀਬੀ ਸਾਨੂੰ ਮਾਫ਼ ਕਰ ਦਿਓ, ਅੱਗੇ ਤੋਂ ਗ਼ਲਤੀ ਨਹੀਂ ਕਰਦੇ, ਮਾਫ਼ ਕਰਦੋ, ਮਾਫ਼ ਕਰਦੋ-----

ਪਾਲਾ : ਟੀਟੂ ਦੀ ਮੰਮੀ ਮਾਫ਼ ਕਰ ਦਈਂ।

ਗੁਰੂ : ਸ਼ਿੰਦੂ ਦੀ ਮੰਮੀ ਬਚਾ ਲੈ, ਲੋਕੋ ਮਾਫ਼ ਕਰਦੋ, ਮੈਂ ਲਾਏ ਕੰਨਾਂ ਨੂੰ ਹੱਥ ਅੱਗੇ ਤੋਂ ਨੀ ਕਰਦਾ।

**ਸਮਾਪਤ**

*ਇਹ ਸਕਿੱਟ "ਰਿਸਕ" ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ ਵਲੋਂ 2013 ਤੇ ਪ੍ਰੋਗਰੈਸਿਵ ਆਰਟ ਕਲੱਬ ਵਲੋਂ 3 ਜਨਵਰੀ 2016 ਕ੍ਰਮਵਾਰ ਬੇਅਰ ਕਰੀਕ ਪਾਰਕ ਤੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਮੰਚਤ ਕਰਵਾਏ ਗਏ। ਹੇਠ ਲਿਖੇ ਕਲਾਕਾਰਾਂ ਨੇ ਆਪਣੀ ਤਨਦੇਹੀ ਨਾਲ ਇਸ ਵਿੱਚ ਆਪਣਾ ਰੋਲ ਨਿਭਾਇਆ।*

ਸਨਦੀਪ ਕੌਰ ਧਾਲੀਵਾਲ - ਚੇਲਾ
ਪਰਮਿੰਦਰ ਕੌਰ ਸਵੈਚ - ਗੁਰੁ
ਪਰਮਜੀਤ ਕੌਰ ਗਿੱਲ - ਸੀਬੋ
ਸੰਤੋਖ ਸਿੰਘ ਢੇਸੀ - ਗੁਰੁ
ਹਰਪ੍ਰੀਤ ਸਿੰਘ ਗਰੇਵਾਲ - ਚੇਲਾ
ਕੁਲਦੀਪ ਥਾਂਦੀ (ਟੋਨੀ) - ਸੀਬੋ
ਮਨਜੀਤ ਕੌਰ ਲਿੱਧੜ - ਬਚਨੀ
ਇੱਕਬਾਲ ਪੁਰੇਵਾਲ - ਪੁਲਸ ਕਰਮਚਾਰੀ
ਹਰਪਾਲ ਗਰੇਵਾਲ - ਪੁਲਸ ਕਰਮਚਾਰੀ

# ਨਵੀਆਂ ਰਾਹਾਂ

**ਪਾਤਰ**

ਮਾਂ - 50 ਸਾਲ ਤੋਂ ਵਡੇਰੀ ਉਮਰ ਦੀ ਔਰਤ

ਦੀਪੀ - ਉਹਦੀ ਲੜਕੀ ਦੀ ਸਹੇਲੀ

ਸ਼ਿੰਦਰ - ਉਹਦੀ ਆਪਣੀ ਬੇਟੀ

(ਮਾਂ ਸੋਫੇ ਤੇ ਬੈਠੀ ਤੇ ਬੈਠੀ ਸਵਾਟਰ ਬੁਣ ਰਹੀ ਹੈ ਤਾਂ ਸ਼ਿੰਦਰ ਦੀ ਸਹੇਲੀ ਦੀਪੀ ਆਉਂਦੀ ਹੈ।)

ਦੀਪੀ : ਆਂਟੀ ਸਾਸਰੀ ਅਕਾਲ।

ਮਾਂ : ਸਾਸਰੀ ਕਾਲ ਧੀਏ।

ਦੀਪੀ : ਆਂਟੀ ਸ਼ਿੰਦਰ ਘਰ ਦੀਂਹਦੀ ਨੀ, ਕਿਤੇ ਗਈ ਹੋਈ ਆ?

ਮਾਂ : ਹੁਣ ਤਾਂ ਬਹੁਤ ਚਿਰ ਹੋ ਗਿਆ ਗਈ ਨੂੰ, ਆਉਣ ਵਾਲੀ ਓ ਹੋਣੀ ਆ।

ਦੀਪੀ : ਦੱਸ ਕੇ ਨਹੀਂ ਗਈ, ਕਿੱਥੇ ਗਈ ਆ।

ਮਾਂ : ਹੋਰ ਕਿੱਥੇ ਜਾਣਾ, ਅੱਜ ਪ੍ਰੋਗਰਾਮ ਤੇ ਜਾਣ ਕਰਕੇ ਪਾਰਲਰ ਦੇ ਪਹੁੰਚੀ ਹੋਣੀ ਆ। ਤੂੰ ਕਿਵੇਂ ਗੇੜਾ ਮਾਰਿਆ?

ਦੀਪੀ : ਮੈਂ ਵੀ ਆਂਟੀ ਪ੍ਰੋਗਰਾਮ ਕਰਕੇ ਈ ਆਈ ਸੀ, ਸ਼ਿੰਦਰ ਕਹਿੰਦੀ ਸੀ ਐਥੋਂ ਹੀ ਤਿਆਰ ਹੋ ਕੇ ਚੱਲਾਂਗੀਆਂ।

(ਸ਼ਿੰਦਰ ਅੰਦਰ ਆਉਂਦੀ ਹੈ ਤੇ ਦੀਪੀ ਵੱਲ ਦੇਖ ਕੇ)

ਸ਼ਿੰਦਰ : ਆ ਗੀ ਦੀਪੀ, ਆਪਾਂ ਲੇਟ ਤਾਂ ਨੀ ਹੋਵਾਂਗੀਆਂ?

ਦੀਪੀ : ਅਜੇ ਤਾਂ ਪਿਆ ਡੇਢ ਘੰਟਾ, ਆਹ ਐਥੋਂ ਤਾਂ ਟਾਈਮ ਵੀ ਬਹੁਤਾ ਨੀ ਲੱਗਣਾ ਜਾਣ ਨੂੰ।

ਸ਼ਿੰਦਰ : ਆਹੋ ਆਪਣੇ ਪ੍ਰੋਗਰਾਮ ਤਾਂ, ਪੰਜਾਬੀਆਂ ਦੇ ਟਾਈਮ ਨਾਲੇ ਸ਼ੁਰੂ ਹੁੰਦੇ ਨੇ। ਮੈਂ ਤਾਂ ਐਥੇ ਆਉਣ ਨੂੰ ਤੈਨੂੰ ਤਾਂ ਕਿਹਾ ਸੀ, ਮੈਂ ਤੈਨੂੰ ਆਪਣੇ ਸੂਟ ਦਿਖਾਉਣੇ ਸੀ, ਅੱਜ ਈ ਕੋਰੀਅਰ ਆਇਆ।

(ਕੱਪੜੇ ਲੈਣ ਜਾਂਦੀ ਹੈ।)

ਮਾਂ : ਅੱਛਿਆ ਕੱਲ੍ਹ ਕੱਪੜੇ ਈ ਆਏ ਹੋਣੇ ਨੇ।

(ਸੂਟ ਲਿਆ ਕੇ ਰੱਖਦੀ ਹੈ।)

ਦੀਪੀ : ਵਾਓ ਸ਼ਿੰਦਰ ਸੱਚੀਂ ਇਹ ਤਾਂ ਬਹੁਤ ਹੀ ਸੋਹਣੇ ਨੇ, ਘਰ ਬੈਠੇ ਬਿਠਾਏ ਡੀਜ਼ਾਈਨਰ ਕੱਪੜੇ ਮਿਲ ਗਏ।

ਸ਼ਿੰਦਰ : ਮੈਂ ਤਾਂ ਹੁਣ ਸਾਰੀ ਡੀਲ ਫੋਨ ਤੇ ਕਰ ਲੈਂਦੀ ਆਂ, ਫੋਟੋਆਂ ਸਿਲੈਕਟ ਕਰ ਲਈਦੀਆਂ ਨੇ, ਉਹ ਭੇਜ ਦਿੰਦੇ ਨੇ।

ਦੀਪੀ : ਰੀਅਲੀ, ਮੈਨੂੰ ਤਾਂ ਬਹੁਤ ਪਸੰਦ ਆਏ, ਮੈਂ ਵੀ ਤੈਨੂੰ ਆਪਣਾ ਨਾਪ ਦਿਊਂਗੀ, ਮੈਨੂੰ ਵੀ ਮੰਗਵਾ ਕੇ ਦੇਵੀਂ।

ਸ਼ਿੰਦਰ : ਨੋ ਪਰੋਬਲਮ, ਮੈਂ ਤਾਂ ਕਦੋਂ ਦਾ ਔਰਡਰ ਕੀਤਾ ਸੀ, ਹੁਣ ਤਾਂ ਇਹੀ ਉਡੀਕਦੀ ਸੀ ਕਿ ਛੇਤੀ ਪਹੁੰਚ ਜਾਣ।

ਮਾਂ : ਕੁੜੇ ਛੇਤੀ ਕਿਉਂ?

ਸ਼ਿੰਦਰ : ਗਰਮੀਆਂ ਵਿੱਚ ਈ ਤਾਂ ਸਾਰੇ ਪ੍ਰੋਗਰਾਮ ਹੁੰਦੇ ਨੇ। ਮਾਤਾ ਇਹ ਹੋਰ ਪਾਉਣੇ ਕਦੋਂ ਨੇ।

ਦੀਪੀ : ਸ਼ਿੰਦਰ ਪ੍ਰੋਗਰਾਮਾਂ ਦਾ ਤਾਂ ਕੋਈ ਅੰਤ ਨੀ, ਇੱਟ ਚੁੱਕੋ ਤੋਂ ਪ੍ਰੋਗਰਾਮ ਨਿਕਲ ਆਉਂਦਾ।

ਮਾਂ : ਆਹੋ ਧੀਏ ਇੰਡੀਆ ਤਾਂ ਹੁੰਦਾ ਸੀ ਸਾਉਣ ਦੇ ਵਿੱਚ ਤੀਆਂ ਦਾ ਮੇਲਾ, ਐਥੇ ਤੀਆਂ ਦੇ ਮੇਲੇ ਨਾ ਗਰਮੀ ਦੇਖਦੇ ਨੇ ਨਾ ਸਰਦੀ, ਰੋਜ਼ ਏ ਮੇਲੇ।

ਸ਼ਿੰਦਰ : (ਹੱਸ ਕੇ) ਮਾਂ ਏਥੇ ਮੀਂਹ ਦੇ ਹਿਸਾਬ ਨਾਲ ਮੇਲੇ ਲੱਗਦੇ ਨੇ।

ਮਾਂ : ਨੀ ਧੀਏ, ਮੇਲੇ ਤਾਂ ਲਾਓ ਜੀ ਸਦਕੇ, ਪਰ ਹੋਣ ਜਿਹੜੇ 'ਕੱਠੇ ਪਰਿਵਾਰਾਂ ਦੇ। ਜੀਹਦੇ ਵਿੱਚ ਆਦਮੀ ਔਰਤਾਂ, ਬੱਚੇ ਸਭ ਸ਼ਾਮਲ ਹੋ ਕੇ ਖੁਸ਼ੀਆਂ ਮਨਾਉਣ। ਆਹੋ ਸਾਰੀ ਦਿਹਾੜੀ ਤਾਂ ਸਭ ਕੰਮਾਂ ਤੇ ਹੁੰਦੇ ਨੇ, ਸ਼ਾਮ ਨੂੰ ਪਰਿਵਾਰ ਨੇ 'ਕੱਠਾ ਬੈਠਣਾ ਹੁੰਦੇ। ਅਸੀਂ ਉੱਠ ਕੇ ਮੇਲਾ ਦੇਖਣ ਤੁਰ ਪੈਂਨੀਆਂ, ਦੀਪੀ ਸਾਡਾ ਤਾਂ ਮੁੰਡਾ ਤੇ ਉਹਦਾ ਬਾਪੂ ਬਹੁਤ ਕਿੜ ਕਿੜ ਕਰਦੇ ਨੇ।

ਦੀਪੀ : ਆਂਟੀ ਮੇਰੀ ਤਾਂ ਇੱਕੋ ਫਰੈਂਡ ਪ੍ਰੋਗਰਾਮ ਕਰਦੀ ਐ ਉਹ ਦਿਨ ਦਾ ਕਰਦੀ ਐ ਨਹੀਂ ਤਾਂ ਆਪਾਂ ਕਹਿ ਈ ਦਿੰਦੇ।

ਮਾਂ : ਕਹਿਣ ਨੂੰ ਤਾਂ ਕੀ ਐ, ਅਗਲੇ ਨੇ ਆਪਣੀ ਮਰਜ਼ੀ ਕਰਨੀ ਐ, ਮੇਰੇ ਕਹਿਣ ਦਾ ਮਤਲਬ ਤਾਂ ਇਹ ਐ ਕਿ ਅਗਲਾ ਪਰਿਵਾਰ 'ਚ ਬੈਠ ਕੇ ਕੋਈ ਗਲਤੀ ਨੀ ਕਰਦਾ। ਨਹੀਂ ਤਾਂ------

ਸ਼ਿੰਦਰ : ਛੱਡ ਮਾਂ, ਦੀਪੀ ਮੈਨੂੰ ਦੱਸ, ਮੈਂ ਕਿਹੜਾ ਸੂਟ ਪਾਵਾਂ। ਮੈਨੂੰ ਆਪ ਤਾਂ ਸਮਝ ਈ ਨੀ ਲੱਗਦੀ ਕਿਹੜਾ ਪਾਵਾਂ।

ਮਾਂ : ਜੇ ਤਾਂ ਥੋੜ੍ਹੇ ਹੋਣ, ਫਿਰ ਤਾਂ ਛੇਤੀ ਦੇ ਕੇ ਪਤਾ ਲੱਗ ਜਾਵੇ ਹੁਣ---------

ਦੀਪੀ : ਅੱਜ ਆਹ ਪਾ ਲੈ, ਅਗਲੇ ਪ੍ਰੋਗਰਾਮ ਤੇ ਆਹ ਪਾ ਲੀਂ।

ਸ਼ਿੰਦਰ: ਦੀਪੀ, ਮੈਂ ਤਾਂ ਜਿਹੜਾ ਸੂਟ ਇੱਕ ਪ੍ਰੋਗਰਾਮ ਤੇ ਜਿਹੜਾ ਪਾ ਲਿਆ, ਮੁੜਕੇ ਨੀ ਪਾਇਆ। ਕੋਈ ਕਹਿ ਨਹੀਂ ਸਕਦਾ ਕਿ ਇਹ ਪਹਿਲਾਂ ਦੇਖਿਆ ਹੋਇਆ।

ਮਾਂ : ਆਹੋ ਲੋਕਾਂ ਨੂੰ ਤਾਂ ਵਿਹਲ ਤੇਰੇ ਸੂਟ ਦੇਖਣ ਦੀ ਓ ਆ, ਉਹਨਾਂ ਨੂੰ ਕਿਹੜਾ ਕੋਈ ਹੋਰ ਕੰਮ ਆ।

ਸ਼ਿੰਦਰ : ਮਾਂ ਹੁਣ ਲੈਕਚਰ ਦੇਣ ਨੂੰ ਰਹਿਣ ਦੇ, ਸਾਨੂੰ ਸਭ ਪਤੈ।

ਮਾਂ: ਦੀਪੀ ਇਹਨੂੰ ਪੁੱਛ ਸੂਟਾਂ ਦੀ ਇਹਨੂੰ ਕੋਈ ਤੋਟ ਆ, ਆਹ ਕਲੋਜ਼ਟਾਂ ਨੂੰ ਸਾਹ ਨੀ ਆਉਂਦਾ।

ਸ਼ਿੰਦਰ : ਮਾਂ ਉਹ ਪੁਰਾਣੇ ਨੇ।

ਮਾਂ : ਤੇਰੇ ਤਾਂ ਛੇ ਮਹੀਨੇ ਵਿੱਚ ਪੁਰਾਣੇ ਹੋ ਜਾਂਦੇ ਨੇ। ਤਾਂਹੀ ਤਾਂ ਬਿੱਗ ਬ੍ਰਦਰ ਵਾਲੇ 10 ਦਿਨ ਨੀ ਪੈਣ ਦਿੰਦੇ ਫੋਨ ਕਰਨ ਨੂੰ।

ਸ਼ਿੰਦਰ : ਮਾਂ ਕੰਮ ਇੱਥੋ ਏਸੇ ਲਈ ਕਰਦੇ ਆਂ ਖਾਣ ਪਹਿਨਣ ਲਈ, ਤੂੰ ਤਾਂ ਮੇਰੇ ਨਾਲ ਸੱਸਾਂ ਵਾਂਗੂੰ ਲੜਦੀ ਰਹਿੰਦੀ ਆਂ।

ਮਾਂ : ਸੱਸਾਂ ਨੂੰ ਕਾਹਨੂੰ ਬਦਨਾਮ ਕਰਦੀ ਐਂ ਧੀਏ, ਨੂੰਹ ਹੋਵੇ ਜਾਂ ਧੀ, ਸੱਚੀਂ ਗੱਲ ਤਾਂ ਹਰੇਕ ਨੂੰ ਚੁਭਦੀ ਐ। ਆਹ ਜੁਆਕ ਸਾਰੀ ਦਿਹਾੜੀ ਵਿਚਾਰੇ ਕੰਮਪਿਊਟਰਾਂ, ਟੀਵੀਆਂ ਤੇ ਫੋਨਾਂ ਤੇ ਲੱਗੇ ਰਹਿੰਦੇ ਨੇ, ਬਈ ਤੇਰੇ ਕੋਲ ਕੋਈ ਟਾਈਮ ਨੀ ਉਹਨਾਂ ਲਈ।

ਦੀਪੀ : ਆਂਟੀ ਅਸੀਂ ਵੀ ਕੀ ਕਰੀਏ, ਸਾਰੀ ਦਿਹਾੜੀ ਤਾਂ ਥੱਕ ਟੁੱਟ

ਕੇ ਆਈਦੈ। ਥੋਡੇ ਤਾਂ ਤੁਸੀਂ ਬੱਚਿਆਂ ਦੀ ਲੁੱਕ ਆਫਟਰ ਕਰੀ ਜਾਂਦੇ ਓਂ।

ਮਾਂ : ਧੀਏ ਮਾਂ-ਬਾਪ, ਮਾਂ-ਬਾਪ ਈ ਹੁੰਦੇ ਆ। ਉਹਨਾਂ ਲਈ ਅਸੀਂ ਚਾਹੇ ਲੱਖ ਹੋਈਏ ਪਰ ਥੋਡੀ ਥਾਂ ਨੀ ਲੈ ਸਕਦੇ। ਆਹ ਕੱਪੜਿਆਂ ਦੀ ਓ ਗੱਲ, ਅਸੀਂ ਤਾਂ ਉਹ ਦਿਨ ਵੀ ਦੇਖੇ ਨੇ ਜਦੋਂ ਸਲਵਾਰ ਨੇ ਗੋਡਿਆਂ ਤੋਂ ਫਟ ਜਾਣਾ ਤਾਂ ਟਾਕੀ ਕੱਢ ਕੇ ਉੱਪਰੋਂ ਥੱਲੇ ਕਰ ਲੈਣੀ, ਬਈ ਦੋ ਮਹੀਨੇ ਹੋਰ ਨਿਕਲ ਜਾਣਗੇ। ਜਦੋਂ ਐਥੇ ਨੂੰ ਆਏ ਆਂ ਕੀ ਸੀ ਸਾਡੇ ਕੋਲ, ਤਿੰਨ ਸੂਟ ਮੇਰੇ ਕੋਲ ਦੋ ਤੇਰੇ ਬਾਪੂ ਕੋਲ। ਛੇ ਮਹੀਨੇ ਬਾਅਦ, ਅਸੀਂ ਫਾਰਮਾਂ'ਚ ਕੰਮ ਕਰਕੇ ਤੇਰੇ ਬਾਪੂ ਲਈ ਗਰਾਜ਼ ਸੇਲ ਤੋਂ ਪੈਂਟ ਕਮੀਜ਼ ਲਿਆ ਸੀ, ਉਦੋਂ ਤਾਂ ਦਿਹਾੜੀ ਵੀ 4-5 ਡਾਲਰ ਮਿਲਦੀ ਹੁੰਦੀ ਸੀ। ਪਹਿਲੇ ਦੋ ਸਾਲ ਤਾਂ ਕਰਜ਼ਾ ਈ ਲਾਹੀ ਗਏ ਐਧਰ ਨੂੰ ਆਉਣ ਕਰਕੇ ਜਿਹੜਾ ਲਿਆ ਸੀ। ਉਦੋਂ ਸਾਡਾ ਤਾਂ ਇਹੀ ਖਿਆਲ ਹੁੰਦਾ ਸੀ ਕਿ ਬੱਸ ਜੁਆਕਾਂ ਨੂੰ ਪੜ੍ਹਾ ਲਈਏ।

ਸ਼ਿੰਦਰ : ਮਾਂ ਛੱਡਿਆ ਵੀ ਕਰ ਇੰਨਾ ਗੱਲਾਂ ਨੂੰ, ਹੁਣ ਉਹ ਜ਼ਮਾਨੇ ਗਏ ਟਾਕੀਆਂ ਲਾਉਣ ਵਾਲੇ।

ਮਾਂ : ਥੋਨੂੰ ਤਾਂ ਸ਼ਰਮ ਵੀ ਆਉਂਦੀ ਹੋਣੀ ਆ, ਟਾਕੀਆਂ ਦੀਆਂ ਗੱਲਾਂ ਨਾਲ, ਨਾਲੇ ਤੂੰ ਟਾਕੀਆਂ? ਤੂੰ ਤਾਂ ਨਵੇਂ ਸੂਟ ਗਾਰਬੇਜ਼ ਵਿੱਚ ਪਾ ਦਿੰਨੀਆਂ। ਅਖੇ ਇਹਦੀ ਸਿਲਾਈ ਠੀਕ ਨੀ, ਇਹਦਾ ਰੰਗ ਠੀਕ ਨੀ, ਇਹਦਾ ਹੁਣ ਫੈਸ਼ਨ ਨੀ, ਇਹ ਤਾਂ ਹੁਣ ਫਲਾਣੀ ਦੇ ਪਾਇਆ ਹੋਇਆ। ਦੂਰ ਫਿੱਟੇ ਮੂੰਹ, ਇਹ ਵੀ ਕੋਈ ਗੱਲਾਂ ਨੇ, ਪੈਸਾ ਬਰਬਾਦ ਕਰਨ ਨੂੰ।

ਸ਼ਿੰਦਰ : ਮਾਂ ਐਂਵੇ ਨਾ ਕਲਪਿਆ ਕਰ, ਐਹੋ ਜਿਹੀਆਂ ਗੱਲਾਂ ਤੇ।

ਦੀਪੀ : ਆਂਟੀ ਤੁਸੀਂ ਵਰ੍ਹੀ ਨਾ ਕਰਿਆ ਕਰੋ, ਹੁਣ ਸਭ ਲੋਕਾਂ ਕੋਲ ਪ੍ਰਵਾਹ ਈ ਕੱਪੜੇ ਲੀੜੇ ਦੀ ਰਹਿ ਗਈ ਐ, ਹੋਰ ਗੱਲਾਂ ਵੱਲ ਕਿਸੇ ਦਾ ਧਿਆਨ ਹੀ ਨਹੀਂ। ਬੱਸ ਦਿਖਾਵਾ ਈ ਰਹਿ ਗਿਆ।

ਮਾਂ : ਇਹੀ, ਇਹੀ, ਬੱਸ ਇਹੀ ਤਾਂ ਮੈਂ ਕਹਿੰਨੀਆਂ, ਕੱਪੜਿਆਂ ਤੇ ਮੇਅਕੱਪ ਨੂੰ ਹੀ ਜ਼ਿੰਦਗੀ ਨਾ ਬਣਾਓ। ਕੁਦਰਤ ਨੇ ਮਨੁੱਖਾ ਜਨਮ ਦਿੱਤੈ , ਬਹੁਤ ਕੁੱਝ ਪਿਐ ਕਰਨ ਨੂੰ, ਮਨੁੱਖ ਨੇ ਹੀ ਸੰਵਾਰਨਾ ਇਹ ਦੁਨੀਆਂ ਨੂੰ, ਜੇ ਆਪਾਂ ਈ ਇੱਥੇ ਗੰਦ

ਪਾਉਣ ਲੱਗ ਗੇ ਫੇਰ ਕੀਹ ਤੋਂ ਆਸ ਕਰਾਂਗੇ, ਆਹ ਬੇਜ਼ਬਾਨੇ ਜੀਵ ਜੰਤੂਆਂ ਤੋਂ।

ਦੀਪੀ : ਆਂਟੀ ਗੱਲਾਂ ਤਾਂ ਸੱਚੀਂ ਤੁਸੀਂ ਬਹੁਤ ਚੰਗੀਆਂ ਕਰਦੇ ਓਂ, ਤੁਸੀਂ ਨੀ ਸਾਡੇ ਨਾਲ ਅੱਜ ਪ੍ਰੋਗਰਾਮ ਤੇ ਜਾਣਾ।

ਸ਼ਿੰਦਰ : (ਇਸ਼ਾਰੇ ਨਾਲ ਦੀਪੀ ਨੂੰ ਮੂੰਹ ਤੇ ਉਂਗਲ ਰੱਖ ਕੇ ਚੁੱਪ ਕਰਨ ਲਈ ਕਹਿੰਦੀ ਹੈ।)

ਮਾਂ : ਬੱਸ ਬੱਸ ਬੱਸ ਧੀਏ ਬੱਸ, ਮੇਰੇ ਤਾਂ ਪਿਛਲੀ ਵਾਰ ਇਹਨੇ ਕੰਨਾਂ ਨੂੰ ਹੱਥ ਲਵਾ ਤੇ, ਮੈਂ ਤਾਂ ਹੁਣ ਨਾਲ ਤੁਰਨ ਤੋਂ ਵੀ ਡਰਦੀ ਆਂ।

ਦੀਪੀ : (ਹੈਰਾਨ ਹੋ ਕੇ) ਆਂਟੀ ਪਿਛਲੀ ਵਾਰੀ! ਮੈਂ ਤਾਂ ਗਈ ਨੀ ਸੀ, ਕੀ ਹੋ ਗਿਆ?

ਮਾਂ : ਨੀ ਹੋਣਾ ਕੀ ਸੀ ਮੇਰੇ ਤਾਂ ਸਿਆਣੀ ਬਿਆਣੀ ਦੇ ਝਾਟੇ ਖੇਹ ਪਾਉਣ ਵਾਲੀ ਗੱਲ ਕੀਤੀ ਐ।

ਸ਼ਿੰਦਰ : ਮਾਂ ਤੈਨੂੰ ਸੌਰੀ ਕਹਿ ਤਾਂ ਦਿੱਤਾ, ਕਿਉਂ ਹੁਣ ਉਸੇ ਗੱਲ ਨੂੰ ਰਿੜਕੀ ਜਾਂਦੀ ਐਂ।

ਦੀਪੀ : ਆਂਟੀ ਦੱਸੋ ਤਾਂ ਸਈ ਕੀ ਹੋਇਆ ਸੀ?

ਮਾਂ : ਨੀ ਭਾਈ ਓਧਣ ਜਾਣ ਲੱਗੀ ਕਹਿੰਦੀ ਮਾਂ ਤੇਰੇ ਪਰਸ ਵਿੱਚ ਜਰੂਰੀ ਸਮਾਨ ਪਾਉਣਾ, ਮੈਂ ਉੱਥੇ ਜਾ ਲੈ ਲੂੰ ਗੀ, ਫੁੱਟ ਜੇ ਮੇਰੀ ਕਿਸਮਤ ਮੈਂ ਵੀ ਨਾ ਦੇਖਿਆ, ਮੈਂ ਕਿਹਾ ਕੋਈ ਜਰੂਰੀ ਚੀਜ਼ ਹੋਣੀਆ। ਉਵੇਂ ਕੁੱਛੜ ਵਿੱਚ ਲੈ ਕੇ ਪਰਸ ਉਵੇਂ ਚਲੀਆਂ ਗਈਆਂ। ਜਦੋਂ ਉੱਥੇ ਪਹੁੰਚੇ, ਅਗਲੀਆਂ ਨੇ ਉੱਥੇ ਸਕੋਰਟੀ ਗਾਰਡ ਰੱਖੇ ਹੋਏ, ਕਹਿੰਦੇ ਮਾਤਾ ਪਰਸ ਦਿਖਾ, ਮੈਂ ਤਾਂ ਫੱਟ ਦੇਣੇ ਫੜਾ ਤਾ। ਮੁੰਡਾ ਪਰਸ 'ਚ ਝਾਤੀ ਮਾਰ ਕੇ ਕਹਿੰਦਾ, "ਮਾਂ ਇੱਕ ਪਾਸੇ ਆਈ, ਤੇਰੇ ਨਾਲ ਗੱਲ ਕਰਨੀ ਆ"। ਭਾਈ ਮੈਂ ਚਲੀ ਗਈ, ਮੈਂ ਤਾਂ ਮਨ 'ਚ ਸੋਚਿਆ, ਸਾਡੇ ਕਿਸੇ ਰਿਸ਼ਤੇ ਰੁਸ਼ਤੇਦਾਰਾਂ ਦਾ ਮੁੰਡਾ ਹੋਣੈ, ਮੈਨੂੰ ਪਛਾਣਦਾ ਹੋਣੈ, ਕੋਈ ਰਿਸ਼ਤੇਦਾਰੀ ਕੱਢੂ। ਉਹ ਕਹਿੰਦਾ, "ਆਂਟੀ ਤੈਨੂੰ ਪਤੈ ਤੇਰੇ ਪਰਸ 'ਚ ਕੀਆ?" ਮੈਂ ਕਿਹਾ, "ਮੇਰੇ ਪਰਸ 'ਚ ਕੀ ਆ, ਜੇ ਮੈਨੂੰ ਨੀ ਪਤਾ ਹੋਰ ਗਵਾਂਢੀਆਂ ਨੂੰ ਪਤੈ।" ਉਹ ਕਹੇ, "ਤੂੰ ਯਕੀਨ ਨਾਲ ਕਹਿੰਦੀ ਆ"। ਮੈਂ ਕਿਹਾ, "ਹਾਂ" ਤਾਂ ਭਾਈ ਉਹਨੇ ਤਾਂ ਹੱਥ ਕੁ ਜਿੱਡੀ ਸ਼ਰਾਬ ਦੀ ਬੋਤਲ ਕੱਢ

ਕੇ ਮੇਰੇ ਹੱਥ ਤੇ ਰੱਖਤੀ। ਮੇਰੀਆਂ ਤਾਂ ਖਾਨਿਓਂ ਗਈਆਂ ਇਹ ਭਾਣਾ ਕੀ ਵਾਪਰ ਗਿਆ? ਉਦੋਂ ਇਹਦੀ ਕਰਤੂਤ ਦਾ ਖਿਆਲ ਆਇਆ। ਮੈਂ ਤਾਂ ਉਹਨੂੰ ਕਿਹਾ, ਵੇ ਪੁੱਤ ਗਲਤੀ ਹੋਗੀ, ਮੈਨੂੰ ਨੀ ਪਤਾ ਬਈ ਮੇਰੇ ਪਰਸ ਇਹ ਕਿੱਥੋਂ ਆਈ। ਧੀਏ ਉਹਤੋਂ ਤਾਂ ਉਹਤੋਂ ਮੈਂ ਆਪਣੇ ਆਪ ਤੋਂ ਸ਼ਰਮਿੰਦਾ ਹੋਈ ਜਾਵਾਂ।

ਸ਼ਿੰਦਰ : ਮਾਂ ਤੂੰ ਹੁਣ ਹਰੇਕ ਕੋਲ ਮੇਰੀ ਬੇਇਜ਼ਤੀ ਹੀ ਕਰੀ ਜਾਂਨੀ ਐ। ਮੈਂ ਹੁਣ ਹੋਰ ਕੀ ਕਰਾਂ, ਮੈਂ ਕਸਮ ਖਾ ਲਈ ਐ, ਮੈਂ ਕਦੇ ਵੀ ਸ਼ਰਾਬ ਨਹੀਂ ਪੀਊਂਗੀ ਤੇ ਪੀਣ ਵਾਲੀਆਂ ਕੋਲ ਵੀ ਨੀ ਬੈਠੂੰਗੀ।

ਦੀਪੀ : ਆਂਟੀ ਚੱਲ ਮਾਫ ਕਰ ਦੋ, ਗਲਤੀ ਹੋ ਗੀ ਸ਼ਿੰਦਰ ਤੋਂ। ਆਂਟੀ ਪਰ ਇਹ ਦੱਸੋ ਵੀਰ ਜੀ ਵੀ ਤਾਂ ਪੀਂਦੇ ਨੇ ਉਹਨਾਂ ਨੂੰ ਨੀ ਰੋਕਦੇ।

ਮਾਂ : ਤੂੰ ਰੋਕਦੀ ਕਹਿੰਦੀ ਆਂ ਮੈਂ ਤਾਂ ਉਹਦੇ ਨਾਲ ਵੀ ਵਥੇਰੀ ਸਿਰ ਖਪਾਈ ਕਰਦੀ ਆਂ। ਪਰ ਮੈਂ ਇਹ ਨੀ ਚਾਹੁੰਦੀ ਕਿ ਕੁੜੀਆਂ ਵੀ ਬੰਦਿਆਂ ਦੀਆਂ ਗਲਤ ਆਦਤਾਂ ਦੀਆਂ ਰੀਸਾਂ ਕਰਨ ਲੱਗ ਜਾਣ। ਰੀਸਾਂ ਕਰਨ ਚੰਗੇ ਕੰਮਾਂ ਦੀਆਂ, ਆਪਣਾ ਨਾਂ ਉੱਚਾ ਕਰਨ, ਇਹ ਤਾਂ ਘਰ ਦੀ ਨੀਂਹ ਹੁੰਦੀਆਂ ਨੇ। ਜੇ ਆਪ ਪੀਣ ਗੀਆਂ ਫੇਰ ਬੱਚਿਆਂ ਨੂੰ ਕੀਹਨੇ ਰੋਕਣਾ। ਆਪਣੇ ਤਾਂ ਪਹਿਲਾਂ ਈ ਡੇਢ ਸੌ ਤੋਂ ਵੱਧ ਮੁੰਡੇ ਚੜ੍ਹਦੀ ਜਵਾਨੀ ਵਿੱਚ ਨਸ਼ਿਆਂ ਦੇ ਰਾਹ ਅਣਆਈ ਮੌਤ ਮਰ ਗਏ। ਆਪਾਂ ਮਾਵਾਂ ਭੈਣਾਂ ਜਿੰਨਾ ਬਚਾ ਕਰ ਸਕਦੀਆਂ, ਉਂਨਾ ਤਾਂ ਕਰੀਏ। ਮੈਂ ਤਾਂ ਆਹ ਪ੍ਰੋਗਰਾਮ ਕਰਨ ਵਾਲੀਆਂ ਕੁੜੀਆਂ ਨੂੰ ਵੀ ਕਹਿੰਦੀ ਰਹਿੰਦੀ ਆਂ ਬਈ ਚੰਗੇ ਸੁਚੱਜੇ ਚੰਗੀ ਸਿਖਿਆ ਵਾਲੇ ਪ੍ਰੋਗਰਾਮ ਦਿਆ ਕਰੋ।

ਸ਼ਿੰਦਰ : ਮਾਤਾ ਤੈਨੂੰ ਕੋਈ ਜਾਣਦੀ ਵੀ ਆ ਕਿ ਐਂਵੇ ਘਰੇ ਬੈਠੀ ਗੱਲਾਂ ਕਰੀ ਜਾਨੀ ਐਂ।

ਮਾਂ : ਨਾ ਜਾਨਣ ਨੂੰ ਕੀਆ ਜਦ ਆਹ ਰੇਡੂਏ ਤੇ ਐਡ ਦਿੰਦੀਆਂ ਨੇ, ਓਥੋਂ ਫੋਨ ਲੈ ਕੇ ਮੈਂ ਤਾਂ ਫੋਨ ਤੇ ਈ ਕਹਿ ਦਿੰਨੀਆਂ।

ਦੀਪੀ : ਚੱਲ ਆਂਟੀ ਫਿਰ ਤਾਂ ਤੈਨੂੰ ਅੱਜ ਦੇ ਪ੍ਰੋਗਰਾਮ ਤੇ ਜਰੂਰ ਲੈ ਕੇ ਜਾਣਾ।

ਸ਼ਿੰਦਰ : ਆਹੋ ਨਾਲੇ ਦੀਪੀ ਦੀ ਸਹੇਲੀ ਦਾ ਪ੍ਰੋਗਰਾਮ ਆ, ਤੈਨੂੰ

ਟਾਈਮ ਦਵਾ ਦੂ।

ਮਾਂ : ਨਾ ਨਾ ਪੁੱਤ ਅੱਜ ਨੀ, ਫੇਰ ਸਈ। ਜੁਆਕਾਂ ਨੇ ਆਉਣਾ, ਸਾਡੇ ਵਿੱਚੋਂ ਕੋਈ ਤਾਂ ਘਰ ਹੋਣੀ ਚਾਹੀਦੀ ਆ, ਜਾਓ ਤੁਸੀਂ ਤਿਆਰ ਹੋ ਜੋ।

*ਇਹ ਸਕਿੱਟ "ਨਵੀਆਂ ਰਾਹਾਂ" ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ ਦੇ ਸਲਾਨਾ ਮੁਟਿਆਰਾਂ ਦੇ ਮੇਲੇ ਤੇ 1200 ਤੋਂ ਉੱਪਰ ਔਰਤਾਂ ਦੇ ਇਕੱਠ ਵਿੱਚ ਮੰਚਤ ਕੀਤਾ ਗਿਆ। ਇਸ ਵਿੱਵ ਹੇਠ ਲਿਖੇ ਸਹਿਯੋਗੀ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਸਰੋਤਿਆਂ ਤੋਂ ਵਾਅਵਾ ਖੱਟੀ।*

ਸੰਤੋਖ ਭੁੱਲਰ

ਕੋਮਲਬੀਰ ਰੰਧਾਵਾ

ਪਰਮਿੰਦਰ ਸਵੈਚ

# ਭਗਤ ਸਿੰਘ ਇੱਕ ਸੋਚ

## ਪਾਤਰ

| | | |
|---|---|---|
| ਬਾਬਾ ਜੀ | – | ਘਰ ਦਾ ਬਜ਼ੁਰਗ |
| ਨੀਟੂ | – | ਬਾਬੇ ਦਾ ਪੋਤਾ |
| ਰਿੰਪੀ | – | ਬਾਬੇ ਦੀ ਪੋਤੀ |
| ਕੁਲਦੀਪ | – | ਬਾਬੇ ਦੀ ਨੂੰਹ |
| ਸੁਰਜੀਤ | – | ਬਾਬੇ ਦੀ ਧੀ |

## ਇਤਿਹਾਸਕ ਪਾਤਰ

| | | |
|---|---|---|
| ਸ਼ਹੀਦ ਭਗਤ ਸਿੰਘ | | |
| ਚਤਰ ਸਿੰਘ | – | ਵਾਰਡਰ |
| ਬੋਘਾ | – | ਸਫ਼ਾਈ ਕਰਮਚਾਰੀ |

### ਪਹਿਲਾ ਸੀਨ

(ਪਰਦਾ ਖੁੱਲ੍ਹਣ ਤੇ ਕਨੇਡਾ ਦੇ ਇੱਕ ਘਰ ਦਾ ਸੀਨ ਹੈ। ਜਿੱਥੇ ਲਿਵਿੰਗ ਰੂਮ ਵਿੱਚ ਦੋ ਸੋਫੇ ਤੇ ਇੱਕ ਟੇਬਲ ਪਿਆ ਹੈ। ਬਾਬਾ ਜੀ ਸੋਫੇ ਤੇ ਬੈਠਾ ਹੈ (ਜਾਂ ਇੱਕ ਕੁਰਸੀ ਤੇ ਬੈਠੇ ਵੀ ਦਿਖਾਏ ਜਾ ਸਕਦੇ ਹਨ) ਤੇ ਅਖ਼ਬਾਰ ਪੜ੍ਹ ਰਿਹਾ ਹੈ। ਉਸਦੇ ਪੋਤਾ ਤੇ ਪੋਤੀ ਆਉਂਦੇ ਹਨ)

ਨੀਟੂ : ਬਾਬਾ ਜੀ ਬਾਬਾ ਜੀ, ਚਲੋ ਤਿਆਰ ਹੋ ਜਾਓ। ਆਪਾਂ ਨੇ ਜਾਣੈ।

ਬਾਬਾ ਜੀ: ਪੁੱਤ ਅੱਜ ਮੈਨੂੰ ਐਨੀ ਸਾਜਰੇ, ਤੁਸੀਂ ਕਿੱਥੇ ਲੈ ਕੇ ਚੱਲੇ ਓਂ।

ਰਿੰਪੀ: ਬਾਬਾ ਜੀ ਮੰਮੀ ਨੇ ਕਿਹੈ, ਆਪਾਂ ਗੁਰਦਵਾਰੇ ਜਾਣੈ।

ਬਾਬਾ ਜੀ: ਗੁਰਦਵਾਰੇ, ਕਿਸੇ ਦਾ ਵਿਆਹ ਐ? ਕਿ ਕਿਸੇ ਦਾ ਕੋਈ ਭੋਗ ਦਾ ਪ੍ਰੋਗਰਾਮ ਐ?

ਨੀਟੂ: ਵਿਆਹ ਨੀ ਕਿਸੇ ਦਾ, ਇਹ ਤਾਂ ਭਗਤ ਸਿੰਘ ਦਾ ਭੋਗ ਪੈਣੈ।

ਬਾਬਾ ਜੀ: ਕਿੱਥੋ ਆਲੇ ਭਗਤ ਸਿੰਘ ਦਾ।

ਰਿੰਪੀ: ਬਾਬਾ ਜੀ ਉਹ ਭਗਤ ਸਿੰਘ, ਜੀਹਨੂੰ ਤੁਸੀਂ ਬਹੁਤ ਲਾਈਕ

ਕਰਦੇ ਓਂ। ਸ਼ਹੀਦ ਭਗਤ ਸਿੰਘ।

ਬਾਬਾ ਜੀ: (ਹੱਸਦਾ ਹੈ) ਹਾ -ਹਾ-ਹਾ----

ਨੀਟੂ: ਬਾਬਾ ਜੀ ਤੁਸੀਂ ਹੱਸਦੇ ਕਿਉਂ ਓਂ? ਅਸੀਂ ਕੁਛ ਗ਼ਲਤ ਬੋਲਤਾ।

ਰਿੰਪੀ : ਸਾਨੂੰ ਇਵੇਂ ਨਹੀਂ ਸੀ ਕਹਿਣਾ ਚਾਹੀਦਾ।

ਬਾਬਾ ਜੀ: ਨਹੀਂ ਪੁੱਤਰੋ, ਨਹੀਂ। ਤੁਸੀਂ ਤਾਂ ਠੀਕ ਈ ਕਿਹੈ।

ਦੋਨੋਂ: (ਰੋਣੀ ਸੂਰਤ ਬਣਾ ਕੇ) ਫੇਰ ਤੁਸੀਂ ਕਿਉਂ ਹੱਸਦੇ ਓਂ?

ਬਾਬਾ ਜੀ: ਉਏ ਭੋਲ਼ਿਓ, ਥੋਡੇ ਤੇ ਨੀ, ਮੈਂ ਤਾਂ ਇਹਨਾਂ ਲੋਕਾਂ ਦੀ ਬੌਣੀ ਸੋਚ ਤੇ ਹੱਸਦੈਂ।

ਨੀਟੂ: ਬਾਬਾ ਜੀ ਉਹ ਕੀ ਹੁੰਦੈ?

ਬਾਬਾ ਜੀ: ਪੁੱਤਰਾ, ਥੋਨੂੰ ਦੱਸਣਾ ਬਹੁਤ ਜਰੂਰੀ ਆ।

ਰਿੰਪੀ: ਹਾਂ ਜੀ ਬਾਬਾ ਜੀ ਦੱਸੋ, ਤੁਹਾਡੀਆਂ Stories ਬਹੁਤ Intresting ਹੁੰਦੀਆਂ ਨੇ।

ਨੀਟੂ : Yes Rimpi, you are right, ਹਾਂ ਬਾਬਾ ਜੀ ਦੱਸੋ।

ਰਿੰਪੀ : ਦੱਸੋ-ਦੱਸੋ ਬਾਬਾ ਜੀ।

ਬਾਬਾ ਜੀ: ਪੁੱਤਰੋ, ਭਗਤ ਸਿੰਘ ਇੱਕ ਵਿਅਕਤੀ ਦਾ ਨਾਂ ਨਹੀਂ ਸੀ ਉਹ ਤਾਂ ਇੱਕ ਸੋਚ ਸੀ ਜਿਹੜੀ ਰਹਿੰਦੀ ਦੁਨੀਆਂ ਤੱਕ ਰਹੇਗੀ। ਉਹ ਤਾਂ ਹੌਂਸਲੇ, ਦ੍ਰਿੜਤਾ ਤੇ ਕੁਰਬਾਨੀ ਦਾ ਦੂਜਾ ਨਾਂ ਸੀ। ਉਹ 23 ਸਾਲਾਂ ਦੀ ਛੋਟੀ ਉਮਰ ਤੱਕ ਦੇਸ਼ ਨੂੰ ਅਜ਼ਾਦ ਕਰਾਉਣ ਲਈ ਉਹ ਬਹੁਤ ਕੁੱਝ ਕਰ ਗਿਆ।

ਰਿੰਪੀ: ਸਿਰਫ 23 ਸਾਲਾਂ ਵਿੱਚ, ਬਾਬਾ ਜੀ।

ਬਾਬਾ ਜੀ: ਹਾਂ ਬੱਚਿਓ, ਉਹ ਉਮਰ ਜੀਹਦੇ ਵਿੱਚ ਅੱਜ ਦੇ ਨੌਜਵਾਨਾਂ ਨੂੰ ਜਵਾਨੀ ਦੀ ਮਦਹੋਸ਼ੀ ਤੋਂ ਬਾਹਰ ਦੀ ਖਬਰ ਨੀ ਹੁੰਦੀ, ਉਸਨੇ ਉਸ ਸਮੇਂ ਫਾਂਸੀ ਦਾ ਰੱਸਾ ਗਲ਼ ਵਿੱਚ ਪਾ ਲਿਆ ਸੀ।

ਨੀਟੂ: ਬਾਬਾ ਜੀ ਪੁਲਿਸ ਨੇ ਉਹਨੂੰ ਅਰੈਸਟ ਕਿਉਂ ਕਰ ਲਿਆ ਸੀ?

ਬਾਬਾ ਜੀ: ਅਰੈਸਟ, 8 ਅਪਰੈਲ 1929 ਨੂੰ ਉਹਨਾਂ ਨੇ ਅੰਗਰੇਜ਼ੀ

ਹਕੂਮਤ ਦੇ ਕਾਲ਼ੇ ਕਾਨੂੰਨਾਂ ਦੇ ਖਿਲਾਫ, ਭਾਰਤੀ ਲੋਕਾਂ ਦੀ ਅਵਾਜ਼ ਬੁਲੰਦ ਕਰਨ ਲਈ ਅਸੈਂਬਲੀ 'ਚ ਬੰਬ ਸੁੱਟਿਆ ਸੀ।

ਰਿੰਪੀ: ਉੱਥੇ ਤਾਂ ਬਾਬਾ ਜੀ ਫਿਰ ਬਹੁਤ ਲੋਕ ਮਰ ਗਏ ਹੋਣੇ ਆ।

ਬਾਬਾ ਜੀ: ਉਹ ਨਹੀਂ, ਬੱਚਿਓ ਨਹੀਂ, ਉਹਨਾਂ ਨੇ ਤਾਂ ਉੱਥੇ ਇੱਕ ਪਰਚਾ ਸੁੱਟ ਕੇ ਸੁਨੇਹਾ ਦਿੱਤਾ ਸੀ ਜਿਸਤੇ ਲਿਖਿਆ ਸੀ ਕਿ "ਬੋਲ਼ਿਆਂ ਨੂੰ ਸੁਣਾਉਣ ਲਈ ਗਰਜ਼ ਦੀ ਲੋੜ ਐ"।

ਨੀਟੂ: ਇਹਦਾ ਮੀਨਿੰਗ ਕੀ ਆ ਬਾਬਾ ਜੀ।

ਬਾਬਾ ਜੀ: ਇਹਦਾ ਮਤਲਬ ਐ ਕਿ ਅੰਗਰੇਜ਼ ਭਾਰਤੀ ਲੋਕਾਂ ਨੂੰ ਅਣਸੁਣਿਆ ਕਰਦੇ ਸੀ, ਉਹਨਾਂ ਨੇ ਆਪਣੀ ਗੱਲ ਦੱਸਣ ਦਾ ਇਹ ਤਰੀਕਾ ਵਰਤਿਆ ਸੀ, ਬਈ ਕਿਸੇ ਦਾ ਨੁਕਸਾਨ ਵੀ ਨਾ ਹੋਵੇ ਸਗੋਂ ਆਪਣੀ ਗੱਲ ਵੀ ਕਹੀ ਜਾਵੇ ਤੇ ਨਾਲੇ ਗੱਲ ਭਾਰਤੀ ਲੋਕਾਂ ਕੋਲ਼ ਵੀ ਪਹੁੰਚ ਜਵੇ ਕਿ ਇਹ ਨੌਜਵਾਨ ਚਾਹੁੰਦੇ ਕੀ ਨੇ?

ਰਿੰਪੀ: ਬਾਬਾ ਜੀ ਫਿਰ ਕੀ ਹੋਇਆ?

ਬਾਬਾ ਜੀ: ਪੁੱਤਰਾ ਹੋਣਾ ਕੀ ਸੀ ਭਗਤ ਸਿੰਘ ਤੇ ਬੁਟਕੇਸ਼ਵਰ ਦੱਤ ਨੂੰ ਫੜ੍ਹ ਲਿਆ ਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ।ਉਦੋਂ ਹੋਰ ਵੀ ਬਹੁਤ ਇਨਕਲਾਬੀ ਫੜ੍ਹ ਲਏ ਸੀ।

ਨੀਟੂ: ਬਾਬਾ ਜੀ ਇਨਕਲਾਬੀ ਕੀ ਹੁੰਦੈ?

ਬਾਬਾ ਜੀ: ਪੁੱਤਰ ਇਨਕਲਾਬ ਸੰਸਾਰ ਦਾ ਨਿਯਮ ਐ ਤੇ ਮਨੁੱਖ ਦੀ ਤਰੱਕੀ ਦਾ ਰਾਜ਼। ਜਿਹੜੇ ਲੋਕ ਸਮਾਜ ਵਿੱਚ ਮੁੱਢੋਂ ਸੁੱਢੋਂ ਤਬਦੀਲੀ ਕਰਕੇ ਵਧੀਆ ਰਾਜ ਪ੍ਰਬੰਧ ਤੇ ਬਰਾਬਰੀ ਦਾ ਸਮਾਜ ਲਿਆਉਣਾ ਚਾਹੁੰਦੇ ਨੇ, ਉਹ ਇਨਕਲਾਬੀ ਹੁੰਦੇ ਨੇ।

ਰਿੰਪੀ: ਬਾਬਾ ਜੀ ਕਿਵੇਂ ਦੀ ਤਬਦੀਲੀ?

ਬਾਬਾ ਜੀ: ਤਬਦੀਲੀ ਇਹੋ ਜਿਹੀ ਜੀਹਦੇ ਵਿੱਚ ਮਨੁੱਖ ਦੀ ਲੁੱਟ ਮਨੁੱਖ ਹੱਥੋਂ ਨਾ ਹੋਵੇ ਸਗੋਂ ਕੁਦਰਤ ਦੀਆਂ ਸਾਰੀਆਂ ਨਿਆਮਤਾਂ ਸਾਰੇ ਲੋਕਾਂ ਨੂੰ ਹਾਸਲ ਹੋਣ ਤੇ ਸਭ ਪਿਆਰ ਨਾਲ ਰਹਿਣ। ਆਹ ਮੇਰੀ ਮੇਰੀ ਦਾ ਰੌਲ਼ਾ ਚੱਕਿਆ ਜਾਵੇ।

ਨੀਟਾ: ਪਰ ਬਾਬਾ ਜੀ ਤੁਸੀਂ ਉਹਦੇ ਭੋਗ ਤੇ ਕਿਉਂ ਨੀ ਜਾਣਾ ਚਾਹੁੰਦੇ?

ਬਾਬਾ ਜੀ: (ਉਠਦਾ ਹੈ) ਆ ਜੋ ਥੋਨੂੰ ਮੈਂ ਉਹਨਾਂ ਦੀ ਕਹਾਣੀ ਦੱਸਦਾਂ। ਜਦੋਂ ਭਗਤ ਸਿੰਘ ਲਾਹੌਰ ਸੈਂਟਰਲ ਜੇਲ੍ਹ ਵਿੱਚ ਬੰਦ ਸੀ। (ਉਹ ਸਾਰੇ ਅੰਦਰ ਜਾਂਦੇ ਹਨ)

## ਦੂਜਾ ਸੀਨ

(ਇਸ ਦ੍ਰਿਸ਼ ਵਿੱਚ ਜੇਲ੍ਹ ਦਾ ਸੀਨ ਹੈ, ਭਗਤ ਸਿੰਘ ਕੈਦੀ ਵਾਲੇ ਕੱਪੜਿਆਂ ਵਿੱਚ ਬੈਠਾ ਕਿਤਾਬ ਪੜ੍ਹ ਰਿਹਾ ਹੈ। ਪੜ੍ਹਦਾ ਪੜ੍ਹਦਾ ਅਚਾਨਕ ਖੜ੍ਹਾ ਹੋ ਕੇ ਬੋਲਣ ਲੱਗਦਾ ਹੈ।)

ਭਗਤ ਸਿੰਘ: ਜਿਹੜਾ ਵੀ ਬੰਦਾ ਪ੍ਰਗਤੀ ਦਾ ਹਾਮੀ ਹੈ---ਤੇ ਯਥਾਰਥਵਾਦੀ ਹੋਣ ਦਾ ਦਾਅਵਾ ਕਰਦੈ, ਉਹਨੂੰ ਸਾਰੇ ਦੇ ਸਾਰੇ ਪੁਰਾਤਨ ਵਿਸ਼ਵਾਸ਼ਾਂ ਨੂੰ ਚੈਲੰਜ ਕਰਨਾ ਪਵੇਗਾ-ਉਹਦਾ ਪਹਿਲਾ ਕੰਮ ਇਹ ਹੈ ਕਿ ਉਹ ਪੁਰਾਣੇ ਵਿਸ਼ਵਾਸ਼ ਨੂੰ ਤਹਿਸ ਨਹਿਸ ਕਰਕੇ ਨਵੇਂ ਵਿਚਾਰਾਂ ਦੇ ਫਲਸਫੇ ਦੀ ਉਸਾਰੀ ਲਈ ਜ਼ਮੀਨ ਤਿਆਰ ਕਰੇ।

(ਜੇਲ੍ਹ ਵਿੱਚ ਸਫ਼ਾਈ ਕਰਨ ਵਾਲਾ ਭੰਗੀ ਜਿਸਦੇ ਹੱਥ ਵਿੱਚ ਝਾੜੂ ਤੇ ਟੋਕਰੀ ਹੈ, ਆਉਂਦਾ ਹੈ।)

ਬੋਘਾ: ਸਰਦਾਰਾ ਸਾਸਰੀ ਕਾਲ।

ਭਗਤ ਸਿੰਘ: ਜਦ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ ਤਾਂ ਕਿਸੇ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ-----

ਬੋਘਾ: ਸਰਦਾਰ ਜੀ ਕੀਹਦੇ ਨਾਲ ਗੱਲਾਂ ਕਰੀ ਜਾਂਦੇ ਓਂ?

ਭਗਤ ਸਿੰਘ: ਬੋਘਿਆ ਤੂੰ ਆ ਗਿਆ, ਮੈਂ ਤੈਨੂੰ ਦੇਖਿਆ ਈ ਨਹੀਂ।

ਬੋਘਾ: ਮੈਂ ਤਾਂ ਤੈਨੂੰ ਕਦੋਂ ਦਾ ਸੁਣੀ ਜਾਨੈਂ, ਪਰ ਮੈਨੂੰ ਸਮਝ ਨੀ ਲੱਗਦੀ, ਤੂੰ ਆਪਣੇ ਆਪ ਨਾਲ ਈ ਕੀ ਗੱਲਾਂ ਕਰੀ ਜਾਨੈਂ।

ਭਗਤ ਸਿੰਘ: ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਆਪ ਨਾਲ ਈ ਗੱਲ ਕਰਨ ਦੀ ਲੋੜ ਹੁੰਦੀ ਐ ਤਾਂ ਹੀ ਉਸਦਾ ਇਰਾਦਾ ਮਜ਼ਬੂਤ ਬਣਦੈ।

ਬੋਘਾ: ਬਾਹਰ ਵੀ ਲੋਕ ਥੋਡੀਆਂ ਈ ਗੱਲਾਂ ਕਰਦੇ ਨੇ, ਕਹਿੰਦੇ ਨੇ

ਸਰਕਾਰ ਬਹੁਤ ਡਰੀ ਹੋਈ ਐ।

ਭਗਤ ਸਿੰਘ: ਇਹਦਾ ਮਤਲਬ ਲੋਕ ਹੁਣ ਜਾਗ ਰਹੇ ਨੇ। ਇਹ ਤਾਂ ਬਹੁਤ ਖੁਸ਼ੀ ਦੀ ਗੱਲ ਐ। (ਬਹੁਤ ਖੁਸ਼ੀ 'ਚ) ਆਜਾ ਆਪਾਂ ਹੁਣ ਭੰਗੜਾ ਪਾਈਏ।

(ਉਹਨੂੰ ਫੜ੍ਹ ਕੇ ਭੰਗੜਾ ਪਾਉਣ ਲੱਗਦਾ ਹੈ।)

ਬੋਘਾ: ਸਰਦਾਰਾ ਮੈਨੂੰ ਛੱਡ ਦੇ।

ਭਗਤ ਸਿੰਘ: ਤੂੰ ਮੈਨੂੰ ਸਰਦਾਰ ਨਾ ਕਿਹਾ ਕਰ। ਨਾ ਲੈ ਲਿਆ ਕਰ, ਨਾਲੇ ਅੱਜ ਖੁਸ਼ੀ ਮੌਕੇ ਛੱਡ ਕਿਉਂ ਦੇਵਾਂ ?

ਬੋਘਾ: ਮੈਂ ਤਾਂ ਨੀਵੀਂ ਜਾਤ ਦਾਂ, ਤੂੰ ਭਿੱਟਿਆਂ ਜਾਏਂਗਾ, ਤੇਰੇ ਸਕੇ ਸਬੰਧੀਆਂ ਨੇ ਤੈਨੂੰ ਵੀ ਛੇਕ ਦੇਣੇ।

ਭਗਤ ਸਿੰਘ: ਮੈਨੂੰ ਇਹੋ ਜਿਹੀ ਪ੍ਰਵਾਹ ਨੀ, ਜੀਹਨੇ ਛੇਕਣੈ ਛੇਕ ਦੇਣ। ਕੀ ਗੱਲ ਤੂੰ ਇਨਸਾਨ ਨੀ, ਤੇਰੇ ਮੇਰੇ ਨਾਲੋਂ ਕਿਹੜੇ ਅੰਗ ਪੈਰ ਘੱਟ ਨੇ, ਇਹ ਤਾਂ ਤਾਕਤ ਦੀਆਂ ਗੱਲਾਂ ਨੇ, ਇਸ ਸਮਾਜ ਵਿੱਚ ਜੀਹਦੇ ਹੱਥ ਤਾਕਤ ਹੁੰਦੀਐ, ਉਹ ਦੂਜਿਆਂ ਨੂੰ ਤਾਂ ਜਾਤ ਕੁਜਾਤ ਈ ਸਮਝਦੈ।

ਬੋਘਾ: ਤਾਂ ਹੀ ਤਾਂ ਮੈਂ ਕਹਿੰਨੈਂ ਬਈ ਅਸੀਂ ਜਾਤ ਕੁਜਾਤ ਈ ਆਂ, ਅਮੀਰਾਂ ਦਾ ਗੰਦ ਚੁੱਕ ਕੇ ਉਹਨਾਂ ਦੇ ਟੁਕੜਿਆਂ ਤੇ ਪਲ਼ਣ ਵਾਲੇ।

ਭਗਤ ਸਿੰਘ: ਬੋਘਿਆ, ਜਾਤਾਂ-ਪਾਤਾਂ ਕੁੱਝ ਨੀ ਹੁੰਦੀਆਂ, ਇਹ ਤਾਂ ਸਾਮਰਾਜੀ ਢੰਗ ਐ, ਸਾਨੂੰ ਜਾਤਾਂ ਵਿੱਚ ਵੰਡ ਕੇ ਲੁੱਟਣ ਦਾ।ਨਾਲੇ ਜਾਤਾਂ ਨੀ ਇਹ ਦੋ ਜਮਾਤਾਂ ਨੇ, ਇੱਕ ਅਮੀਰ ਤੇ ਦੂਜੀ ਗਰੀਬ ਦੀ, ਮੈਂ ਤਾਂ ਤੇਰੀ ਜਮਾਤ ਦਾ ਈ ਆ। ਕਿਰਤੀ ਜਮਾਤ ਦਾ।

ਬੋਘਾ: ਇਹ ਕਿਵੇਂ ਹੋ ਸਕਦੈ?

ਭਗਤ ਸਿੰਘ: ਇਹ ਵੀ ਤੈਨੂੰ ਜ਼ਿੰਦਗੀ ਦਾ ਤਜਰਬਾ ਦੱਸੂਗਾ। (ਠਹਿਰ ਕੇ) ਬੋਘਿਆ, ਤੂੰ ਤਾਂ ਮੇਰੀ ਬੇਬੇ ਆਂ ਬੇਬੇ, ਬਚਪਨ ਵਿੱਚ ਮੇਰੀ ਬੇਬੇ ਮੇਰਾ ਗੰਦ ਚੁੱਕਦੀ ਸੀ, ਹੁਣ ਜਵਾਨੀ ਵਿੱਚ ਤੈਨੂੰ ਚੱਕਣਾ ਪੈ ਰਿਹੈ। ਹੋਈ ਨਾ ਤੂੰ ਮੇਰੀ ਪਿਆਰੀ ਜਿਹੀ ਬੇਬੇ। (ਲਾਡ ਕਰਦਾ ਹੈ।)

ਬੋਘਾ : (ਰੋਣ ਲੱਗ ਜਾਂਦਾ ਹੈ।) ਬੱਸ ਬੱਸ ਇਹੀ ਗੱਲਾਂ ਮੈਨੂੰ ਤੇਰੇ ਕੋਲੋਂ

ਦੂਰ ਨੀ ਜਾਣ ਦਿੰਦੀਆਂ। ਕੱਲ ਵੱਡੇ ਸਾਹਿਬ ਨੇ ਮੈਨੂੰ ਬਹੁਤ ਝਿੜਕਾਂ ਦਿੱਤੀਆਂ।

ਭਗਤ ਸਿੰਘ: ਤੂੰ ਆਪਣਾ ਖਿਆਲ ਰੱਖਿਆ ਕਰ। ਜਦੋਂ ਸਮਾਜਵਾਦ ਆ ਗਿਆ ਨਾ ਉਦੋਂ ਸਾਰਿਆਂ ਨੂੰ ਬਰਾਬਰ ਦਾ ਗੰਦ ਚੱਕਣਾ ਪਿਆ ਕਰੇਗਾ।

ਬੋਘਾ: ਚਾਹੇ ਕੁਸ਼ ਬਦਲ ਜੇ, ਗੰਦ ਚੱਕਣਾ ਤਾਂ ਸਾਡੇ ਹਿੱਸੇ ਈ ਆਇਐ। ਘਾਈਆਂ ਦੇ ਪੁੱਤਾਂ ਨੇ ਤਾਂ ਘਾਹ ਈ ਖੋਤਣੈ।

ਭਗਤ ਸਿੰਘ: ਐਂਵੇ ਹੌਂਸਲਾਂ ਨੀ ਹਾਰੀਦਾ, ਜੇ ਤੇਰੇ ਵਰਗੀ ਕਿਰਤੀ ਜਮਾਤ ਹਿੰਮਤ ਹਾਰ ਗਈ ਤਾਂ ਵਿਹਲੜਾਂ ਦੀਆਂ ਤਾਂ ਚੜ੍ਹ ਮੱਚ ਜਾਣਗੀਆਂ। ਆਪਾਂ ਇਹ ਨੀ ਹੋਣ ਦੇਣਾ। ਕਹਿ ਮਜ਼ਦੂਰ ਜਮਾਤ–ਜ਼ਿੰਦਾਬਾਦ,

ਬੋਘਾ: (ਧੀਮੀ ਸੁਰ ਵਿੱਚ) ਮਜ਼ਦੂਰ ਜਮਾਤ–ਜ਼ਿੰਦਾਬਾਦ

ਭਗਤ ਸਿੰਘ: ਇਨਕਲਾਬ–ਜ਼ਿੰਦਾਬਾਦ।

ਬੋਘਾ: (ਧੀਮੀ ਸੁਰ ਵਿੱਚ) ਇਨਕਲਾਬ–ਜ਼ਿੰਦਾਬਾਦ। ਚੰਗਾ ਮੈਂ ਚੱਲਦਾਂ, ਕੱਲ ਨੂੰ ਫੇਰ ਆਊਂਗਾ। (ਕਹਿ ਕੇ ਚਲਾ ਜਾਂਦਾ ਹੈ।)

"ਉਸੇ ਫ਼ਿਕਰ ਹੈ ਹਰਦਮ ਨਯਾ ਤਰਜ਼ੇ ਜਫਾਂ ਕਿਆ ਹੈ,
ਹਮੇਂ ਯਹ ਸ਼ੌਂਕ ਹੈ ਦੇਖੋ ਸਿਤਮ ਕੀ ਇੰਤਹਾ ਕਿਆ ਹੈ,
ਸਿਤਮ ਕੀ ਇੰਤਹਾ ਕਿਆ ਹੈ।"

## ਤੀਜਾ ਸੀਨ

(ਕਿਸੇ ਹੋਰ ਦਿਨ ਭਗਤ ਸਿੰਘ ਜੇਲ੍ਹ ਅਹਾਤੇ ਵਿੱਚ ਘੁੰਮ ਰਿਹਾ ਹੈ ਤੇ ਆਪਣੇ ਆਪ ਨਾਲ ਗੱਲਾਂ ਕਰੀ ਜਾ ਰਿਹਾ ਹੈ।)

ਭਗਤ ਸਿੰਘ: ਰੱਬ ਦੀ ਹੋਂਦ ਵਿੱਚ ਮੇਰਾ ਅਵਿਸ਼ਵਾਸ ਮੇਰੇ ਹੰਕਾਰ ਕਰਕੇ ਹੈ, ਇਹ ਮੇਰੀ ਹਿਮਾਕਤ ਹੈ, ਮੈਂ ਅਭਿਮਾਨੀ ਆਂ, ਮੈਂ ਹੈਂਕੜਬਾਜ਼ ਆਂ---- ਆਹੋ ਮੇਰੇ ਦੋਸਤ ਵੀ ਤਾਂ ਮੈਨੂੰ ਹੈਂਕੜਬਾਜ਼ ਈ ਕਹਿੰਦੇ ਨੇ।

(ਬੋਘਾ ਫਿਰ ਆਉਂਦਾ ਹੈ।)

ਬੋਘਾ : ਅੱਜ ਫਿਰ ਲੱਗਦੈ, ਕੋਈ ਨਵੀਂ ਕਿਤਾਬ ਪੜ੍ਹ ਲੀ, ਜਿਹੜਾ

ਜ਼ਿਆਦਾ ਈ ਤਹੂ ਹੋਇਆ ਫਿਰਦੈਂ।

ਭਗਤ ਸਿੰਘ: ਨਹੀਂ, ਅੱਜ ਕਿਤਾਬ ਨੀ ਪੜ੍ਹੀ ਮੈਂ ਤਾਂ ਸਾਡੇ ਬਹੁਤ ਹੀ ਸਤਿਕਾਰਯੋਗ ਗ਼ਦਰੀ ਭਾਈ, ਭਾਈ ਰਣਧੀਰ ਸਿੰਘ ਹੋਰਾਂ ਨੂੰ ਮਿਲਣ ਦਾ ਸੁਨੇਹਾ ਭੇਜਿਆ ਸੀ, ਉਹ ਆਪ ਤਾਂ ਆਏ ਨਹੀਂ ਸਗੋਂ ਇੱਕ ਸੁਨੇਹਾ ਭੇਜਤਾ।

ਬੋਘਾ: ਉਹਨਾਂ ਨੇ ਐਹੋ ਜਿਹਾ ਕੀ ਸੁਨੇਹਾ ਭੇਜਤਾ?

ਭਗਤ ਸਿੰਘ: ਉਹ ਕਹਿੰਦੇ ਕਿ ਮੈਂ ਮੁਲਾਕਾਤ ਨਹੀਂ ਕਰਨੀ ਕਿਉਂਕਿ ਮੈਂ ਸਿੱਖ ਹੋ ਕੇ ਲਾਹੌਰ ਵਿੱਚੋਂ ਭੇਸ ਵਟਾ ਕੇ ਬਾਹਰ ਆਉਣ ਲਈ ਕੇਸ ਕਟਾ ਦਿੱਤੇ ਸਨ।

ਬੋਘਾ: ਨਾ ਫਿਰ!

ਭਗਤ ਸਿੰਘ: ਮੈਂ ਵੀ ਆਹ ਵਾਰਡਰ ਦੇ ਹੱਥ ਚਿੱਟ ਲਿਖ ਕੇ ਭੇਜੀ ਐ ਕਿ ਭਾਈ ਜੀ ਸਿੱਖੀ ਦੀ ਬੰਦ ਬੰਦ ਕਟਵਾਉਣ ਦੀ ਰਵਾਇਤ ਦਾ ਮੈਂ ਵੀ ਕਾਇਲ ਹਾਂ। ਅਜੇ ਤਾਂ ਮੈਂ ਇੱਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਸਗੋਂ ਦੇਸ਼ ਲਈ। ਜਲਦੀ ਹੀ ਗਰਦਨ ਵੀ ਕਟਵਾਵਾਂਗਾ ਪਰ ਇੱਕ ਸਿੱਖ ਦੀ ਤੰਗ ਨਜ਼ਰੀ ਤੇ ਤੰਗ ਦਿਲੀ ਦਾ ਗਿਲ੍ਹਾ ਜਰੂਰ ਰਹੇਗਾ।

ਬੋਘਾ : ਸਰਦਾਰਾ ਜਿਹੜੀਆਂ ਤੂੰ ਹੋਰ ਗੱਲਾਂ ਕਰਦੈਂ ਉਹ ਤਾਂ ਠੀਕ ਨੇ ਪਰ–

ਭਗਤ ਸਿੰਘ: (ਵਿੱਚੋਂ ਕੱਟ ਕੇ) ਤੈਨੂੰ ਉਹਨਾਂ ਇੱਕ ਹੋਰ ਗੱਲ ਦੱਸਾਂ, ਮੈਨੂੰ ਕਹਿੰਦੇ ਤੂੰ ਅਰਦਾਸ ਕਰਿਆ ਕਰ। (ਹੱਸਦਾ ਹੈ)

ਬੋਘਾ: ਇਹਦੇ ਵਿੱਚ ਹੱਸਣ ਵਾਲੀ ਕਿਹੜੀ ਗੱਲ ਐ?

ਭਗਤ ਸਿੰਘ: ਮੈਂ ਪਤਾ ਉਹਨਾਂ ਨੂੰ ਕੀ ਕਿਹਾ ਬਈ ਮੈਂ ਤਾਂ ਨਾਸਤਕ ਆਂ, ਮੈਂ ਨੀ ਰੱਬ ਨੂੰ ਮੰਨਦਾ।

ਬੋਘਾ: ਫਿਰ ਉਹ ਕੀ ਕਹਿੰਦੈ?

ਭਗਤ ਸਿੰਘ: ਉਹ ਕਹਿੰਦੇ ਦੇਖੀ ਆਪਣੇ ਅਖੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲੱਗ ਜਾਏਂਗਾ, ਮੈਂ ਅੱਗੋਂ ਉਹਨਾਂ ਨੂੰ ਕਿਹਾ, ਪਿਆਰੇ ਭਾਈ ਜੀ ਇਸ ਤਰ੍ਹਾਂ ਹਰਗਿਜ਼ ਨਹੀਂ ਹੋਵੇਗਾ। ਜੇ ਇਉਂ ਹੋਇਆ ਤਾਂ ਮੇਰੇ ਲਈ ਬੜੀ ਘਟੀਆ ਤੇ ਪਸਤੀ ਗੱਲ ਹੋਵੇਗੀ। ਆਪਣੇ ਆਪ ਨੂੰ ਬਚਾਉਣ ਲਈ ਖੁਦਗਰਜ਼ੀ ਵਾਸਤੇ ਮੈਂ ਕਦੇ ਵੀ ਅਰਦਾਸ ਨਹੀਂ ਕਰ ਸਕਦਾ।

ਬੋਘਾ : ਜਦੋਂ ਤੂੰ ਰੱਬ ਤੋਂ ਮੁਕਰਨ ਦੀ ਗੱਲ ਕਰਦੈਂ, ਮੈਨੂੰ ਤੈਥੋਂ ਉਦੋਂ ਡਰ ਜਿਹਾ ਲੱਗਦੈ।

ਭਗਤ ਸਿੰਘ: ਮੈਥੋਂ ਡਰ ਕਾਹਤੋਂ ਲੱਗਦੈ, ਬੋਘਿਆ ਮੈਂ ਵੀ ਇੱਕ ਪੱਕੇ ਆਰੀਆ ਸਮਾਜੀ ਪਰਿਵਾਰ 'ਚ ਪੈਦਾ ਹੋਇਐਂ। ਮੈਂ ਵੀ ਘੰਟਿਆਂ ਬੱਧੀ ਗਾਇਤਰੀ ਮੰਤਰ ਦਾ ਜਾਪ ਕਰਦਾ ਹੁੰਦਾ ਸੀ।

ਬੋਘਾ : ਨਾ ਫੇ-ਰ, ਤੈਨੂੰ ਕੀ ਹੋ ਗਿਆ? ਚੰਗੇ ਭਲੇ ਨੂੰ।

ਭਗਤ ਸਿੰਘ: ਮੈਨੂੰ ਕੀ ਹੋਣਾ ਸੀ ਜਦੋਂ ਮੈਂ ਦੇਖਿਆ ਇਸ ਧਰਤੀ ਤੇ ਹਰ ਇੱਕ ਇਨਸਾਨ ਦੁੱਖਾਂ ਮੁਸੀਬਤਾਂ ਨਾਲ ਜੂਝ ਰਿਹੈ। ਤਾਂ ਮੈਂ ਸੋਚਦੈਂ ਕਿ ਰੱਬ ਨੂੰ ਐਹੋ ਜਿਹੀ ਧਰਤੀ ਸਾਜਣ ਦੀ ਕੀ ਲੋੜ ਸੀ ਜਿਸ ਵਿੱਚ ਬਿਮਾਰੀਆਂ, ਭੁੱਖ-ਮਰੀ, ਨਾ-ਬਰਾਬਰੀ ਚਾਰੇ ਪਾਸੇ ਫੈਲੀ ਪਈ ਐ। ਫਿਰ ਐਹੋ ਜਿਹੇ ਰੱਬ ਨੂੰ ਮੰਨਣ ਦਾ ਕੀ ਫਾਇਦੈ ਜੀਹਨੇ ਐਡਾ ਵੱਡਾ ਅਨਰਥ ਕੀਤਾ ਹੋਇਐ ਚਾਰੇ ਪਾਸੇ।

ਬੋਘਾ: ਇਹ ਤਾਂ ਸਭ ਕਰਮਾਂ ਦੀ ਖੇਡ ਐ। ਸਿਆਣੇ ਕਹਿੰਦੇ ਨੇ ਇਹ ਦੁਨੀਆਂ ਤਾਂ ਮਿੱਥ ਐ, ਇਹਦੇ ਜਾਲ਼ ਤੋਂ ਦੂਰ ਰਹਿ ਕੇ ਸਭ ਨੂੰ ਕੰਮ ਕਰਨਾ ਚਾਹੀਦੈ। ਫਲ਼ ਤਾਂ ਸਰਬ-ਸ਼ਕਤੀਮਾਨ ਦੇ ਹੱਥ ਈ ਐ ਨਾ।

ਭਗਤ ਸਿੰਘ: ਜੋ ਲੋਕ ਇਸ ਦੁਨੀਆਂ ਨੂੰ ਮਿੱਥ ਸਮਝਦੇ ਨੇ, ਉਹ ਇਸਦੀ ਭਿਲਾਈ ਬਾਰੇ ਸੋਚ ਵੀ ਨਹੀਂ ਸਕਦੇ। ਜੇ ਇਹ ਮਿੱਥ ਹੈ, ਪਰਛਾਵਾਂ ਹੈ ਫਿਰ ਇਸ ਲਈ ਸੰਘਰਸ਼ ਕਾਹਦਾ? ਪਰ ਮੈਂ ਇਸ ਦੁਨੀਆਂ ਨੂੰ ਮਿੱਥ ਨੀ ਮੰਨਦਾ, ਮੇਰਾ ਦੇਸ਼ ਨਾ ਪਰਛਾਵਾਂ ਹੈ, ਨਾ ਮਾਇਆ ਜਾਲ, ਇਹ ਇੱਕ ਜਿਊਂਦੀ ਜਾਗਦੀ ਹਕੀਕਤ ਹੈ ਅਤੇ ਮੈਂ ਇਸ ਨੂੰ ਪਿਆਰ ਕਰਦਾ ਹਾਂ। ਮੇਰੇ ਲਈ ਇਸ ਧਰਤੀ ਤੋਂ ਬਿਨ੍ਹਾਂ ਨਾ ਤਾਂ ਕੋਈ ਹੋਰ ਦੁਨੀਆਂ ਹੈ ਤੇ ਨਾ ਹੀ ਕੋਈ ਸਵਰਗ।

ਬੋਘਾ: ਵਾਹਿਗੁਰੂ, ਵਾਹਿਗੁਰੂ ਭਗਤ ਸਿੰਆਂ ਇਹ ਧਰਤੀ ਤਾਂ ਓਸ ਸੱਚੇ ਪਾਤਸ਼ਾਹ ਦਾ ਰੰਗ-ਤਮਾਸ਼ੈ। ਕਰੇ ਕਰਾਵੇ ਆਪੇ ਆਪ, ਮਾਨਸ ਕੇ ਕਿਛ ਨਾਹੀ ਹਾਥ।

ਭਗਤ ਸਿੰਘ: ਜੇ ਚੱਲ ਇਹਨੂੰ ਉਹਦਾ ਰੰਗ ਤਮਾਸ਼ਾ ਈ ਸਮਝ ਲਿਆ ਜਾਵੇ ਤਾਂ ਨੀਰੋ ਨੇ ਮਜ਼ਾ ਲੈਣ ਲਈ ਸਿਰਫ ਇੱਕ ਰੋਮ ਸਾੜਿਆ ਸੀ ਤੇ ਚੰਗੇਜ਼ ਖਾਂ ਨੇ ਕੁੱਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ, ਅਸੀਂ ਸਭ ਉਹਨਾਂ ਨੂੰ ਜ਼ਾਲਮ, ਬੇਰਹਿਮ ਤੇ ਸ਼ੈਤਾਨ

ਕਹਿ ਕੇ ਲਾਹਨਤਾਂ ਪਾਉਂਦੇ ਹਾਂ, ਕੋਈ ਉਹਨਾਂ ਦਾ ਨਾਂ ਲੈਣ ਨੂੰ ਤਿਆਰ ਨਹੀਂ। ਇਹ ਸਰਬਸ਼ਕਤੀਮਾਨ ਰੱਬ ਹਰ ਦਿਨ, ਹਰ ਘੜੀ, ਹਰ ਪਲ ਅਨੇਕਾਂ ਕਤਲ ਕਰੀ ਜਾ ਰਿਹੈ ਤੇ ਕਰਵਾਈ ਜਾ ਰਿਹੈ ਤੇ ਅਸੀਂ ਉਹਦੇ ਮੂਹਰੇ ਮੱਥੇ ਟੇਕੀ ਜਾਈਏ।

ਬੋਘਾ : ਮੈਂ ਕੀ ਕਹਿ ਸਕਦਾਂ ਭਾਈ।

ਭਗਤ ਸਿੰਘ: ਚੰਗਾ ਤੂੰ ਦੱਸ, ਤੂੰ ਕਿਸੇ ਦਾ ਕੀ ਮਾੜਾ ਕੀਤੈ, ਜਿਹੜਾ ਤੈਨੂੰ ਮੇਰੇ ਵਰਗੇ ਚੰਗੇ ਭਲੇ ਨੌਜਵਾਨਾਂ ਦਾ ਗੰਦ ਚੱਕਣਾ ਪੈ ਰਿਹੈ।

ਬੋਘਾ: ਮਾੜਾ ਅਸੀਂ ਕਿਸੇ ਦਾ ਕੀ ਕਰਨੈ। ਇਹ ਢਿੱਡ ਦੀ ਭੁੱਖ ਨੂੰ ਥਾਪੜਦੇ ਫਿਰਦੇ ਆਂ।

ਭਗਤ ਸਿੰਘ: ਉਹ ਜਿਹੜੇ ਥੋਡੇ ਠੁੱਡੇ ਮਾਰਦੇ ਫਿਰਦੇ ਆ, ਚੰਗਾ ਖਾਂਦੇ ਆ ਤੇ ਮੰਦਾ ਬੋਲਦੇ ਆ। ਉਹਨਾਂ ਨੂੰ ਰੱਬ ਕਿਉਂ ਨੀ ਰੋਕਦਾ।

ਬੋਘਾ: ਮੈਂ ਤਾਂ ਅਨਪੜ੍ਹ ਆਂ ਭਾਈ, ਮੈਨੂੰ ਕੀ ਪਤਾ।

ਭਗਤ ਸਿੰਘ: ਜੇ ਸਾਰਾ ਕੁੱਝ ਰੱਬ ਦੀ ਮਰਜ਼ੀ ਨਾਲ ਹੁੰਦੈ ਤਾਂ ਰੱਬ ਨੇ ਤੈਨੂੰ ਪੜ੍ਹਨ ਕਿਉਂ ਨੀ ਦਿੱਤਾ।

ਬੋਘਾ : ਮੈਂ ਤਾਂ ਚੱਲਦਾਂ, ਮੇਰਾ ਤਾਂ ਅੱਧਾ ਕੰਮ ਪਿਐ। ਮੈਨੂੰ ਤਾਂ ਤੁਸੀਂ ਹੋਰ ਈ ਸੋਚਾਂ ਵਿੱਚ ਪਾ ਦਿੰਨੇ ਓਂ। ਮੇਰੀ ਤਾਂ ਹੁਣ ਘਰ ਵਾਲੀ ਵੀ ਇਹ ਕਹਿੰਦੀ ਐ ਕਿ ਤੈਨੂੰ ਕੁਸ਼ ਹੋ ਗਿਆ।

ਭਗਤ ਸਿੰਘ: ਉਹ ਕੁਸ਼ ਨੀ ਹੁੰਦਾ, ਮਿਲਦਾ ਰਿਹਾ ਕਰ ਹੁਣ ਤਾਂ ਥੋੜ੍ਹੇ ਈ ਦਿਨ ਨੇ। (ਭਗਤ ਸਿੰਘ ਅੰਦਰ ਚਲਾ ਜਾਂਦਾ ਹੈ।)

ਬੋਘਾ: (ਦਰਸ਼ਕਾਂ ਵੱਲ) ਇਹ ਕੱਲ੍ਹ ਦਾ ਮੁੰਡਾ, ਪਤਾ ਨਹੀਂ ਕਿਹੋ ਜਿਹੀਆਂ ਗੱਲਾਂ ਕਰਦਾ ਰਹਿੰਦੈ। ਸਾਰੀ ਦਿਹਾੜੀ ਕਿਤਾਬਾਂ ਪੜ੍ਹੀ ਜਾਂਦੈ ਥੱਕਦਾ ਈ ਨਹੀਂ।---ਤਾਂ ਹੀ ਤਾਂ ਇਹਨੂੰ ਪਤੈ ਸਾਰੇ ਕੁਸ਼ ਦਾ। ਪਤਾ ਨਹੀਂ ਪੜ੍ਹਦੈ ਕਿ ਨਹੀਂ, ਖਬਰੈ ਐਂਵੇ ਈ ਵਰਕੇ ਥੱਲੀ ਜਾਂਦੈ ਹੋਣੈ। ਪਰ ਇੱਕ ਦਿਨ ਵਾਰਡਰ ਪੁੱਛਦਾ ਸੀ, ਤੂੰ ਐਨੀਆਂ ਕਿਤਾਬਾਂ ਪੜ੍ਹਦਾ ਵੀ ਐਂ। ਉਹਨੂੰ ਇਹ ਕਹਿੰਦਾ ਸੀ, “ਪੁੱਛ ਕੇ ਵੇਖ ਲੈ, ਕਿਹੜੇ ਸਫੇ ਤੇ ਕੀ ਲਿਖਿਐ”, ਪੜ੍ਹਦੈ ਈ ਹੋਣੈ। ਨਾਲੇ ਮੈਨੂੰ ਕੀ ਪਤੈ? ਐਹ ਝਾੜੂ ਤੇ ਟੋਕਰੀ ਤੋਂ ਬਿਨ੍ਹਾਂ---

## ਚੌਥਾ ਸੀਨ

(ਜੇਲ੍ਹ ਦਾ ਚੀਫ ਵਾਰਡਰ ਚਤਰ ਸਿੰਘ ਆਉਂਦਾ ਹੈ ਉਸ ਦੇ ਹੱਥ ਵਿੱਚ ਗੁਰਬਾਣੀ ਪੜ੍ਹਨ ਵਾਲਾ ਗੁਟਕਾ ਹੈ।)

ਚਤਰ ਸਿੰਘ: ਭਗਤ ਸਿੰਘ ਮੈਨੂੰ ਅਫਸੋਸ ਹੈ ਕਿ ਤੁਹਾਡੀ ਫਾਂਸੀ ਦਾ ਸਮਾਂ ਹੋ ਚੁੱਕਾ ਹੈ।

ਭਗਤ ਸਿੰਘ: ਤੁਸੀਂ ਇਸ ਤਰ੍ਹਾਂ ਨਾ ਕਹੋ, ਇਹ ਤਾਂ ਜਿਸ ਦਿਨ ਅਸੀਂ ਬੰਬ ਸੁੱਟਣ ਦਾ ਇਰਾਦਾ ਕੀਤਾ ਸੀ, ਸਾਨੂੰ ਉਸ ਦਿਨ ਹੀ ਪਤਾ ਸੀ ਕਿ ਇਹ ਹੋਵੇਗਾ। ਮੌਤ ਤੋਂ ਡਰ ਕੇ ਇਹ ਕੰਮ ਨਹੀਂ ਸੀ ਕੀਤਾ।

ਚਤਰ ਸਿੰਘ: ਮੈਨੂੰ ਤੁਹਾਡੇ ਬਾਰੇ ਤਾਂ ਪਤੈ ਪਰ ਲੋਕ ਕੁੱਝ ਹੋਰ ਚਾਹੁੰਦੇ ਨੇ।

ਭਗਤ ਸਿੰਘ: ਉਹ ਕੀ ਚਾਹੁੰਦੇ ਨੇ?

ਚਤਰ ਸਿੰਘ: ਉਹ ਆਪਣੇ ਨਾਇਕ ਨੂੰ ਏਨੀ ਜਲਦੀ ਜਾਣ ਨਹੀਂ ਦੇਣਾ ਚਾਹੁੰਦੇ, ਉਹ ਕਹਿੰਦੇ ਹਨ ਤੂੰ ਜ਼ਿੰਦਾ ਰਹਿ ਕੇ ਉਹਨਾਂ ਲਈ ਹੋਰ ਕੰਮ ਕਰੇਂ।

ਭਗਤ ਸਿੰਘ: ਮੈਂ ਇਹ ਗੱਲ ਲਕੋ ਨੀ ਸਕਦਾ ਕਿ ਜਿਉਂਦਿਆਂ ਰਹਿਣ ਦੀ ਖਾਹਿਸ਼ ਕੁਦਰਤੀ ਤੌਰ ‘ਤੇ ਮੈਨੂੰ ਵੀ ਹੈ ਪਰ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜਿਊਣਾ ਹੁਣ ਮੁਸ਼ਕਲ ਹੈ। ਮੇਰਾ ਨਾਂ ਹਿੰਦੋਸਤਾਨੀ ਇਨਕਲਾਬੀ ਦਾ ਚਿੰਨ੍ਹ ਬਣ ਚੁੱਕਿਐ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਿਆਂ ਕਰ ਦਿੱਤੈ। ਏਨਾ ਉੱਚਾ ਕਿ ਜਿਊਂਦਿਆਂ ਰਹਿਣ ਦੀ ਸੂਰਤ ਵਿੱਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਉੱਠ ਸਕਦਾ।

ਚਤਰ ਸਿੰਘ: ਚੰਗਾ ਫਿਰ (ਹੱਥ ਵਿੱਚੋਂ ਗੁਟਕਾ ਉਹਨੂੰ ਫੜਾਉਂਦਾ ਹੋਇਆ) ਮੇਰੀ ਇੱਕ ਦਰਖਾਸਤ ਹੈ ਕਿ ਹੁਣ ਆਖਰੀ ਸਮੇਂ ਤਾਂ ਵਾਹਿਗੁਰੂ ਦਾ ਨਾਂ ਲੈ ਲਓ ਅਤੇ ਗੁਰਬਾਣੀ ਦਾ ਪਾਠ ਕਰ ਲਓ।

ਭਗਤ ਸਿੰਘ: (ਹੱਸ ਕੇ) ਮੈਂ ਤੁਹਾਡੇ ਪਿਆਰ ਦਾ ਬਹੁਤ ਧੰਨਵਾਦੀ ਹਾਂ ਪਰ ਤੁਸੀਂ ਮੈਨੂੰ ਐਹੋ ਜਿਹੀ ਦਰਖਾਸਤ ਨਾ ਕਰੋ ਜਿਹੜੀ ਮੇਰੀ ਜ਼ਮੀਰ ਦੇ ਉਲਟ ਹੋਵੇ।

ਚਤਰ ਸਿੰਘ: ਭਗਤ ਸਿੰਘ ਤੂੰ ਧਰਮ ਤੇ ਅਧਰਮ ਵਿੱਚ ਕੋਈ ਫਰਕ ਨਹੀਂ ਸਮਝਦਾ?

ਭਗਤ ਸਿੰਘ: ਜੇ ਮੈਂ ਫਰਕ ਸਮਝਦਾ ਤਾਂ ਹੀ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਹੁਣ ਤੱਕ ਸਾਰੇ ਧਰਮਾਂ ਨੇ ਮਨੁੱਖਾਂ ਨੂੰ ਇੱਕ ਦੂਜੇ ਤੋਂ ਅਲੱਗ ਕੀਤੈ ਤੇ ਆਪਸ ਵਿੱਚ ਲੜਾਇਐ। ਦੁਨੀਆਂ ਵਿੱਚ ਹੁਣ ਤੱਕ ਜਿੰਨਾ ਖ਼ੂਨ ਧਰਮ ਦੇ ਠੇਕੇਦਾਰਾਂ ਨੇ ਵਹਾਇਆ ਹੈ, ਸ਼ਾਇਦ ਐਨਾ ਹੋਰ ਕਿਸੇ ਨੇ ਨਾ ਵਹਾਇਆ ਹੋਵੇ। ਸੱਚੀ ਗੱਲ ਤਾਂ ਇਹ ਹੈ ਕਿ ਇਸ ਧਰਤੀ ਨੂੰ ਸਵਰਗ ਤੇ ਧਰਮ ਦੀ ਆੜ ਵਿੱਚ ਉਜਾੜਿਆ ਗਿਆ ਹੈ। ਜੇ ਧਰਮ ਇੱਕ ਦੂਜੇ ਲਈ ਨਫ਼ਰਤ ਕਰਨੀ ਸਿਖਾਵੇ, ਅੰਧ-ਵਿਸ਼ਵਾਸ ਨੂੰ ਉਤਸ਼ਾਹ ਦੇ ਕੇ ਬੌਧਿਕ ਵਿਕਾਸ ਵਿੱਚ ਰੁਕਾਵਟ ਬਣੇ, ਦਿਮਾਗਾਂ ਨੂੰ ਖੁੰਡਿਆਂ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ। ਹਰ ਉਹ ਕਦਮ ਜੋ ਮਨੁੱਖ ਨੂੰ ਸੁਖੀ ਬਣਾ ਸਕੇ, ਬਰਾਬਰੀ ਤੇ ਆਪਸੀ ਭਾਈਚਾਰੇ ਦੇ ਰਾਹ ਤੇ ਉਸਨੂੰ ਅੱਗੇ ਲਿਜਾ ਸਕੇ, ਉਹੀ ਮੇਰਾ ਧਰਮ ਹੈ, ਉਹੀ ਮੇਰਾ ਰੱਬ ਹੈ, ਉਹੀ ਮੇਰਾ ਦੇਵਤਾ ਹੈ।

ਚਤਰ ਸਿੰਘ: ਭਗਤ ਸਿੰਘ!

ਭਗਤ ਸਿੰਘ: ਅੱਜ ਹਿੰਦੋਸਤਾਨ ਉੱਤੇ ਜੇ ਅੰਗਰੇਜ਼ਾਂ ਦਾ ਰਾਜ ਹੈ ਇਹ ਰੱਬ ਦੀ ਮਰਜ਼ੀ ਕਰਕੇ ਨਹੀਂ ਸਗੋਂ ਸਾਡੇ ਵਿੱਚ ਉਹਨਾਂ ਦਾ ਵਿਰੋਧ ਕਰਨ ਦੀ ਸ਼ਕਤੀ ਨਹੀਂ ਹੈ। ਉਹ ਸਾਨੂੰ ਬੰਦੂਕਾਂ, ਬੰਬਾਂ, ਤੋਪਾਂ, ਗੋਲੀਆਂ, ਪੁਲਸ ਤੇ ਫੌਜ ਦੀ ਮੱਦਦ ਨਾਲ ਗ਼ੁਲਾਮ ਰੱਖ ਰਹੇ ਹਨ, ਸਾਡਾ ਕੀ ਕਸੂਰ ਹੈ? ਇੱਕ ਕੌਮ ਦੂਜੀ ਕੌਮ ਹੱਥੋਂ ਲੁੱਟੀ ਜਾ ਰਹੀ ਹੈ। ਕਿੱਥੇ ਐ ਰੱਬ? ਉਹ ਕੀ ਕਰ ਰਿਹੈ, ਕੀ ਉਹ ਮਨੁੱਖਤਾ ਦੀਆਂ ਸਾਰੀਆਂ ਦੁੱਖ ਤਕਲੀਫਾਂ ਦਾ ਮਜ਼ਾ ਲੈ ਰਿਹੈ? ਉਹ ਨੀਰੋ ਹੈ, ਉਹ ਚੰਗੇਜ਼ ਖਾਂ ਹੈ। ਰੱਬ ਮੁਰਦਾਬਾਦ।

ਚਤਰ ਸਿੰਘ: ਭਗਤ ਸਿੰਘ ਇਸ ਤਰ੍ਹਾਂ ਬਾਗੀ ਨਾ ਹੋ।

ਭਗਤ ਸਿੰਘ: ਹੁਣ ਜਦੋਂ ਮੇਰਾ ਆਖਰੀ ਸਮਾਂ ਆ ਗਿਆ ਹੈ, ਤੁਸੀਂ ਚਾਹੁੰਦੇ ਹੋ ਮੈਂ ਪ੍ਰਮਾਤਮਾ ਨੂੰ ਯਾਦ ਕਰਾਂ। ਤਾਂ ਲੋਕ ਇਹ ਕਹਿਣਗੇ ਕਿ ਮੈਂ ਬੁਜ਼ਦਿਲ ਹਾਂ। ਸਾਰੀ ਉਮਰ ਤਾਂ ਮੈਂ ਰੱਬ ਨੂੰ ਯਾਦ ਨਹੀਂ ਕੀਤਾ ਜਦੋਂ ਮੌਤ ਸਾਹਮਣੇ ਨਜ਼ਰ ਆਉਣ ਲੱਗੀ ਤਾਂ ਅਰਦਾਸਾਂ ਕਰਾਂ, ਭਗਤ ਸਿੰਘ ਏਨਾ ਖੁਦਗਰਜ਼ ਨਹੀਂ ਹੋ ਸਕਦਾ। ਜੇ ਕੱਲ੍ਹ ਨੂੰ ਮੇਰੇ ਤੇ ਇਹ ਇਲਜ਼ਾਮ ਲੱਗਣ ਕਿ

ਮੈਂ ਨਾਸਤਕ ਸੀ ਤੇ ਰੱਬ ਵਿੱਚ ਵਿਸ਼ਵਾਸ ਨਹੀਂ ਸੀ ਕਰਦਾ, ਉਹ ਸੱਚ ਹੋਵੇਗਾ। ਪਰ ਜੇ ਕੋਈ ਇਹ ਆਖੇ ਕਿ ਭਗਤ ਸਿੰਘ ਬੁਜ਼ਦਿਲ ਤੇ ਬੇਈਮਾਨ ਸੀ ਜਿਸਦੇ ਆਖਰੀ ਵਕਤ ਮੌਤ ਨੂੰ ਸਾਹਮਣੇ ਦੇਖ ਕੇ ਪੈਰ ਲੜਖੜਾ ਲੱਗ ਗਏ ਸਨ। ਤੁਸੀਂ ਇਹ ਸਹਿਨ ਲਵੋਗੇਂ।

ਚਤਰ ਸਿੰਘ: ਨਹੀਂ, ਭਗਤ ਸਿੰਘ ਮੈਂ ਤਾਂ ਮੋਹ ਵਿੱਚ ਭਿੱਜ ਕੇ ਇਹ ਕਿਹਾ ਸੀ, ਪਰ ਤੂੰ ਕਦੇ ਵੀ ਬੇਈਮਾਨ ਜਾਂ ਬੁਜ਼ਦਿਲ ਨਹੀਂ ਹੋ ਸਕਦਾ। ਤੂੰ ਤਾਂ ਭਾਰਤੀਆਂ ਦਾ ਚਾਨਣ ਐ ਚਾਨਣ-----ਚੰਗਾ। (ਇੱਕ ਦੂਜੇ ਦੇ ਹੱਥ ਫੜ੍ਹਦੇ ਹਨ)

"ਹਵਾ ਮੇਂ ਰਹੇਗੀ ਮੇਰੇ ਖਿਆਲ ਕੀ ਬਿਜਲੀਆਂ
ਯਹ ਮੁਸ਼ਤੇ-ਏ-ਖਾਕ ਹੈ ਫਾਨੀ, ਰਹੇ ਨਾ ਰਹੇ।"

## ਸੀਨ ਪੰਜਵਾਂ

ਕੁਲਦੀਪ: ਰਿੰਪੀ, ਨੀਟੂ ਤੁਸੀਂ ਕਿੱਥੇ ਓਂ?

ਦੋਨੋ: ਆਏ ਮਾਮ.

ਕੁਲਦੀਪ : (ਉਹਨਾਂ ਨੂੰ ਦੇਖ ਕੇ) ਥੋਨੂੰ ਮੈਂ ਤਿਆਰ ਹੋਣ ਨੂੰ ਕਹਿ ਕੇ ਗਈ ਸੀ। ਆਹ ਬਾਪੂ ਜੀ ਵੀ ਉਵੇਂ ਤੁਰੇ ਫਿਰਦੇ ਐ। ਆਹ ਦੇਖ ਲਾ ਭੈਣ ਆਪਾਂ ਨੂੰ ਤਾਂ ਇਹਨਾਂ ਨੇ ਲੇਟ ਈ ਕਰਵਾ ਦੇਣੈ।

ਸੁਰਜੀਤ : ਲੇਟ ਨੂੰ ਕੀ ਐ ਭਾਬੀ, ਆਹ ਨਵੇਂ ਨਵੇਂ ਸੂਟ ਦਿਖਾਉਣ ਜਾਈਦੈ ਜਾਂ ਲੰਗਰ ਖਾਣ, ਉਹ ਤਾਂ ਨੀ ਮੁੱਕਣ ਲੱਗਿਆ।

ਨੀਟੂ: ਮੰਮੀ ਹੁਣ ਆਪਾਂ ਨੇ ਗੁਰਦਵਾਰੇ ਨੀ ਜਾਣਾ।

ਕੁਲਦੀਪ: ਕਿਉਂ ਕੀ ਗੱਲ ਹੋ ਗੀ।

ਸੁਰਜੀਤ: ਲੈ ਕੁੜੇ ਭਾਬੀ ਆਪਣਾ ਤਾਂ ਪਲੈਨ ਈ ਖਰਾਬ ਹੋ ਗਿਆ।

ਬਾਬਾ ਜੀ: ਧੀਏ ਤੁਸੀਂ ਸ਼ਹੀਦ ਭਗਤ ਸਿੰਘ ਦੇ ਭੋਗ ਤੇ ਜਾਣੈ, ਉਹ ਤਾਂ ਖੁਦ ਨਾਸਤਕ ਸੀ। ਉਹਦਾ ਭੋਗ ਕੌਣ ਪਾਉਣ ਲੱਗੇ ਨੇ।

ਕੁਲਦੀਪ: ਬਾਪੂ ਜੀ, ਖੁੱਲਿਆਂ ਤਾਂ ਸਾਰੇ ਗੁਰਦਵਾਰਿਆਂ 'ਚ ਹੋਇਆ, ਪਰ ਆਪਾਂ ਤਾਂ ਨੇੜੇ ਵਾਲੇ 'ਚ ਈ ਜਾ ਕੇ ਮੱਥਾ ਟੇਕ

ਆਉਣੈ।

ਸੁਰਜੀਤ: ਬਾਪੂ ਜੀ ਇਹ ਤਾਂ ਰੀਸ ਦੀ ਘੜੀਸ ਐ, ਹਰੇਕ ਈ ਭਗਤ ਸਿੰਘ ਦੇ ਨਾਂ ਨੂੰ ਵਰਤਣਾ ਚਾਹੁੰਦੈ। ਆਹ ਹੁਣੇ ਰਿਵਾਜ ਜਿਹਾ ਹੋ ਗਿਆ ਇਹਨਾਂ ਗੱਲਾਂ ਦਾ, ਹੁਣ ਤੱਕ ਤਾਂ ਸ਼ਰੋਮਣੀ ਕਮੇਟੀ ਵਾਲਿਆਂ ਨੇ ਉਹਨੂੰ ਸ਼ਹੀਦ ਵੀ ਨਹੀਂ ਸੀ ਮੰਨਿਆ।

ਬਾਬਾ ਜੀ: ਉਹ ਸ਼ਹੀਦ ਕਿਉਂ ਮੰਨਣਗੇ, ਜਿਹਨਾਂ ਨੇ ਡਾਇਰਾਂ ਦੇ ਗਲ਼ਾਂ ਵਿੱਚ ਸਿਰੋਪੇ ਪਾਉਣੇ ਹੋਏ ਤੇ ਜੀ ਹਜ਼ੂਰੀਆਂ ਕਰਨੀਆਂ ਹੋਈਆਂ।

ਸੁਰਜੀਤ: ਬਾਪੂ ਜੀ, ਉਹੀ ਡਾਇਰ ਜੀਹਨੇ ਜ਼ਲ੍ਹਿਆਂ ਵਾਲੇ ਬਾਗ਼ ਦਾ ਐਡਾ ਵੱਡਾ ਕਤਲੇਆਮ ਕਰਵਾਇਆ ਸੀ, ਜੀਹਦੇ ਵਿੱਚ ਨਿੱਕੇ ਨਿੱਕੇ ਮਾਸੂਮ ਬੱਚੇ, ਔਰਤਾਂ, ਬੁੱਢੇ ਤੇ ਨੌਜਵਾਨ ਆਏ ਤਾਂ ਵਿਸਾਖੀ ਮਨਾਉਣ ਸਨ ਪਰ ਅੰਨ੍ਹੇਵਾਹ ਗੋਲ਼ੀਆਂ ਦੀ ਬੁਛਾੜ ਨਾਲ ਲਾਸ਼ਾਂ ਬਣ ਗਏ, ਕਿੰਨੇ ਲੋਕਾਂ ਨੇ ਖ਼ੂਹ ਵਿੱਚ ਛਾਲਾਂ ਮਾਰ ਦਿੱਤੀਆਂ, ਉਹ ਦਰਦਨਾਕ ਭਿਆਨਕ ਸਮੇਂ ਬਾਰੇ ਅੱਜ ਵੀ ਸੁਣ ਕੇ ਵੀ ਲੂੰ-ਕੰਡੇ ਖੜ੍ਹੇ ਹੁੰਦੇ ਨੇ ਪਰ ਇਹ ਉਸ ਦੁਸ਼ਮਣ ਦੇ ਗਲ਼ ਵਿੱਚ ਸਿਰੋਪੇ ਪਾਉਂਦੇ ਨੇ।

ਬਾਬਾ ਜੀ: ਸੁਰਜੀਤ ਸਿੰਆਂ ਕੁਸ਼ ਨਾ ਪੁੱਛ, ਇਹਨਾਂ ਨੇ ਆਪਣੀ ਰਵਾਇਤ ਤੋੜੀ ਨੀ, ਐਥੇ ਨੀ ਭਾਰਤ ਦੀ ਜਨਤਾ ਤਾਂ ਤਰਾਹ ਤਰਾਹ ਕਰਦੀ ਐ ਬਈ ਮੋਦੀ ਕਿਵੇਂ ਹਿੰਦੂਵਾਦ ਫੈਲਾ ਰਿਹੈ ਤੇ ਕਿਵੇਂ ਇਹਨੇ ਮੁਸਲਮਾਨਾਂ ਦਾ ਕਤਲੇਆਮ ਕੀਤੈ। ਐਥੇ ਸਾਡੇ ਗੁਰਦਵਾਰਿਆਂ ਵਾਲੇ ਸੱਦ ਸੱਦ ਕੇ ਗਲ਼ਾਂ 'ਚ ਹਾਰ ਪਾਉਂਦੇ ਨੇ ਤੇ ਫੋਟੋਆਂ ਖਿਚਵਾਉਂਦੇ ਨੇ।

ਕੁਲਦੀਪ: ਬਾਪੂ ਜੀ ਆਪਾਂ ਗੁਰਦਵਾਰਿਆਂ ਤੋਂ ਕੀ ਲੈਣੇ, ਆਪਾਂ ਤਾਂ ਭਗਤ ਸਿੰਘ ਦੀ ਗੱਲ ਕਰਦੇ ਆਂ।

ਬਾਬਾ ਜੀ: ਮੈਂ ਵੀ ਤਾਂ ਭਗਤ ਸਿੰਘ ਦੀ ਗੱਲ ਈ ਕਰਦਾਂ ਕਿ ਹੁਣ ਇਹ ਅਰਦਾਸਾਂ ਕਰ ਕਰਕੇ ਉਹਨੂੰ ਵਹਿਗੁਰੂ ਦੇ ਚਰਨਾਂ ਵਿੱਚ ਕੀ ਨਿਵਾਸ ਦਿਵਾਉਣਗੇ ਤੇ ਜੀਵਨ ਸਫਲਾ ਕਰਾਉਣਗੇ ਉਹਦਾ, ਜੀਹਨੇ ਜਿਊਂਦੇ ਜੀਅ ਵਹਿਗੁਰੂ ਦਾ ਆਸਰਾ ਨੀ ਭਾਲਿਆ। ਜਿਹੜੇ ਇਨਸਾਨ ਨੇ 80 ਸਾਲ ਪਹਿਲਾਂ ਇਹਨਾਂ ਦਕੀਆਨੂਸੀ ਗੱਲਾਂ ਦਾ ਵਿਰੋਧ ਕੀਤੈ, ਇਹ ਉਸੇ ਦਾ ਹੀ ਖੰਡ-ਪਾਠ ਖੋਲ੍ਹ ਕੇ ਦਿਨ ਨੀ ਮਨਾ ਰਹੇ ਨੇ ਸਗੋਂ ਉਹਦੇ ਦਿੱਤੇ ਜੀਵਨ ਫਲਸਫੇ ਦਾ ਅੰਤ ਕਰਨਾ ਚਾਹੁੰਦੇ ਨੇ। ਅਸਲ

ਵਿੱਚ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੀਆਂ ਗੋਲਕਾਂ ਭਰਨੀਆਂ ਚਾਹੁੰਦੇ ਨੇ।

ਸੁਰਜੀਤ: ਬਾਪੂ ਜੀ ਤੁਸੀਂ ਕੱਲ੍ਹੇ ਗੁਰਦਵਾਰੇ ਵਾਲਿਆਂ ਨੂੰ ਕਹਿੰਨੇ ਓਂ, ਏਥੇ ਤਾਂ ਆਹ ਕੁਸ਼ ਲੋਕ ਗਦਰੀ ਬਾਬਿਆਂ ਦੇ ਨਾਂ ਤੇ ਮੇਲੇ ਕਰਾਉਂਦੇ ਤੇ ਸੱਦ ਲੈਂਦੇ ਨੇ ਲੱਚਰ ਗੀਤ ਗਾਉਣ ਵਾਲਿਆਂ ਨੂੰ, ਲੋਕ ਇਕੱਠੇ ਕਰਨ ਲਈ ਤੇ ਮਾੜੀ ਜਿਹੀ ਗੱਲ ਕਰਨਗੇ ਬਾਬਿਆਂ ਦੀ ਤੇ ਫਿਰ ਉਹੀ ਆ ਜਾਂਦੇ ਨੇ ਆਪਣੀ ਔਕਾਤ ਤੇ। ਉਹਨਾਂ ਦੀ ਕੋਈ ਗੱਲ ਨੀ ਕਰਦੇ ਕਿ ਉਹਨਾਂ ਨੇ ਹੱਕ, ਸੱਚ ਤੇ ਇਨਸਾਫ਼ ਤੇ ਮਨੁੱਖ ਦੀ ਅਜ਼ਾਦੀ ਦੀ ਲੜਾਈ ਦਾ ਸੰਘਰਸ਼ ਕਿਵੇਂ ਲੜਿਆ ਤੇ ਕਿਉਂ ਦਿੱਤੀਆਂ ਕੁਰਬਾਨੀਆਂ।

ਕੁਲਦੀਪ: ਤੁਸੀਂ ਤੇ ਬਾਪੂ ਜੀ ਤਾਂ ਗੱਲ ਨੂੰ ਕਿਧਰੇ ਦੀ ਕਿਧਰੇ ਈ ਲੈ ਜਾਂਦੇ ਓਂ।

ਰਿੰਪੀ: ਮੰਮੀ ਭਗਤ ਸਿੰਘ ਨੇ ਸਾਰਾ ਕੁੱਝ ਆਪ ਲਿਖਿਐ, ਬਾਪੂ ਜੀ ਨੇ ਸਾਨੂੰ ਦਿਖਾਇਐ। ਬਾਬਾ ਜੀ You are right.

ਨੀਟੂ: ਜੇ ਉਹਦਾ ਦਿਨ ਮਨਾਉਣਾ ਈ ਤਾਂ ਉਹਦੇ ਤਰੀਕੇ ਨਾਲ ਮਨਾਉਣਾ ਚਾਹੀਦੈ ਕਿ ਭਗਤ ਸਿੰਘ ਕਹਿੰਦਾ ਕੀ ਸੀ।

ਬਾਬਾ ਜੀ: ਆਹ ਦੇਖ ਲਓ, ਇਹ ਭੋਰਾ ਭਰ ਬੱਚਿਆਂ ਨੂੰ ਇੱਕ ਵਾਰੀ ਦੱਸਣ ਨਾਲ ਸਮਝ ਲੱਗ ਗਈ ਐ ਪਰ ਸਾਡੇ ਲੋਕਾਂ ਨੂੰ।

ਕੁਲਦੀਪ: ਬਾਪੂ ਜੀ ਮੈਂ ਤਾਂ ਸੋਚਦੀਆਂ ਕਿ ਜੁਆਕ ਭੋਰਾ ਸਿੱਖੀ ਨਾਲ ਜੁੜਨ। ਜੇ ਗੁਰਦਵਾਰੇ ਜਾਣਗੇ ਤਾਂ ਹੀ ਕੁੱਝ ਜਾਨਣਗੇ।

ਸੁਰਜੀਤ : ਕੁਲਦੀਪ ਕੌਰੇ ਮੱਥੇ ਟੇਕਣ ਨਾਲ ਨੀ ਇਹ ਜੁੜਨ ਲੱਗੇ। ਉਸਤੋਂ ਪਹਿਲਾਂ ਸਿੱਖ ਧਰਮ ਦੇ ਫਲਸਫੇ ਬਾਰੇ ਵੀ ਇਹਨਾਂ ਨੂੰ ਦੱਸਣਾ ਪਵੇਗਾ। ਨਾਲੇ ਅੱਜ ਕੱਲ ਦੇ ਜੁਆਕ ਹਰ ਕੰਮ ਆਪਣੇ ਨਜ਼ਰੀਏ ਤੋਂ ਪਰਖ ਕੇ ਕਰਦੇ ਨੇ।

ਨੀਟੂ: Yah, we are smarter than that. ਅਸੀਂ ਐਂਵੇ ਕਿਵੇਂ believe ਕਰ ਲਵਾਂਗੇ।

ਬਾਬਾ ਜੀ: ਜੇ ਇਹਨਾਂ ਨੂੰ ਕੁਸ਼ ਸਮਝਾਉਣਾ ਹੈ ਤਾਂ ਵਿਗਿਆਨਕ ਤਰੀਕੇ ਨਾਲ ਸਮਝਾਓ ਤੇ ਨਾਲੇ ਹਰ ਗੱਲ ਸੱਚ ਸੱਚ ਦੱਸੋ।

ਸੁਰਜੀਤ: ਬਾਪੂ ਜੀ ਪਹਿਲਾਂ ਤਾਂ ਕੁਲਦੀਪ ਦੀਆਂ ਕਲਾਸਾਂ ਲਵਾਉਣੀਆਂ ਪੈਣੀਆਂ ਨੇ।

| | |
|---|---|
| ਬਾਬਾ ਜੀ: | ਧੀਏ ਤੇਰੀ ਜੁੰਮੇਵਾਰੀ ਹੁਣ ਬਹੁਤ ਐ, ਆਪ ਵੀ ਪੜ੍ਹਿਆ ਕਰ ਤੇ ਬੱਚਿਆਂ ਨੂੰ ਵੀ ਦੱਸਿਆ ਕਰ। |
| ਰਿੰਪੀ : | ਹਾਂ ਬਾਬਾ ਜੀ ਅਸੀਂ ਸਾਰੇ ਸ਼ਹੀਦਾਂ ਦਾ ਇਤਿਹਾਸ ਪੜ੍ਹਾਂਗੇ ਤੇ ਉਹਨਾਂ ਦੀ ਸਿੱਚਾਈ ਅੱਗੇ ਲੈ ਕੇ ਆਵਾਂਗੇ। |
| ਨੀਟੂ: | ਹਾਂ ਬਾਬਾ ਜੀ ਉਹੀ ਬੋਲੋ------ਸਰਫਿਰੋਸ਼ੀ |

(ਬਾਬਾ ਜੀ ਸ਼ੁਰੂ ਕਰਦੇ ਹਨ ਤੇ ਸਾਰੇ ਹੱਥ ਖੜ੍ਹੇ ਕਰਕੇ ਬੋਲਦੇ ਹਨ।)

"ਸਰਫਿਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।
(ਸਾਰੇ ਬੋਲਦੇ ਹਨ।)
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।"

**(ਪਰਦਾ ਡਿੱਗਦਾ ਹੈ।)**

*"ਭਗਤ ਸਿੰਘ ਇੱਕ ਸੋਚ" ਨਾਟਕ ਪ੍ਰੋਗਰੈਸਿਵ ਆਰਟ ਕਲੱਬ ਵਲੋਂ 23 ਮਾਰਚ ਦੇ ਸ਼ਹੀਦਾਂ ਤੇ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਤ 3 ਅਪਰੈਲ, 2016 ਨੂੰ ਪ੍ਰੋਗਰੈਸਿਵ ਕਲਚਰਲ ਸੈਂਟਰ ਸਰ੍ਹੀ ਵਿਖੇ ਕਲੱਬ ਦੀ ਟੀਮ ਵਲੋਂ ਹੀ ਲੋਕਾਂ ਦੇ ਭਰਵੇਂ ਹੁੰਗਾਰੇ ਨਾਲ ਖੇਡਿਆ ਗਿਆ। ਇਸਦਾ ਮੰਚਨ ਹੇਠ ਲਿਖੇ ਕਲਾਕਾਰਾਂ ਦੁਆਰਾ ਕੀਤਾ ਗਿਆ।*

| | |
|---|---|
| ਬਾਬਾ ਜੀ | ਸੰਤੋਖ ਸਿੰਘ ਢੇਸੀ |
| ਰਿੰਪੀ | ਸੁਖਮਨੀ ਕੌਰ ਥਿੰਦ |
| ਨੀਟੂ | ਈਸ਼ਾ ਗਿੱਲ |
| ਕੁਲਦੀਪ | ਕੁਲਦੀਪ ਥਾਂਦੀ |
| ਸੁਰਜੀਤ | ਪਰਮਿੰਦਰ ਸਵੈਚ |
| ਭਗਤ ਸਿੰਘ | ਨਰਿੰਦਰ ਮੰਗੂਵਾਲ(ਹੈਪੀ) |
| ਬੋਘਾ | ਹਰਮਨ ਗਿੱਲ |
| ਚਤਰ ਸਿੰਘ | ਅਵਤਾਰ ਗਿੱਲ |

✪✪✪